ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 38 | 28 September to 4 October 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਅਫ਼ਗਾਨਿਸਤਾਨ ਤੋਂ ਨਵੀਂ ਦਿੱਲੀ ਪੁੱਜੇ 55 ਸਿੱਖ ਤੇ ਹਿੰਦੂ

## ਸ਼੍ਰੋਮਣੀ ਕਮੇਟੀ ਨੇ ਹਵਾਈ ਟਿਕਟਾਂ ਤੇ ਆਰਥਿਕ ਸਹਾਇਤਾ ਦਾ ਕੀਤਾ ਪ੍ਰਬੰਧ

## ਮੌਜੂਦਾ ਵੇਲੇ ਕਰਤਾ-ਏ-ਪਰਵਾਨ ਤੋਂ ਇਲਾਵਾ ਸਾਰੇ ਗੁਰਦੁਆਰਾ ਸਾਹਿਬ ਬੰਦ

ਅੰਮ੍ਰਿਤਸਰ/ਏ.ਟੀ.ਨਿਊਜ਼ :- ਅਫ਼ਗਾਨਿਸਤਾਨ 'ਚ ਲਗਾਤਾਰ ਵਿਗੜ ਰਹੇ ਹਾਲਾਤ ਦੇ ਮੱਦੇਨਜ਼ਰ ਘਰ-ਬਾਰ ਛੱਡ ਕੇ ਪਿਛਲੇ ਦਿਨੀਂ 55 ਸਿੱਖ ਤੇ ਹਿੰਦੂ ਏਅਰ ਇੰਡੀਆ ਦੇ ਵਿਸ਼ੇਸ਼ ਜਹਾਜ਼ ਰਾਹੀਂ ਇੰਦਰਾ ਗਾਂਧੀ ਅੰਤਰਰਾਸ਼ਟਰੀ ਏਅਰਪੋਰਟ ਦਿੱਲੀ ਵਿਖੇ ਪੁੱਜੇ, ਜਿਨ੍ਹਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਏਅਰਪੋਰਟ ਵਿਖੇ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਧਰਮ ਪ੍ਰਚਾਰਕ ਤੇ ਸ਼੍ਰੋਮਣੀ ਕਮੇਟੀ ਦੇ ਇੰਚਾਰਜ ਸੁਰਿੰਦਰਪਾਲ ਸਿੰਘ ਸਮਾਣਾ ਦਿੱਲੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਹੋਏ ਫ਼ੈਸਲੇ ਅਨੁਸਾਰ ਅਫ਼ਗਾਨਿਸਤਾਨ ਵਿਖੇ ਸਿੱਖ ਤੇ ਹਿੰਦੂ ਪਰਿਵਾਰਾਂ 'ਤੇ ਹੋ ਰਹੇ ਅੱਤਿਆਚਾਰ ਦੌਰਾਨ ਆਪਣੇ ਘਰ-ਬਾਰ ਛੱਡ ਕੇ ਪੱਕੇ ਤੌਰ 'ਤੇ ਭਾਰਤ ਆਉਣ ਵਾਲੇ ਅਫ਼ਗਾਨਿਸਤਾਨ ਦੇ ਸਿੱਖਾਂ ਤੇ ਹਿੰਦੂ ਪਰਿਵਾਰਾਂ ਦੇ ਮੈਂਬਰਾਂ ਨੂੰ ਆਰਥਿਕ ਸਹਾਇਤਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਅਫਗਾਨਿਸਤਾਨ ਤੋਂ ਭਾਰਤ ਆਉਣ ਦੀਆਂ ਹਵਾਈ ਟਿਕਟਾਂ ਦਾ ਸਾਰਾ ਖਰਚ ਸ਼੍ਰੋਮਣੀ ਕਮੇਟੀ ਦੇ ਰਹੀ ਹੈ।

ਉਨ੍ਹਾਂ ਦੱਸਿਆ ਕਿ ਏਅਰਪੋਰਟ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਅਫਗਾਨਿਸਤਾਨੀ ਸਿੱਖਾਂ ਨੂੰ ਗੁਰਦੁਆਰਾ ਸਾਹਿਬ ਗੁਰੂ ਅਰਜਨ ਦੇਵ ਜੀ ਮਹਾਂਵੀਰ ਨਗਰ ਦਿੱਲੀ ਵਿਖੇ ਪਹੁੰਚਾਇਆ ਗਿਆ ਹੈ, ਜਿੱਥੇ ਅਫ਼ਗਾਨਿਸਤਾਨ ਤੋਂ ਹਿਜ਼ਰਤ ਕਰਕੇ ਆ ਰਹੇ ਸਿੱਖ ਤੇ ਹਿੰਦੂ ਪਰਿਵਾਰਾਂ ਨੂੰ ਰੱਖਿਆ ਗਿਆ ਹੈ।

**ਅਫਗਾਨੀ ਸਿੱਖਾਂ ਦੀ ਦੁਖਾਂਤਕ ਵਿਥਿਆ**

ਅਫ਼ਗਾਨਿਸਤਾਨ ਤੋਂ ਭਾਰਤ ਪਹੁੰਚੇ ਅਫ਼ਗਾਨ ਸਿੱਖ ਬਲਜੀਤ ਸਿੰਘ ਨੇ ਦਿੱਲੀ ਏਅਰਪੋਰਟ ਪਹੁੰਚ ਕੇ ਕਿਹਾ ਕਿ ਅਫ਼ਗਾਨਿਸਤਾਨ ਤੋਂ ਪਰਤੇ ਸਿੱਖ, 'ਅਫ਼ਗਾਨਿਸਤਾਨ ਵਿੱਚ ਹਾਲਤ ਬਹੁਤ ਚੰਗੇ ਨਹੀਂ ਹਨ। ਮੈਨੂੰ ਚਾਰ ਮਹੀਨੇ ਲਈ ਕੈਦ ਵਿੱਚ ਰੱਖਿਆ ਗਿਆ। ਤਾਲਿਬਾਨ ਨੇ ਸਾਡੇ ਨਾਲ ਧੋਖਾ ਕੀਤਾ, ਉਨ੍ਹਾਂ ਨੇ ਜੇਲ੍ਹ ਵਿੱਚ ਸਾਡੇ ਵਾਲ ਕੱਟ ਦਿੱਤੇ। ਮੈਂ ਭਾਰਤ ਅਤੇ ਆਪਣੇ ਧਰਮ ਵਿੱਚ ਆ ਕੇ ਧੰਨਵਾਦੀ ਹਾਂ, ਖ਼ੁਸ਼ ਹਾਂ।'





ਇੱਕ ਅਫ਼ਗਾਨ ਸਿੱਖ ਸੁਖਬੀਰ ਸਿੰਘ ਖ਼ਾਲਸਾ ਨੇ ਗੱਲ ਕਰਦਿਆਂ ਕਿਹਾ, 'ਸਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਦੇ ਪਰਿਵਾਰ ਹਾਲੇ ਵੀ ਪਿੱਛੇ ਰਹਿ ਗਏ ਹਨ ਕਿਉਂਕਿ ਲਗਭਗ 30-35 ਲੋਕ ਅਫ਼ਗਾਨਿਸਤਾਨ ਵਿੱਚ ਫਸੇ ਹੋਏ ਹਨ।ਸੁਖਬੀਰ ਸਿੰਘ ਖ਼ਾਲਸਾ ਨੇ ਕਿਹਾ, 'ਭਾਰਤ ਸਰਕਾਰ ਉਹਨਾਂ ਲੋਕਾਂ ਨੂੰ ਵੀ ਵੀਜ਼ੇ ਦੇ ਚੁੱਕੀ ਹੈ ਅਤੇ ਏਥੇ ਆਉਣਾ ਜਾਂ ਨਾ ਆਉਣਾ ਉਹਨਾਂ ਦੀ ਆਪਣੀ ਮਰਜ਼ੀ ਹੈ। ਸਾਡੇ ਨਾਲ ਕੋਈ ਜ਼ਬਰਦਸਤੀ ਨਹੀਂ ਹੋਈ ਕਿ ਨਿਕਲੋ ਜਾਂ ਜਾਓ, ਅਸੀਂ ਤਾਂ ਆਪਣੀ ਮਰਜ਼ੀ ਨਾਲ ਆਏ ਹਾਂ।' ਸੁਰਪਾਲ ਸਿੰਘ ਨੇ ਕਿਹਾ, 'ਮੈਂ ਉਥੇ ਕਾਬੁਲ ਵਿੱਚ ਰਹਿੰਦਾ ਸੀ। ਪਹਿਲਾਂ ਕਾਫ਼ੀ ਦਿੱਕਤਾਂ ਸਨ ਪਰ ਹੁਣ ਮਾਹੌਲ ਠੀਕ ਚੱਲ ਰਿਹਾ ਹੈ। ਗੁਰਦੁਆਰੇ ਵੀ ਹੁਣ ਸੁਰੱਖਿਅਤ ਹਨ ਅਤੇ ਉਨ੍ਹਾਂ ਨੇ ਸਾਨੂੰ ਸੁਰੱਖਿਆ ਵੀ ਦਿੱਤੀ ਹੈ। ਉੱਥੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸ਼ੁਸ਼ੋਭਿਤ ਹਨ ਅਤੇ ਇਸ ਲਈ ਕਰੀਬ 20 ਸੇਵਾਦਾਰ ਉੱਥੇ ਰੁਕੇ ਹੋਏ ਹਨ।'

**ਗੁਰੂ ਗ੍ਰੰਥ ਸਾਹਿਬ ਦੇ ਸਰੂਪ ਭਾਰਤ ਲਿਆਉਣ ਤੋਂ ਵੀ ਰੋਕਿਆ ਸੀ**

ਇੰਡੀਅਨ ਵਰਲਡ ਫੋਰਮ ਦੇ ਸੰਚਾਲਕ ਪੁਨੀਤ ਸਿੰਘ ਚੰਡੋਕ ਨੇ ਦੱਸਿਆ ਕਿ 11 ਸਤੰਬਰ, 2022 ਨੂੰ 60 ਅਫ਼ਗਾਨ ਸਿੱਖਾਂ ਦੇ ਜੱਥੇ ਨੇ ਭਾਰਤ ਆਉਣਾ ਸੀ, ਪਰ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨਾਲ ਲਿਆਉਣ ਤੋਂ ਰੋਕਣ ਕਾਰਨ ਉਹ ਸਿੱਖ ਭਾਰਤ ਨਹੀਂ ਆ ਸਕੇ ਸੀ। ਵਿਦੇਸ਼ ਮੰਤਰਾਲੇ ਨੇ ਇਸ ਲਈ ਮੁਲਕ ਦੇ ਸੱਭਿਆਚਾਰਕ ਮੰਤਰਾਲੇ ਤੋਂ ਲਿਖਤੀ ਪ੍ਰਵਾਨਗੀ ਲੈਣ ਲਈ ਕਿਹਾ ਸੀ। ਇੰਦਰਜੀਤ ਸਿੰਘ ਨੇ 'ਅਫ਼ਗਾਨ ਸਿੱਖ ਐਂਡ ਹਿੰਦੂਜ਼ ਹਿਸਟਰੀ ਆਫ ਥਾਊਜ਼ੈਂਡ ਈਅਰਜ਼' ਨਾਂ ਦੀ ਕਿਤਾਬ ਲਿਖੀ ਹੈ।ਇੰਦਰਜੀਤ ਸਿੰਘ ਕਹਿੰਦੇ ਹਨ, 'ਬਾਬਰ ਤੋਂ ਨਾਦਰ ਸ਼ਾਹ ਦੇ ਭਾਰਤ ਆਉਣ ਤੱਕ ਕਾਬੁਲ, ਜਲਾਲਾਬਾਦ ਤੇ ਗਜ਼ਨੀ ਮੁਗਲ ਰਾਜ ਦਾ ਹੀ ਹਿੱਸਾ ਰਿਹਾ ਸੀ। (ਬਾਕੀ ਸਫ਼ਾ 30 'ਤੇ)

## ਅਫ਼ਗਾਨਿਸਤਾਨ ਦੇ ਇਤਿਹਾਸਕ ਗੁਰਦੁਆਰੇ

ਇੰਦਰਜੀਤ ਸਿੰਘ ਨੇ ਅਫ਼ਗਾਨਿਸਤਾਨ ਦੇ ਗੁਰਦੁਆਰਿਆਂ ਦਾ ਜ਼ਿਕਰ ਕਰਦਿਆਂ ਦੱਸਿਆ, 'ਅਫ਼ਗਾਨਿਸਤਾਨ ਦੇ ਜਲਾਲਾਬਾਦ ਵਿੱਚ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਹੈ। ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਉੱਥੇ ਆਏ ਸਨ।ਉਸ ਤੋਂ ਉੱਤੇ ਸੁਲਤਾਨਪੁਰ ਵਿੱਚ ਇੱਕ ਚਸ਼ਮਾ ਹੈ, ਜਿੱਥੇ ਇੱਕ ਚਾਰਦੀਵਾਰੀ ਕੀਤੀ ਹੋਈ ਸੀ। ਇੱਥੇ ਤਾਲਿਬਾਨ ਤੋਂ ਪਹਿਲਾਂ ਤੱਕ ਵਿਸਾਖੀ ਦਾ ਮੇਲਾ ਲੱਗਦਾ ਸੀ।ਇਸ ਤੋਂ ਬਾਅਦ ਇੱਕ ਹੋਰ ਗੁਰਦੁਆਰਾ ਕਾਬੁਲ ਵਿੱਚ ਹੈ, ਜਿਸ ਦਾ ਨਾਂ ਗੁਰੂ ਹਰਿ ਰਾਇ ਸਾਹਿਬ ਹੈ। ਇਸੇ ਗੁਰਦੁਆਰਾ ਸਾਹਿਬ ਉੱਤੇ 25 ਮਾਰਚ 2020 ਨੂੰ ਅੱਤਵਾਦੀ ਹਮਲਾ ਹੋਇਆ ਸੀ।' ਇੰਦਰਜੀਤ ਸਿੰਘ ਨੇ ਅੱਗੇ ਦੱਸਿਆ, 'ਸਿੱਖਾਂ ਦੇ ਸੱਤਵੇਂ ਗੁਰੂ, ਹਰਿ ਰਾਇ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਭਾਈ ਗੌਂਡਾ ਨੂੰ ਅਫ਼ਗਾਨਿਸਤਾਨ ਦੇ ਕਾਬੁਲ ਸ਼ਹਿਰ ਭੇਜਿਆ ਸੀ ਤੇ ਉਨ੍ਹਾਂ ਨੇ ਇੱਥੇ ਆ ਕੇ ਗੁਰੂ ਸਾਹਿਬ ਦੇ ਨਾਂ ਉੱਤੇ ਇੱਥੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਸੀ।'



ਇੱਥੇ ਇਹ ਦੱਸਣਯੋਗ ਹੈ ਕਿ ਮੌਜੂਦਾ ਵੇਲੇ ਕਰਤਾ-ਏ-ਪਰਵਾਨ ਤੋਂ ਇਲਾਵਾ ਸਾਰੇ ਗੁਰਦੁਆਰਾ ਸਾਹਿਬ ਬੰਦ ਹਨ।ਬਾਕੀ ਗੁਰਦੁਆਰਿਆਂ ਦਾ ਜ਼ਿਕਰ ਕਰਦੇ ਹੋਏ ਇੰਦਰਜੀਤ ਸਿੰਘ ਨੇ ਦੱਸਿਆ, 'ਇਸ ਤੋਂ ਇਲਾਵਾ ਵੀ ਕੁਝ ਹੋਰ ਗੁਰਦੁਆਰੇ ਕਾਬੁਲ ਵਿੱਚ ਹਨ, ਜਿਵੇਂ ਖਾਲਸਾ ਗੁਰਦੁਆਰਾ ਹੈ। ਉੱਥੇ ਭਾਈ ਗੁਰਦਾਸ ਜੀ ਆਏ ਸਨ।' (ਬਾਕੀ ਸਫ਼ਾ 30 'ਤੇ)

## ਅੰਦਰ ਪੜ੍ਹੋ




ਬਾਦਲ ਦਲ ਦੀਆਂ ਕਮਜੋਰੀਆਂ ਕਾਰਨ 'ਸ਼੍ਰੋਮਣੀ ਕਮੇਟੀ' ਕਮਜ਼ੋਰ ਪਈ




ਕੀ ਸੁਪਰੀਮ ਕੋਰਟ ਦਾ ਫ਼ੈਸਲਾ ਗੁਰਦੁਆਰਾ ਐਕਟ-1925 ਦੀ ਉਲੰਘਣਾ ਹੈ?

## ਆਕਾਸ਼ ਸਿੰਘ ਖ਼ਾਲਸਾ ਬਣਿਆ ਪਾਕਿ ਦਾ ਪਹਿਲਾ ਸਿੱਖ ਕਸਟਮ ਇੰਟੈਲੀਜੈਂਸ ਇੰਸਪੈਕਟਰ

ਅੰਮ੍ਰਿਤਸਰ/ਏ.ਟੀ.ਨਿਊਜ਼ :- ਪਾਕਿਸਤਾਨੀ ਫ਼ੌਜ, ਰੇਂਜਰਜ਼, ਟ੍ਰੈਫਿਕ ਪੁਲਿਸ, ਰੇਸਕਿਊ ਪੁਲਿਸ, ਨੇਵੀ ਆਦਿ ਸੁਰੱਖਿਆ ਖੇਤਰ ਨਾਲ ਜੁੜੇ ਖੇਤਰਾਂ ਵਿਚ ਪਹਿਲਾਂ ਹੀ ਪਾਕਿਸਤਾਨੀ ਸਿੱਖ ਸੇਵਾਵਾਂ ਦੇ ਰਹੇ ਹਨ, ਜਦਕਿ ਹੁਣ ਸੂਬਾ ਬਲੋਚਿਸਤਾਨ ਦੇ ਡੇਰਾ ਬੁਗਤੀ ਵਿਚ ਜਨਮੇ ਆਕਾਸ਼ ਸਿੰਘ ਖ਼ਾਲਸਾ ਪੁੱਤਰ ਗੋਬਿੰਦ ਸਿੰਘ ਦੀ ਨਿਯੁਕਤੀ ਕਸਟਮ ਇੰਟੈਲੀਜੈਂਸ ਇੰਸਪੈਕਟਰ (ਗ੍ਰੇਡ ਬੀ. ਐਸ. 16) ਵਜੋਂ ਕੀਤੀ ਗਈ ਹੈ । ਇਸ ਅਹੁਦੇ 'ਤੇ ਨਿਯੁਕਤ ਹੋਣ ਵਾਲੇ ਉਹ ਪਹਿਲੇ ਪਾਕਿਸਤਾਨੀ ਸਿੱਖ ਹਨ। ਆਕਾਸ਼ ਸਿੰਘ ਨੇ ਦੱਸਿਆ ਕਿ ਸਾਲ 2004 ਵਿਚ ਉਨ੍ਹਾਂ ਦਾ ਪਰਿਵਾਰ ਡੇਰਾ ਬੁਗਤੀ ਵਿਚ ਹਾਲਾਤ ਖ਼ਰਾਬ ਹੋਣ 'ਤੇ ਸੂਬਾ ਸਿੰਧ ਦੇ ਕਸ਼ਮੋਰ ਵਿਚ ਆਬਾਦ ਹੋ ਗਿਆ।ਉੱਥੇ ਸਕੂਲੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਗੌਰਮਿੰਟ ਕਾਲਜ ਲਾਹੌਰ ਤੋਂ ਗ੍ਰੈਜੂਏਸ਼ਨ ਤੇ ਫਿਰ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਆਕਾਸ਼ ਸਿੰਘ ਨੇ ਐੱਲ.ਐੱਲ.ਬੀ. ਕੀਤੀ। ਕਸਟਮ ਇੰਟੈਲੀਜੈਂਸ ਇੰਸਪੈਕਟਰ ਦੇ ਅਹੁਦੇ 'ਤੇ ਨਿਯੁਕਤ ਹੋਣ ਤੋਂ ਪਹਿਲਾਂ ਤੱਕ ਉਹ ਲਾਹੌਰ ਅਤੇ ਕਰਾਚੀ 'ਚ ਹਾਈ ਕੋਰਟ ਦੇ ਵਕੀਲ ਵਜੋਂ ਸੇਵਾਵਾਂ ਦੇ ਰਿਹਾ ਸੀ।



**ਪੰਜਾਬ ਦੇ ਪਾਣੀ ਉਪਰ ਹਿਮਾਚਲ ਦਾ ਡਾਕਾ**

## ਹਿਮਾਚਲ ਨੇ 44 ਸਾਲ ਤੱਕ ਬੀਬੀਐਮਬੀ ਤੋਂ ਲਿਆ ਮੁਫ਼ਤ ਪਾਣੀ

- ਬੋਰਡ 'ਤੇ ਕੇਂਦਰ ਦੇ ਸੰਪੂਰਨ ਕੰਟਰੋਲ ਮਗਰੋਂ ਹੋਰ ਪਾਣੀ ਲੈਣ ਦਾ ਰਾਹ ਪੱਧਰਾ ਹੋਇਆ
- ਕਾਂਗਰਸ, ਬਰਨਾਲਾ, ਬਾਦਲ ਸਰਕਾਰਾਂ ਨੇ ਕਦੇ ਵਿਰੋਧ ਨਹੀਂ ਕੀਤਾ

ਚੰਡੀਗੜ੍ਹ/ਏ.ਟੀ.ਨਿਊਜ਼ :- ਹਿਮਾਚਲ ਪ੍ਰਦੇਸ਼ ਵੱਲੋਂ ਕਰੀਬ ਸਾਢੇ ਚਾਰ ਦਹਾਕਿਆਂ ਤੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਦਾ ਪਾਣੀ ਮੁਫ਼ਤ ਵਿਚ ਲਿਆ ਜਾ ਰਿਹਾ ਹੈ ਜਿਸ ਦਾ ਕਦੇ ਪੰਜਾਬ ਸਰਕਾਰ ਨੇ ਵਿਰੋਧ ਨਹੀਂ ਕੀਤਾ। ਹੁਣ ਹੋਏ ਇਕ ਅਹਿਮ ਖ਼ੁਲਾਸੇ ਵਿਚ ਸਾਹਮਣੇ ਆਇਆ ਹੈ ਕਿ ਹਿਮਾਚਲ ਪ੍ਰਦੇਸ਼ 1978 ਤੋਂ ਲੈ ਕੇ ਹੁਣ ਤੱਕ ਬੀਬੀਐਮਬੀ ਵਿਚੋਂ ਬਿਨਾਂ ਹਿੱਸੇਦਾਰੀ ਤੋਂ ਹੀ 358 ਕਿਊਸਿਕ ਪਾਣੀ ਮੁਫ਼ਤ ਵਿਚ ਲੈਣ 'ਚ ਸਫ਼ਲ ਹੋ ਗਿਆ ਹੈ। ਜਿਸ ਦਿਨ ਤੋਂ ਬੀਬੀਐਮਬੀ ਪੂਰਨ ਰੂਪ ਵਿਚ ਕੇਂਦਰੀ ਕੰਟਰੋਲ ਅਧੀਨ ਆ ਜਾਵੇਗਾ ਉਦੋਂ ਤੋਂ ਹਿਮਾਚਲ ਪ੍ਰਦੇਸ਼ ਲਈ ਹੋਰ ਪਾਣੀ ਲੈਣ ਲਈ ਰਾਹ ਪੱਧਰਾ ਹੋ ਜਾਵੇਗਾ। ਚੇਤੇ ਰਹੇ ਕਿ ਬੀਬੀਐੱਮਬੀ ਵਿਚ ਹੁਣ ਪੰਜਾਬ ਦੀ ਸਥਾਈ ਨੁਮਾਇੰਦਗੀ ਖ਼ਤਮ ਹੋ ਗਈ ਹੈ ਕਿਉਂਕਿ ਮੈਂਬਰ (ਪਾਵਰ) ਨੇ ਮਿਆਦ ਸਮਾਪਤੀ ਮਗਰੋਂ ਬੀਬੀਐੱਮਬੀ ਵਿਚੋਂ ਚਾਰਜ ਛੱਡ ਦਿੱਤਾ ਹੈ।

ਵੇਰਵਿਆਂ ਅਨੁਸਾਰ ਭਾਖੜਾ ਨੰਗਲ ਐਗਰੀਮੈਂਟ 1959 ਅਤੇ ਅੰਤਰਰਾਜੀ ਐਗਰੀਮੈਂਟ ਮਿਤੀ 31 ਦਸੰਬਰ 1981 ਤਹਿਤ ਬੀਬੀਐੱਮਬੀ ਦੇ ਪਾਣੀਆਂ 'ਚ ਪੰਜਾਬ, ਹਰਿਆਣਾ ਤੇ ਰਾਜਸਥਾਨ ਸੂਬੇ ਦੀ ਹਿੱਸੇਦਾਰੀ ਹੈ ਜਦੋਂ ਕਿ ਹਿਮਾਚਲ ਪ੍ਰਦੇਸ਼ ਨੂੰ ਬੀਬੀਐੱਮਬੀ ਵਿਚੋਂ ਕੋਈ ਐਲੋਕੇਸ਼ਨ ਨਹੀਂ ਹੈ। ਹੈਰਾਨੀ ਵਾਲੇ ਤੱਥ ਇਹ ਹਨ ਕਿ ਹਿਮਾਚਲ ਪ੍ਰਦੇਸ਼ 23 ਫਰਵਰੀ 1978 ਤੋਂ ਲੈ ਕੇ ਹੁਣ ਤੱਕ 359 ਕਿਊਸਿਕ ਪਾਣੀ ਮੁਫ਼ਤ ਵਿਚ ਲੈ ਚੁੱਕਾ ਹੈ। ਬੀਬੀਐੱਮਬੀ ਦੀ ਪ੍ਰਬੰਧਕੀ ਇਕਾਈ ਨੇ ਇਨ੍ਹਾਂ ਸਾਲਾਂ ਵਿਚ 15 ਵਾਰ ਏਜੰਡਾ ਪਾਸ ਕਰਕੇ ਹਿਮਾਚਲ ਪ੍ਰਦੇਸ਼ ਨੂੰ ਚੰਗੀ ਭਾਵਨਾ (ਗੁੱਡ ਜੈਸਚਰ) ਵਜੋਂ ਮੁਫ਼ਤ 'ਚ ਪਾਣੀ ਦੇਣ ਦਾ ਫ਼ੈਸਲਾ ਕੀਤਾ। ਜਦੋਂ ਵੀ (ਬਾਕੀ ਸਫ਼ਾ 30 'ਤੇ)

# ਪੰਜਾਬ ਦੇ ਮੌਜੂਦਾ ਹਲਾਤਾਂ ਨੇ ਸੰਘਰਸ਼ੀ ਯੋਧਿਆਂ ਨੂੰ ਮੁੜ ਮੈਦਾਨ ਸੰਭਾਲਣ ਲਈ ਕੀਤਾ ਮਜਬੂਰ

## ਪੰਥਕ ਸ਼ਖ਼ਸੀਅਤਾਂ ਦੀ ਮੀਟਿੰਗ ਵਿੱਚ ਸਿੱਖਾਂ ਅਤੇ ਪੰਜਾਬ ਦੇ ਵਰਤਮਾਨ ਹਲਾਤਾਂ 'ਤੇ ਗੰਭੀਰ ਵਿਚਾਰਾਂ ਹੋਈਆਂ

ਚੰਡੀਗੜ੍ਹ: ਸੰਘਰਸ਼ੀ ਯੋਧਿਆਂ ਨੂੰ ਇਕੱਠੇ ਵੇਖ ਕੇ ਅਤੇ ਸੁਣ ਕੇ ਇਵੇਂ ਲੱਗਿਆ ਕਿ ਜਿਵੇਂ ਸੰਕਟ ਦੀ ਘੜੀ ਵਿਚ ਪੰਥ ਦੇ ਹਾਲਾਤ, ਉਸ ਵਿਚ ਲਗਾਤਾਰ ਪਾਏ ਜਾ ਰਹੇ ਖਿਲਾਰੇ ਅਤੇ ਗੰਭੀਰ ਅਤੇ ਪੰਥਕ ਰਵਾਇਤਾਂ ਨੂੰ ਪ੍ਰਣਾਏ ਨਿਸ਼ਕਾਮ ਸੇਵਕਾਂ ਦੀ ਘਾਟ ਨੇ ਸਾਡੇ ਸੰਘਰਸ਼ੀ ਬਜ਼ੁਰਗਾਂ ਨੂੰ ਮੁੜ ਮੈਦਾਨ ਸੰਭਾਲਣ ਲਈ ਮਜਬੂਰ ਕਰ ਕੀਤਾ ਹੈ ।

ਜਦੋਂ ਪਰਿਵਾਰ ਵਿਚ ਨਲਾਇਕੀ ਹੱਦੋਂ ਵਧ ਜਾਵੇ ਤਾਂ ਨਿਸ਼ਕਾਮ ਬਜ਼ੁਰਗਾਂ ਨੂੰ ਪਰਿਵਾਰ ਨੂੰ ਇਕੱਠਾ ਰੱਖਣ ਲਈ ਅਤੇ ਕਰੜੀ ਹਦਾਇਤ ਦੇਣ ਵਾਸਤੇ ਉੱਠਣਾ ਹੀ ਪੈਂਦਾ ਹੈ। ਸਿਜਦਾ ਇਹਨਾਂ ਯੋਧਿਆਂ ਨੂੰ ਜਿਨ੍ਹਾਂ ਆਪਣੀ ਜ਼ਿੰਦਗੀ ਸੰਘਰਸ਼ਾਂ 'ਚ ਲਗਾਈ , ਜੇਲ੍ਹਾਂ ਚ ਉਮਰਾਂ ਲੰਘਾ ਦਿੱਤੀਆਂ ਅਤੇ ਅੱਜ ਮੁੜ ਪੰਥ ਦੀ ਸੇਵਾ ਚ ਆਪਣਾ ਬਣਦਾ ਯੋਗਦਾਨ ਪਾਉਣ ਲਈ ਗੁਰੂ ਨੇ ਮੁੜ ਇਨ੍ਹਾਂ ਦੀ ਸੇਵਾ ਲਗਾਈ ਹੈ । ਸਿੱਖ ਕੌਮ ਦੀਆਂ ਇਹ ਉਹ ਮਹਾਨ ਪੰਥਕ ਸ਼ਖ਼ਸੀਅਤਾਂ ਹਨ ਜਿਨ੍ਹਾਂ ਨੇ ਅੱਜ ਤਕ ਕੋਈ ਅਹੁਦਾ ਨਾ ਲਿਆ,ਕਦੀ ਕਿਸੇ ਚੀਜ਼ ਦੀ ਮੰਗ ਨਹੀਂ ਕੀਤੀ ਅਤੇ ਨਾ ਹੀ ਕਦੀ ਇਹ ਜਤਾਇਆ ਕਿ ਗੁਰੂ ਨੇ ਉਨ੍ਹਾਂ ਤੋਂ ਕਿੰਨਿਆਂ ਵੱਡੀਆਂ ਸੇਵਾਵਾਂ ਲਈਆਂ ਹਨ।

ਬੀਤੇ ਦਿਨੀਂ 27 ਸਤੰਬਰ 2022 ਨੂੰ ਪੰਥਕ ਸ਼ਖ਼ਸੀਅਤਾਂ ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ ਚੌੜਾ, ਭਾਈ ਸਤਿਨਾਮ ਸਿੰਘ ਖੰਡੇਵਾਲਾ, ਭਾਈ ਸਤਿਨਾਮ ਸਿੰਘ



ਝੰਜੀਆਂ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਮਨਜੀਤ ਸਿੰਘ ਫਗਵਾੜਾ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਅਮਰੀਕ ਸਿੰਘ ਈਸੜੂ ਅਤੇ ਭਾਈ ਸੁਖਦੇਵ ਸਿੰਘ ਡੋਡ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਸਿੱਖਾਂ ਅਤੇ ਪੰਜਾਬ ਦੇ ਵਰਤਮਾਨ ਹਲਾਤਾਂ 'ਤੇ ਗੰਭੀਰ ਵਿਚਾਰਾਂ ਹੋਈਆਂ। ਜਿਨ੍ਹਾਂ ਵਿਚ:

**ਮੌਜੂਦਾ ਹਾਲਾਤ ਬਾਰੇ:** ਇਸ ਵੇਲੇ ਕੌਮਾਂਤਰੀ ਅਤੇ ਖੇਤਰੀ ਰਾਜਨੀਤੀ ਸਮੇਤ ਪੂਰੇ ਦੱਖਣੀ ਏਸ਼ੀਆ ਖਿੱਤੇ ਦੇ ਰਾਜਨੀਤਕ ਹਲਾਤ ਅਸਥਿਰਤਾ ਵਾਲੇ ਹਨ। ਹਿੰਦੁਸਤਾਨੀ ਬਿਪਰ ਸਲਤਨਤ ਵਿੱਚ ਸਰਕਾਰੀ ਪੱਧਰ 'ਤੇ ਅਸਹਿਨਸ਼ੀਲਤਾ ਵਧ ਰਹੀ ਹੈ ਅਤੇ ਵਿਚਾਰ ਪ੍ਰਗਟਾਵੇ, ਸਿਆਸੀ ਹੋਂਦ, ਅੱਡਰੀ ਕੌਮੀ ਪਛਾਣ ਅਤੇ ਧਾਰਮਿਕ ਵਿਸ਼ਵਾਸ ਦੇ ਵਖਰੇਵਿਆਂ ਨੂੰ ਸਤਾ ਦੀ ਤਾਕਤ ਨਾਲ ਮਿਥ ਕੇ ਦਰੜਿਆ ਜਾ ਰਿਹਾ ਹੈ।

**ਸਿੱਖ ਜਗਤ ਦੀ ਸਥਿਤੀ:** ਦਿੱਲੀ ਦਰਬਾਰ ਦੀਆਂ ਬਿੱਪਰ ਨੀਤੀਆਂ ਕਾਰਨ ਸਿੱਖਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਹੋਰ ਵੀ ਜਿਆਦਾ ਕੱਸੀਆਂ ਜਾ ਰਹੀਆਂ ਹਨ।

ਖ਼ਾਲਸਾ ਪੰਥ ਦੇ ਤਖਤਾਂ ਦੀ ਸਰਵਉਚਤਾ, ਮਾਣ ਪ੍ਰਤਿਸ਼ਠਾ, ਸਿਧਾਂਤਾਂ ਅਤੇ ਰਵਾਇਤਾਂ ਨੂੰ ਠੇਸ ਲਾਈ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਦੂਜੀਆਂ ਗੁਰਦੁਆਰਾ ਪ੍ਰਬੰਧਕ ਸੰਸਥਾਵਾਂ ਅਤੇ ਵੋਟ ਸਿਆਸਤ ਵਿੱਚ ਸਰਗਰਮ ਸਿਖ ਸਿਆਸੀ ਪਾਰਟੀਆਂ ਦੀ ਭਰੋਸੇ ਯੋਗਤਾ ਅਤੇ ਜਥੇਬੰਦਕ ਸਮਰੱਥਾ ਢਹਿੰਦੀ ਕਲਾ ਵਿੱਚ ਹੈ।ਮੌਜੂਦਾ ਸਮੇਂ ਵਿੱਚ ਵੱਖ-ਵੱਖ ਸਿਖ ਜਥਿਆਂ, ਦਲਾਂ, ਪਾਰਟੀਆਂ, ਸੰਸਥਾਵਾਂ ਅਤੇ ਸੰਪਰਦਾਵਾਂ ਵਿੱਚ ਏਕਤਾ ਦੀ ਥਾਂ ਬੇਵਿਸ਼ਵਾਸੀ ਪੈਦਾ ਹੋ ਗਈ ਹੈ ਅਤੇ ਆਪਸੀ ਖਿੱਚੋਤਾਣ ਵਧ ਰਹੀ ਹੈ। ਇਸ ਬੇਇਤਫ਼ਾਕੀ ਦਾ ਦਿੱਲੀ ਦਰਬਾਰ ਅਤੇ ਪੰਥ ਤੇ ਪੰਜਾਬ ਵਿਰੋਧੀ ਤਾਕਤਾਂ ਲਾਹਾ ਲੈ ਰਹੀਆਂ ਹਨ।

ਪਰ ਤੇਜੀ ਨਾਲ ਬਦਲ ਰਹੇ ਹਾਲਾਤ ਸੰਭਾਵਨਾਵਾਂ ਭਰਪੂਰ ਵੀ ਹਨ। ਅਜਿਹੇ ਹਾਲਾਤ ਵਿਚ ਗੁਰੂ ਖਾਲਸਾ ਪੰਥ ਦੀ ਸ਼ਕਤੀ ਨੂੰ ਗੁਰਮਤਿ ਅਤੇ ਖ਼ਾਲਸਾਈ ਜੁਗਤ ਅਨੁਸਾਰ ਇਕ ਲੜੀ ਵਿਚ ਪਿਰੋਣ ਦੇ ਸੁਹਿਰਦ ਅਤੇ ਨਿਸ਼ਕਾਮ ਯਤਨਾਂ ਦੀ ਲੋੜ ਹੈ।

**ਏਕਤਾ ਸੰਬੰਧੀ:** ਕਿਸੇ ਵੀ ਜਨਤਕ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਏਕਤਾ, ਇਤਫ਼ਾਕ ਤੇ ਵਿਸ਼ਵਾਸ ਅਹਿਮ ਸ਼ਰਤ ਹੁੰਦੀ ਹੈ। ਗੁਰੂ ਪੰਥ ਦੇ ਹਰ ਖੇਤਰ ਵਿੱਚ ਸਰਗਰਮ ਸਿੱਖ ਜਥਿਆਂ, ਦਲਾਂ, ਪਾਰਟੀਆਂ, ਸੰਸਥਾਵਾਂ ਅਤੇ ਸੰਪਰਦਾਵਾਂ ਵਿੱਚ ਏਕਤਾ ਕਰਾਉਣ ਤੇ ਇਕਸੁਰਤਾ ਲਿਆਉਣ ਲਈ ਉਹਨਾਂ ਦੇ ਵਰਤਮਾਨ ਢਾਂਚੇ ਭੰਗ ਕਰਕੇ ਇੱਕ ਦਲ ਜਾਂ ਪਾਰਟੀ ਬਣਾਉਣ ਦੀ ਪ੍ਰਚਲਤ ਪਹੁੰਚ ਦੀ ਥਾਂ ਇੱਕ ਸਰਵ ਸਾਂਝਾ ਪੰਥਕ ਮੰਚ ਉਸਾਰਨ ਦੀ ਲੋੜ ਹੈ, ਜੋ ਸਾਰੀਆਂ ਪੰਥਕ ਧਿਰਾਂ ਵਿੱਚ ਇੱਕ ਪੁਲ ਵਾਲੀ ਭੂਮਿਕਾ ਨਿਭਾਅ ਸਕੇ।

ਉਪਰੋਕਤ ਸਿੰਘਾਂ ਦਾ ਜਥਾ ਖ਼ਾਲਸਾ ਪੰਥ ਦੇ ਵੱਖ-ਵੱਖ ਸਿੱਖ ਜਥਿਆਂ, ਦਲਾਂ, ਪਾਰਟੀਆਂ, ਸੰਸਥਾਵਾਂ ਅਤੇ ਸੰਪਰਦਾਵਾਂ ਦੇ ਮੁਖੀਆਂ ਅਤੇ ਹੋਰ ਅਹਿਮ ਪੰਥ ਦਰਦੀ ਸ਼ਖਸੀਅਤਾਂ ਨਾਲ ਸੰਵਾਦ ਰਚਾਏਗਾ ਤਾਂ ਜੋ ਗੁਰੂ ਪੰਥ ਦੀ ਸਾਂਝੀ ਰਾਏ ਪ੍ਰਗਟ ਕਰਨ ਅਤੇ ਸਭਨਾਂ ਵਿੱਚ ਇੱਕ ਸੁਰਤਾ ਲਿਆਉਣ ਲਈ ਸਾਂਝਾ ਮੰਚ ਉਸਾਰਿਆ ਜਾ ਸਕੇ।

*ਇਸ ਲੋਕ ਸੰਵਾਦ ਦੇ ਪਹਿਲੇ ਪੜਾਅ ਦੇ ਤੌਰ 'ਤੇ ਬੰਦੀ ਛੋੜ ਦਿਵਸ ਮੌਕੇ ਆਪਸੀ ਵਿਚਾਰ-ਵਟਾਂਦਰੇ ਦੀ ਪੰਥ ਰਵਾਇਤ ਨੂੰ ਪੁਨਰ ਸੁਰਜੀਤ ਕਰਦਿਆਂ ਹੋਇਆਂ 21 ਅਕਤੂਬਰ 2022 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹਿਲੀ ਵਿਚਾਰ ਗੋਸਟੀ ਕੀਤੀ ਜਾਵੇਗੀ।*






# ਅਮਰੀਕਾ ਦੇ ਪਾਕਿਸਤਾਨ ਨਾਲ ਸਬੰਧਾਂ ਨੇ ਅਮਰੀਕੀ ਹਿੱਤਾਂ ਦੀ ਪੂਰਤੀ ਨਹੀਂ ਕੀਤੀ: ਜੈ ਸ਼ੰਕਰ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਭਾਰਤ ਦੇ ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਨੇ ਵਾਸ਼ਿੰਗਟਨ, ਡੀ ਸੀ ਵਿਚ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਅਮਰੀਕਾ ਦੀ ਪਾਕਿਸਤਾਨ ਪ੍ਰਤੀ ਨੀਤੀ ਦਾ ਵਿਰੋਧ ਕਰਦਿਆਂ ਬਾਈਡਨ ਪ੍ਰਸ਼ਾਸਨ ਨੂੰ ਖਰੀਆਂ ਖਰੀਆਂ ਸੁਣਾਈਆਂ ਹਨ। ਭਾਰਤੀ ਅਮਰੀਕੀ ਭਾਈਚਾਰੇ ਵੱਲੋਂ ਅਯੋਜਿਤ ਇਕ ਸਮਾਗਮ ਵਿਚ ਬੋਲਦਿਆਂ ਜੈ ਸ਼ੰਕਰ ਨੇ ਕਿਹਾ ਕਿ ਅਮਰੀਕਾ ਤੇ ਪਾਕਿਸਤਾਨ ਵਿਚਾਲੇ ਸਬੰਧਾਂ ਨੇ ਪਾਕਿਸਤਾਨ ਦੇ ਹਿੱਤ ਪੂਰੇ ਹਨ ਪ੍ਰੰਤੂ ਅਮਰੀਕੀ ਹਿੱਤਾਂ ਨੂੰ ਕਦੀ ਵੀ ਬੂਰ ਨਹੀਂ ਪਿਆ। ਭਾਰਤੀ ਵਿਦੇਸ਼ ਮੰਤਰੀ ਨੇ ਇਹ ਪ੍ਰਤੀਕ੍ਰਿਆ ਉਸ ਵੇਲੇ ਪ੍ਰਗਟਾਈ ਜਦੋਂ ਸਰੋਤਿਆਂ ਵਿਚ ਬੈਠੇ ਇਕ ਦਰਸ਼ਕ ਨੇ ਸਵਾਲ ਕੀਤਾ ਕਿ ਉਹ ਅਮਰੀਕਾ ਦੁਆਰਾ ਪਾਕਿਸਤਾਨ ਨੂੰ ਐਫ-16 ਜੰਗੀ ਜਹਾਜ਼ ਦੇਣ ਬਾਰੇ ਕੀ ਸੋਚਦੇ ਹਨ? ਇਥੇ ਜਿਕਰਯੋਗ ਹੈ ਕਿ ਕੁਝ ਹਫਤੇ ਪਹਿਲਾਂ ਹੀ ਅਮਰੀਕੀ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨੀ ਹਵਾਈ ਸੈਨਾ ਨੂੰ ਐਫ-16 ਜੰਗੀ ਜਹਾਜ਼ ਤੇ ਹੋਰ ਫੌਜੀ ਸਾਜ-ਸਮਾਨ ਦੇਣ ਨੂੰ ਪ੍ਰਵਾਨਗੀ ਦਿੱਤੀ ਹੈ। ਕੁਲ 45 ਕਰੋੜ ਡਾਲਰ ਦੀ ਲਾਗਤ ਵਾਲਾ ਫੌਜੀ ਸਾਜ ਸਮਾਨ ਪਾਕਿਸਤਾਨ ਨੂੰ ਦਿੱਤਾ ਜਾਣਾ ਹੈ। ਭਾਰਤ ਦੇ ਰਖਿਆ ਮੰਤਰੀ ਰਾਜਨਾਥ ਸਿੰਘ ਨੇ ਅਮਰੀਕੀ ਸਰਕਾਰ ਦੇ ਇਸ ਫੈਸਲੇ ਉਪਰੰਤ ਤੁਰੰਤ ਅਮਰੀਕੀ ਰਖਿਆ ਮੰਤਰੀ ਲਾਇਡ ਆਸਟਨ ਕੋਲ ਐਫ-16 ਜੰਗੀ ਜਹਾਜ਼ ਪਾਕਿਸਤਾਨ ਨੂੰ ਦੇਣ 'ਤੇ ਭਾਰਤੀ ਚਿੰਤਾ ਤੋਂ ਜਾਣੂ ਕਰਵਾਇਆ ਸੀ। ਜੈ ਸ਼ੰਕਰ ਨੇ ਕਿਹਾ ਕਿ ਅਮਰੀਕਾ ਲਈ ਇਹ ਸੋਚਣ ਦਾ ਸਮਾਂ ਹੈ ਕਿ ਉਸ ਨੇ ਪਕਿਸਤਾਨ ਦੀ ਸਹਾਇਤਾ ਕਰਕੇ ਕੀ ਖੱਟਿਆ ਹੈ। ਉਹ ਗੁਣਾਂ ਤੇ ਦੋਸ਼ਾਂ ਦੇ ਆਧਾਰ 'ਤੇ ਫੈਸਲਾ ਲਵੇ। ਵਿਦੇਸ਼ ਮੰਤਰੀ ਨੇ ਕਿਹਾ ਕਿ ਕੋਈ ਕਹਿ ਸਕਦਾ ਹੈ ਕਿ ਇਹ ਸਹਾਇਤਾ ਅੱਤਵਾਦ ਨਾਲ ਨਜਿੱਠਣ ਲਈ ਦਿੱਤੀ ਜਾ ਰਹੀ ਹੈ ਪ੍ਰੰਤੂ ਜਦੋਂ ਪਾਕਿਸਤਾਨ ਨੂੰ ਐਫ-16 ਵਰਗੇ ਜੰਗੀ ਜਹਾਜ਼ ਦੇਣ ਦੀ ਗੱਲ ਕਰਦੇ ਹੋ ਤਾਂ ਤੁਸੀਂ ਤੇ ਹਰ ਕੋਈ ਜਾਣਦਾ ਹੈ ਕਿ ਇਹ ਜਹਾਜ਼ ਕਿਥੇ ਤਾਇਨਾਤ ਕੀਤੇ ਜਾਣੇ ਹਨ ਤੇ ਕਿਸ ਵਿਰੁੱਧ ਵਰਤੇ ਜਾਣੇ ਹਨ। ਜੈ ਸ਼ੰਕਰ ਨੇ ਕਿਹਾ ਕਿ ਤੁਸੀਂ ਅਜਿਹੀਆਂ ਗੱਲਾਂ ਕਰਕੇ ਕਿਸੇ ਨੂੰ ਮੂਰਖ ਨਹੀਂ ਬਣਾ ਸਕਦੇ। ਵਿਦੇਸ਼ ਮੰਤਰੀ ਨੇ ਕਿਹਾ ਕਿ ਜੇਕਰ ਉਨਾਂ ਨੂੰ ਕਿਸੇ ਅਮਰੀਕੀ ਨੀਤੀ ਘਾੜੇ ਨਾਲ ਗੱਲ ਕਰਨ ਦਾ ਮੌਕਾ ਮਿਲਿਆ ਤਾਂ ਉਹ ਇਹ ਮੁੱਦਾ ਜਰੂਰ ਉਠਾਉਣਗੇ ਤੇ ਉਸ ਨੂੰ ਪੁੱਛਣਗੇ ਕਿ ਇਹ ਤੁਸੀਂ ਕੀ ਕਰ ਰਹੇ ਹੋ। ਸਮਾਗਮ ਵਿਚ ਅਮਰੀਕੀ ਪ੍ਰਸ਼ਾਸਨ ਦੇ ਅਧਿਕਾਰੀਆਂ ਸਮੇਤ ਭਾਰਤੀ ਭਾਈਚਾਰੇ ਨਾਲ ਸਬੰਧਿਤ ਪ੍ਰਮੁੱਖ ਹਸਤੀਆਂ ਨੇ ਵੀ ਸ਼ਿਰਕਤ ਕੀਤੀ।



# ਭਾਰਤੀ ਵਿਦੇਸ਼ ਮੰਤਰਾਲੇ ਨੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਲਈ ਐਡਵਾਇਜ਼ਰੀ ਕੀਤੀ ਜਾਰੀ

## ਮੋਦੀ ਸਰਕਾਰ ਭਾਰਤ ਵਿਰੋਧੀ ਗਤੀਵਿਧੀਆਂ ਤੋਂ ਚਿੰਤਤ

ਓਟਾਵਾ/ਏ.ਟੀ.ਨਿਊਜ਼ :- ਭਾਰਤ ਨੇ ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਅਤੇ ਉਥੇ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਨੂੰ ਉਥੇ ਵਧ ਰਹੇ ਅਪਰਾਧਾਂ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਦੇ ਮੱਦੇਨਜ਼ਰ ਚੌਕਸ ਰਹਿਣ ਲਈ ਐਡਵਾਈਜ਼ਰੀ ਜਾਰੀ ਕੀਤੀ ਹੈ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਭਾਰਤ ਦੇ ਅਧਿਕਾਰੀਆਂ ਨੇ ਇਨ੍ਹਾਂ ਘਟਨਾਵਾਂ ਨੂੰ ਕੈਨੇਡੀਅਨ ਅਧਿਕਾਰੀਆਂ ਕੋਲ ਉਠਾਇਆ ਸੀ ਅਤੇ ਉਨ੍ਹਾਂ ਨੂੰ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਨ ਦੀ ਅਪੀਲ ਕੀਤੀ ਸੀ। ਕੈਨੇਡਾ ਵਿੱਚ ਨਫਰਤੀ ਤੇ ਸੰਪਰਦਾਇਕ ਹਿੰਸਾ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਵਿਦੇਸ਼ ਮੰਤਰਾਲੇ ਨੇ ਭਾਰਤੀਆਂ ਨੂੰ ਇਸ ਮਾਮਲੇ ਵਿਚ ਚੌਕਸ ਰਹਿਣ ਲਈ ਕਿਹਾ ਹੈ।ਐਡਵਾਈਜ਼ਰੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੈਨੇਡਾ ਵਿੱਚ ਭਾਰਤੀ ਨਾਗਰਿਕ ਅਤੇ ਵਿਦਿਆਰਥੀ ਓਟਾਵਾ ਵਿੱਚ ਭਾਰਤ ਦੇ ਹਾਈ ਕਮਿਸ਼ਨ ਜਾਂ ਟੋਰਾਂਟੋ ਅਤੇ ਵੈਨਕੂਵਰ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਕੋਲ ਆਪਣੀਆਂ ਸ਼ਿਕਾਇਤਾਂ ਵੀ ਦੇ ਸਕਦੇ ਹਨ। ਇਹ ਸ਼ਿਕਾਇਤਾਂ ਰਜਿਸਟਰਡ ਕੀਤੀਆਂ ਜਾਣਗੀਆਂ। ਸਲਾਹਕਾਰ ਨੇ ਕਿਹਾ ਅਜਿਹੀ ਰਜਿਸਟ੍ਰੇਸ਼ਨ ਹਾਈ ਕਮਿਸ਼ਨ ਅਤੇ ਕੌਂਸਲੇਟ ਜਨਰਲ ਨੂੰ ਕਿਸੇ ਵੀ ਲੋੜ ਜਾਂ ਐਮਰਜੈਂਸੀ ਦੀ ਸਥਿਤੀ ਵਿੱਚ ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਨਾਲ ਬਿਹਤਰ ਢੰਗ ਨਾਲ ਸੰਪਰਕ ਕਰਨ ਦੇ ਯੋਗ ਬਣਾਵੇਗੀ।



# ਟਰੇਸੀ ਸਕੂਲ ਬੋਰਡ 2022 ਦੀਆਂ ਚੋਣਾਂ ਲਈ ਨਵੀ ਕਾਹਲੋਂ ਨਾਮਜ਼ਦ

ਫਰੀਮਾਂਟ/ਏ.ਟੀ.ਨਿਊਜ਼ : ਨਵੀ ਕਾਹਲੋਂ ਟਰੇਸੀ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਮੈਂਬਰ ਦੇ ਤੌਰ 'ਤੇ ਚੋਣ ਲੜ ਰਹੀ ਹੈ, ਜੋ ਸਿੱਖ ਭਾਈਚਾਰੇ ਲਈ ਫ਼ਖਰ ਦੀ ਗੱਲ ਹੈ। ਨਵੀ ਕਾਹਲੋਂ ਦੇ ਇਸ ਫੈਸਲੇ ਬਾਰੇ ਗੱਲਬਾਤ ਦੌਰਾਨ ਪਤਾ ਚੱਲਿਆ ਕਿ ਉਹ ਟਰੇਸੀ ਦੇ ਸਕੂਲ ਸਿਸਟਮ ਅਤੇ ਬੱਚਿਆਂ ਨੂੰ ਨਵੇਂ ਮੌਕੇ ਦੇਣ ਨੂੰ ਵਧੇਰੇ ਉਤਸ਼ਾਹਿਤ ਹੈ। ਜਿਸ ਵਿਚ ਉਸਨੇ ਕਿਹਾ, 'ਮੈਂ ਆਪਣੇ ਵਿਦਿਆਰਥੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸਾਡੇ ਸਿੱਖਿਅਕਾਂ ਦੀ ਨੁਮਾਇੰਦਗੀ ਅਤੇ ਸੇਵਾ ਕਰਨ ਲਈ ਤਿਆਰ ਹਾਂ। ਜੇਕਰ ਤੁਹਾਡਾ ਸਕੂਲ ਬੋਰਡ ਮੈਂਬਰ ਚੁਣੀ ਜਾਂਦੀ ਹਾਂ ਤਾਂ ਮੈਂ ਹੇਠਾਂ ਦਿੱਤੇ ਵਾਅਦੇ ਪੂਰੇ ਕਰਾਂਗੀ : ਮੈਂ ਹਰ ਵਿਦਿਆਰਥੀ, ਅਧਿਆਪਕ ਅਤੇ ਸਟਾਫ ਮੈਂਬਰ ਦੀ ਸੁਰੱਖਿਆ ਨੂੰ ਆਪਣੀ ਸਰਵਉੱਚ ਤਰਜੀਹ ਬਣਾਵਾਂਗੀ। ਮੈਂ ਇਹ ਯਕੀਨੀ ਬਣਾਵਾਂਗੀ ਕਿ ਬਜਟ ਦੀ ਕੁਸ਼ਲਤਾ ਨਾਲ ਵਰਤੋਂ ਕੀਤੀ ਜਾਵੇ ਤਾਂ ਜੋ ਹਰ ਬੱਚੇ ਦੀਆਂ ਵਿਦਿਅਕ ਲੋੜਾਂ ਪੂਰੀਆਂ ਹੋ ਸਕਣ। ਮੈਂ ਮਾਨਸਿਕ ਸਿਹਤ ਨਾਲ ਨਜਿੱਠਣ ਲਈ ਸਕੂਲਾਂ ਵਿੱਚ ਰਣਨੀਤੀ ਨੂੰ ਬਦਲਣ ਦਾ ਟੀਚਾ ਰੱਖਾਂਗੀ।



ਮੈਂ ਉਨ੍ਹਾਂ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਆਪਣੇ ਸਿੱਖਿਅਕਾਂ ਨਾਲ ਮਿਲ ਕੇ ਕੰਮ ਕਰਾਂਗੀ।

ਸਾਨੂੰ ਇੱਕ ਭਾਈਚਾਰੇ ਦੇ ਰੂਪ ਵਿੱਚ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਅਸੀਂ ਇਸ ਮਹਾਂਮਾਰੀ ਤੋਂ ਬਾਅਦ ਦੇ ਸੰਸਾਰ ਵਿੱਚ ਜੀਵਨ ਦੇ ਇੱਕ ਨਵੇਂ ਤਰੀਕੇ ਨੂੰ ਨੈਵੀਗੇਟ ਕਰਦੇ ਹਾਂ।

ਦੱਸਣਯੋਗ ਹੈ ਕਿ ਟਰੇਸੀ ਸਕੂਲ ਬੋਰਡ ਦੀਆਂ ਚੋਣਾਂ ਲਈ ਵੋਟਿੰਗ ਮੰਗਲਵਾਰ, 8 ਨਵੰਬਰ, 2022 ਨੂੰ ਹੋ ਰਹੀ ਹੈ।

# ਮਹਾਤਮਾ ਗਾਂਧੀ ਦੇ ਬੁੱਤ ਨੂੰ ਤੋੜਨ ਦੇ ਮਾਮਲੇ 'ਚ ਇਕ ਸ਼ੱਕੀ ਗ੍ਰਿਫ਼ਤਾਰ, ਨਫ਼ਰਤੀ ਅਪਰਾਧ ਤਹਿਤ ਚੱਲੇਗਾ ਮੁਕੱਦਮਾ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਕੁਈਨਜ਼ (ਨਿਊਯਾਰਕ) ਵਿਚ ਮਹਾਤਮਾ ਗਾਂਧੀ ਦੇ ਬੁੱਤ ਨੂੰ ਹਥੌੜਿਆਂ ਨਾਲ ਤੋੜਨ ਦੇ ਮਾਮਲੇ ਵਿਚ ਸੁਖਪਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਦ ਕਿ ਉਸ ਦੇ 4 ਸਾਥੀ ਅਜੇ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਬੁੱਤ ਤੋੜਨ ਤੋਂ ਬਾਅਦ ਇਹ ਲੋਕ ਦੋ ਕਾਰਾਂ ਵਿਚ ਫਰਾਰ ਹੋ ਗਏ ਸਨ ਜਿਨ੍ਹਾਂ ਵਿਚੋਂ ਇਕ ਕਾਰ ਸੁਖਪਾਲ ਸਿੰਘ ਦੀ ਸੀ। ਡਿਸਟ੍ਰਿਕਟ ਅਟਾਰਨੀ ਮੇਲਿੰਡਾ ਕਰਟਜ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਨੂੰ ਨਫਰਤੀ ਅਪਰਾਧ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। .

ਉਸ ਉਪਰ ਗਾਂਧੀ ਦੇ ਬੁੱਤ ਦਾ ਅਪਮਾਨ ਕਰਨ ਸਮੇਤ ਹੋਰ ਕਈ ਦੋਸ਼ ਆਇਦ ਕੀਤੇ ਗਏ ਹਨ। ਜੇਕਰ ਇਹ ਦੋਸ਼ ਸਹੀ ਸਾਬਤ ਹੋ ਜਾਂਦੇ ਹਨ ਤਾਂ ਉਸ ਨੂੰ 15 ਸਾਲ ਤੱਕ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ। ਬੁੱਤ ਤੋੜਨ ਦੀ ਘਟਨਾ ਰਿਚਮਿੰਡ ਹਿੱਲ ਵਿਚ ਵਾਪਰੀ ਸੀ। ਇਹ ਬੁੱਤ ਤੁਲਸੀ ਮੰਦਿਰ ਦੇ ਬਾਹਰਵਾਰ ਲੱਗਾ ਹੋਇਆ ਸੀ। ਕਰਟਜ ਨੇ ਕਿਹਾ ਹੈ ਕਿ ਜੋ ਬੁੱਤ ਅਮਨ ਤੇ ਏਕਤਾ ਦਾ ਪ੍ਰਤੀਕ ਹੈ, ਸ਼ੱਕੀ ਦੋਸ਼ੀਆਂ ਨੇ ਮਹਾਤਮਾ ਗਾਂਧੀ ਦੇ ਬੁੱਤ ਨੂੰ ਤੋੜ ਕੇ ਹਿੰਸਾ ਦਾ ਸ਼ਰਮਨਾਕ ਕਾਰਾ ਕੀਤਾ ਹੈ। ਅਜਿਹੇ ਲੋਕਾਂ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ।

# ਅਮਰੀਕਾ ਦੇ ਓਰਗੋਨ ਰਾਜ ਦੇ ਜੰਗਲ ਨੂੰ ਲੱਗੀ ਅੱਗ ਕਾਰਨ ਲੋਕ ਘਰੋਂ ਬੇਘਰ, 40 ਜ਼ਖਮੀ



ਅੱਗ ਨੂੰ ਫੈਲਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਕਾਮੇ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦੇ ਜੰਗਲਾਂ ਨੂੰ ਅੱਗ ਲੱਗਣ ਦਾ ਸਿਲਸਿਲਾ ਰੁਕ ਨਹੀਂ ਰਿਹਾ। ਓਰਗੋਨ ਰਾਜ ਦੇ ਸੀਡਰ ਕਰੀਕ ਖੇਤਰ ਵਿਚ ਲੱਗੀ ਅੱਗ ਨਾਲ ਘੱਟੋ-ਘੱਟ 40 ਲੋਕ ਜ਼ਖਮੀ ਹੋਏ ਹਨ ਤੇ ਅਨੇਕਾਂ ਹੋਰ ਘਰੋਂ ਬੇਘਰ ਹੋ ਗਏ ਹਨ। ਸੀਡਰ ਕਰੀਕ ਫਾਇਰ ਇਨਫਰਮੇਸ਼ਨ ਅਫਸਰ ਡਾਨ ਫਰਗੂਸਨ ਨੇ ਕਿਹਾ ਹੈ ਕਿ ਅਜੇ ਤੱਕ ਜਿੰਨੇ ਵੀ ਲੋਕ ਜ਼ਖਮੀ ਹੋਏ ਹਨ, ਉਨ੍ਹਾਂ ਵਿਚੋਂ ਕਿਸੇ ਦੀ ਵੀ ਜਾਨ ਨੂੰ ਖਤਰਾ ਨਹੀਂ ਹੈ। ਉਨ੍ਹਾਂ ਕਿਹਾ ਹੈ ਕਿ ਪਿਛਲੇ ਹਫਤੇ ਲੱਗੀ ਅੱਗ ਦੇ ਫੈਲਣ ਦੀ ਰਫਤਾਰ ਘੱਟ ਸੀ। ਥੋੜ੍ਹੀ ਜਿਹੀ ਪਈ ਬਾਰਿਸ਼ ਨੇ ਵੀ ਆਰਜੀ ਤੌਰ 'ਤੇ ਅੱਗ ਦੇ ਫੈਲਣ ਦੀ ਰਫਤਾਰ ਹੌਲੀ ਕੀਤੀ ਹੈ ਤੇ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕੀਤਾ ਗਿਆ ਹੈ। ਓਕਰਿਜ਼ ਸ਼ਹਿਰ ਨੇੜੇ ਸ਼ੁਰੂ ਹੋਈ ਅੱਗ ਉਪਰ ਕਾਬੂ ਪਾਉਣ ਲਈ 2000 ਮੁਲਾਜ਼ਮ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ 44 ਅੱਗ ਬੁਝਾਉਣ ਵਾਲੀਆਂ ਗੱਡੀਆਂ ਤੇ 9 ਹੈਲੀਕਾਪਟਰ ਅੱਗ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਨ। ਜਿਕਰਯੋਗ ਹੈ ਕਿ ਰਾਜ ਵਿਚ ਅੱਗ ਲੱਗਣ ਕਾਰਨ ਹੁਣ ਤੱਕ 1,14,104 ਏਕੜ ਜੰਗਲੀ ਰਕਬਾ ਸੜ ਚੁੱਕਾ ਹੈ।

# ਸਿਲੀਕੌਨ ਵੈਲੀ ਗੁਰਦੁਆਰਾ ਸੈਂਟਾਕਲਾਰਾ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਸੈਂਟਾਕਲਾਰਾ-ਕੈਲੀਫੋਰਨੀਆ (ਯੂ.ਐਸ.ਏ.): ਪ੍ਰਮਿੰਦਰ ਸਿੰਘ ਪ੍ਰਵਾਨਾ ਅਮਰੀਕੀ ਪੰਜਾਬੀ ਕਵੀਆ ਵਲੋਂ Silicon Vally Gurdwara-2356, Walsh Ave. Santa Clara CA 95051 ਵਿਖੇ ਹਫ਼ਤਾਵਰੀ ਸਜੇ ਦੀਵਾਨ ਵਿਚ ਗੁਰਗੱਦੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਮਰਪਿਤ ਸਮਾਗਮ ਵਿਚ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੇ ਰੋਸ਼ਨੀ ਪਾਈ ਗਈ ਕਿ ਗੁਰੂ ਅੰਗਦ ਦੇਵ ਸਾਹਿਬ ਜੀ ਦਾ ਪਹਿਲਾ ਪਰਿਵਾਰਕ ਨਾਉਂ ਲਹਿਣਾ ਜੀ ਸੀ। ਇਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਸਿੰਘ ਜੀ ਪਾਸੋਂ ਰੱਬੀ ਅੰਮ੍ਰਿਤ ਬਾਣੀ ਸਰਵਣ ਕੀਤੀ। ਬਾਣੀ ਦੇ ਅੰਮ੍ਰਿਤ ਰਸ ਤੋਂ ਪ੍ਰਭਾਵਿਤ ਹੋ ਕੇ ਗੁਰਦਰਸ਼ਨਾਂ ਦੀ ਤਾਂਘ 1532 ਵਿਚ ਗੁਰੂ ਨਾਨਕ ਦੇਵ ਜੀ ਕੋਲ ਕਰਤਾਰਪੁਰ ਖਿੱਚ ਲਿਆਈ। ਗੁਰੂ ਸਾਹਿਬ ਜੀ ਦੇ ਪਿਆਰ ਅਤੇ ਅੰਮ੍ਰਿਤਮਈ ਬਚਨਾਂ ਤੋਂ ਏਨੇ ਪ੍ਰਭਾਵਿਤ ਹੋਏ ਕਿ ਹਮੇਸ਼ਾ ਲਈ ਗੁਰੂ ਨਾਨਕ ਦੇਵ ਜੀ ਦੇ ਹੋ ਕੇ ਰਹਿ ਗਏ। ਗੁਰੂ ਜੀ ਦੀ ਸੇਵਾ ਵਿਚ ਕਰੜੀ ਘਾਲ ਘਾਲੀ। ਗੁਰੂ ਸਾਹਿਬ ਜੀ ਨੇ ਉਨ੍ਹਾਂ ਦੀ ਸਫ਼ਲ ਸੇਵਾ ਵੇਖ ਕੇ ਗੁਰੂ ਅੰਗਦ ਦਾ ਨਾਉਂ ਦੇ ਕੇ ਸਤੰਬਰ 1539 ਵਿਚ ਗੁਰਗੱਦੀ ਸੌਂਪ ਦਿੱਤੀ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ



ਲਿੱਪੀ ਨੂੰ ਬਣਾ ਸੰਵਾਰ ਕੇ ਪ੍ਰਪੱਕ ਰੂਪ ਵਿਚ ਇਜਾਦ ਕੀਤਾ ਅਤੇ ਗੁਰਮੁਖੀ ਵਿਚ ਧਰਮ ਪ੍ਰਚਾਰ ਕੀਤਾ। ਉਨ੍ਹਾਂ ਦੀ ਕਾਰਜਸ਼ੈਲੀ ਵਿਚ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਧਰਮ ਆਸ਼ੇ ਦੇ ਨਿਪੁੰਨ ਹੁਨਰ ਨੂੰ ਅੱਗੇ ਤੋਰਿਆ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸਥਾਨਕ ਕਵੀ ਸ਼ਾਮਲ ਹੋਏ ਗੁਰਦਿਆਲ ਸਿੰਘ ਨੂਰਪੁਰੀ, ਤ੍ਰਲੋਚਨ ਸਿੰਘ ਦੁਪਾਲਪੁਰੀ, ਜਸਦੀਪ ਸਿੰਘ ਫਰੀਮੌਂਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਤਰਸੇਮ ਸਿੰਘ ਸੁੰਮਨ ਆਦਿ ਜਿਨ੍ਹਾਂ ਨੇ ਗੁਰਮਤਿ ਗੁਰਇਤਿਹਾਸ ਦੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਸੰਗਤ ਦੇ ਜੈਕਾਰਿਆਂ ਦੀ ਗੂੰਜ ਵਿਚ ਧਾਰਮਿਕ ਕਵੀ ਦਰਬਾਰ ਸੰਪੰਨ ਹੋਇਆ।

ਗੁਰਦੁਆਰਾ ਸਕੱਤਰ ਨੇ ਪ੍ਰੋਗਰਾਮ ਦੀ ਸਫ਼ਲਤਾ ਤੇ ਖੁਸ਼ੀ ਜਾਹਰ ਕਰਦਿਆਂ ਪ੍ਰੋਗਰਾਮ ਦੀ ਸ਼ਲਾਘਾ ਕੀਤੀ, ਪ੍ਰਬੰਧਕਾਂ ਵਲੋਂ ਕਵੀਆਂ ਦਾ ਸਨਮਾਨ ਵੀ ਕੀਤਾ ਗਿਆ। ਅੱਗੇ ਤੋਂ ਵੀ ਅਜਿਹੇ ਪ੍ਰੋਗਰਾਮ ਕਰਨ ਦੀ ਤਾਕੀਦ ਕੀਤੀ। ਪ੍ਰਵਾਨਾ ਵਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਸੰਗਤਾਂ ਅਤੇ ਪ੍ਰਬੰਧਕਾਂ ਦੇ ਉਦਮ ਅਤੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ।

# ਸਾਕਾ ਨਕੋਦਰ ਬੇਅਦਬੀ ਕਾਂਡ ’ਚ ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

## ਸਾਕਾ ਨਕੋਦਰ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਰਿਪੋਰਟ ਦਾ ਦੂਸਰਾ ਹਿੱਸਾ ਗੁੰਮ ਹੋਣ ਦੇ ਸਬੰਧੀ SIT ਦੀ ਟੀਮ ਤੋਂ ਜਾਂਚ ਦਾ ਹੁਕਮ

ਫਰੀਮਾਂਟ/ਏ.ਟੀ.ਨਿਊਜ਼ :- 1986 ਦੇ ਨਕੋਦਰ ਬੇਅਦਬੀ ਅਤੇ ਗੋਲੀ ਕਾਂਡ ਮਾਮਲੇ ਵਿਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਇਸ ਮਾਮਲੇ ਦੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਦੂਜਾ ਹਿੱਸਾ ਜਿਸ ਵਿਚ ਕੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਦੀ ਸਿਫ਼ਾਰਸ਼ ਕੀਤੀ ਗਈ ਸੀ, ਦੇ ਗੁੰਮ ਹੋ ਜਾਣ ਦੇ ਮੁੱਦੇ ’ਤੇ ਦਾਇਰ ਪਟੀਸ਼ਨ ਤੇ ਜਾਰੀ ਕੀਤਾ ਹੈ। ਦੱਸਣਯੋਗ ਹੈ ਕਿ ਨਕੋਦਰ ਦੇ ਗੁਰਦੁਆਰੇ ਵਿਚ 2 ਫ਼ਰਵਰੀ 1986 ਨੂੰ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪ ਅਗਨ ਭੇਟ ਕਰ ਦਿੱਤੇ ਗਏ ਸਨ। ਘਟਨਾ ਤੋਂ ਦੋ ਦਿਨ ਬਾਅਦ ਭੜਕੇ ਲੋਕਾਂ ਨੇ ਨਕੋਦਰ ਵਿਚ ਰੋਸ ਮਾਰਚ ਕੀਤਾ ਸੀ, ਜਿਸ ਦੌਰਾਨ ਅਸ਼ਵਨੀ ਕੁਮਾਰ ਸ਼ਰਮਾ ਦੀ ਅਗਵਾਈ ਵਾਲੀ ਪੁਲਿਸ ਨੀਮ ਨੇ ਪ੍ਰਦਰਸ਼ਨਕਾਰੀਆਂ ’ਤੇ 300 ਗੋਲੀਆਂ ਚਲਾਈਆਂ ਸਨ। ਗੋਲੀ ਕਾਂਡ ਵਿਚ ਚਾਰ ਨੌਜਵਾਨ ਮਾਰੇ ਗਏ ਸਨ। ਉਸ ਵੇਲੇ ਦੀ ਸੂਬਾ ਸਰਕਾਰ ਨੇ ਮਾਮਲੇ ਦੀ ਜਾਂਚ ਲਈ ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਨਿਯੁਕਤ ਕਰ ਕੇ ਰਿਪੋਰਟ ਦੇਣ ਲਈ ਆਖਿਆ ਸੀ। ਭਾਵੇਂ ਉਸੇ ਵਰ੍ਹੇ ਜਾਂਚ ਕਮਿਸ਼ਨ ਨੇ ਰਿਪੋਰਟ ਦੇ ਦਿੱਤੀ ਸੀ ਪਰ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।

ਉਸ ਵੇਲੇ ਜ਼ਿਲ੍ਹਾ ਮੈਜਿਸਟ੍ਰੇਟ ਦਰਬਾਰਾ ਸਿੰਘ ਗੁਰੂ ਸਨ ਜਦਕਿ ਮੋਹਾਲੀ ਦੇ ਐਸਐਸਪੀ ਮੁਹੰਮਦ ਇਜ਼ਹਾਰ ਆਲਮ ਅਤੇ ਐਸਪੀ (ਅਪ੍ਰੇਸ਼ਨ) ਅਸ਼ਵਨੀ ਕੁਮਾਰ ਸ਼ਰਮਾ ਸਨ।

**1986 ਸਾਕਾ ਨਕੋਦਰ ਬੇਅਦਬੀ ਕਾਂਡ ਦਾ ਅਸਲ ਮਾਮਲਾ**

1986 ਸਾਕਾ ਨਕੋਦਰ ਬੇਅਦਬੀ ਕਾਂਡ ਦੇ ਸੰਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਦੂਸਰਾ ਹਿੱਸਾ ਸਰਕਾਰੀ ਰਿਕਾਰਡਾਂ ਵਿੱਚੋਂ ਗ਼ਾਇਬ ਹੋਣ ਦੀ ਜਾਂਚ ਕਰਵਾਉਣ ਸੰਬੰਧੀ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉੱਘੇ ਵਕੀਲ ਤੇ ਸਮਾਜ ਸੇਵੀ ਐਡਵੋਕੇਟ ਹਰੀ ਚੰਦ ਅਰੋੜਾ ਰਾਹੀਂ ਦਾਇਰ ਕੀਤੀ ਪਟੀਸ਼ਨ ’ਤੇ ਮਾਨਯੋਗ ਜਸਟਿਸ ਨਮਿਤ ਕੁਮਾਰ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ 1986 ਸਾਕਾ ਨਕੋਦਰ ਅਦਾਲਤੀ ਜਾਂਚ ਰਿਪੋਰਟ ਦੇ ਦੂਸਰੇ ਭਾਗ ਦੇ ‘ਗੁੰਮ’ ਹੋਣ ਦੀ SIT ਟੀਮ ਬਣਾ ਕੇ ਜਾਂਚ ਕਰਵਾਉਣ ਦੇ ਹੁਕਮ ਦਿੱਤੇ ਹਨ। 4 ਫਰਵਰੀ 1986 ਨੂੰ ਪੰਜਾਬ ਪੁਲਿਸ ਨੇ ਨਕੋਦਰ ਵਿੱਚ ਸਿੱਖਾਂ ਦੇ ਇੱਕ ਸ਼ਾਂਤਮਈ ਕਾਫਿਲੇ ਉੱਪਰ ਗੋਲੀਆਂ ਚਲਾ ਕੇ ਚਾਰ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰ ਦਿੱਤਾ ਸੀ। ਸਿੱਖਾਂ ਦਾ ਇਹ ਕਾਫਿਲਾ ਦੋ ਦਿਨ ਪਹਿਲਾਂ (ਭਾਵ 2 ਫਰਵਰੀ 1986) ਨੂੰ ਗੁਰਦੁਆਰਾ ਗੁਰੂ ਅਰਜਨ ਜੀ, ਨਕੋਦਰ ਵਿਖੇ ਅਗਨ ਭੇਟ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਗੋਇੰਦਵਾਲ ਸਾਹਿਬ ਲੈਜਾਣ ਵਾਸਤੇ ਜਾ ਰਿਹਾ ਸੀ। ਸਾਕਾ ਨਕੋਦਰ 1986 ਦੌਰਾਨ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ। ਪੁਲਿਸ ਨੇ ਇਹ ਸਾਕਾ ਵਰਤਾ ਦੇਣ ਤੋਂ ਬਾਅਦ ਸ਼ਹੀਦ ਹੋਏ ਸਿੱਖ ਨੌਜਵਾਨਾਂ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ, ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ , ਸ਼ਹੀਦ ਭਾਈ ਝਿਲਮਣ ਸਿੰਘ ਗੋਰਸੀਆਂ ਅਤੇ ਸ਼ਹੀਦ ਭਾਈ ਹਰਮਿੰਦਰ ਸਿੰਘ ਚਲੂਪੁਰ ਦੀਆਂ ਮ੍ਰਿਤਕ ਦੇਹਾਂ ਵੀ ਪਰਿਵਾਰਾਂ ਨੂੰ ਨਹੀਂ ਸਨ ਦਿੱਤੀਆਂ ਅਤੇ ਆਪੇ ਹੀ ਇਨ੍ਹਾਂ ਦਾ ਬਿਨਾ ਮਰਿਆਦਾ ਦੇ ਤੇਲ ਪਾ ਕੇ ਸਸਕਾਰ ਕਰ ਦਿੱਤਾ ਸੀ।

ਇਨ੍ਹਾਂ ਦੇ ਪਰਿਵਾਰਾਂ ਨੇ ਅੱਜ ਵੀ ਇਨ੍ਹਾਂ ਸ਼ਹੀਦ ਸਿੰਘਾਂ ਅਤੇ ਇਸ ਸਾਕੇ ਦੀ ਯਾਦ ਨੂੰ ਸੰਭਾਲਿਆ ਹੋਇਆ ਹੈ ਅਤੇ ਦੋਸ਼ੀਆਂ ਨੂੰ ਇਨਸਾਫ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਲਈ ਬਾਪੂ ਬਲਦੇਵ ਸਿੰਘ 1986 ਤੋਂ ਲਗਾਤਾਰ ਸਿਰੜ ਨਾਲ ਸੰਘਰਸ਼ ਕਰ ਰਹੇ ਹਨ।



ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ | ਸ਼ਹੀਦ ਭਾਈ ਬਲਧੀਰ ਸਿੰਘ ਜੀ ਰਾਮਗੜ੍ਹ | ਸ਼ਹੀਦ ਭਾਈ ਝਿਲਮਣ ਸਿੰਘ ਜੀ ਗੋਰਸੀਆਂ | ਸ਼ਹੀਦ ਭਾਈ ਹਰਮਿੰਦਰ ਸਿੰਘ ਜੀ ਚਲੂਪਰ




# ਲਾਸ ਏਂਜਲਸ ਦੇ ਗੁਰਦੁਆਰਾ ਸਾਹਿਬ ਵਿੱਚ ਸ਼ਹੀਦੇ ਆਜ਼ਮ ਭਗਤ ਸਿੰਘ ਦਾ 115ਵਾਂ ਜਨਮ ਦਿਨ ਮਨਾਇਆ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਲਾਸ ਏਂਜਲਸ ਕੈਲੀਫੋਰਨੀਆ ਦੇ ਸਿੱਖ ਗੁਰਦੁਆਰਾ ਸਾਹਿਬ ਵਿੱਚ ਸ਼ਹੀਦੇ ਆਜ਼ਮ ਭਗਤ ਸਿੰਘ ਦਾ 115ਵਾਂ ਜਨਮ ਦਿਨ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਤੇ ਨੌਜਵਾਨਾਂ ਵੱਲੋਂ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਜਿਸ ਵਿੱਚ ਭਾਈ ਅਜੀਤ ਸਿੰਘ ਦੇ ਰਾਗੀ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ ਅਤੇ ਵਿਸ਼ੇਸ਼ ਤੌਰ ’ਤੇ ਸੱਦੇ ਗਏ ਨੌਜਵਾਨ ਚੜ੍ਹਦੀ ਕਲਾ ਵਾਲਾ ਢਾਡੀ ਜੱਥਾ ਸੰਦੀਪ ਸਿੰਘ ਲੁਹਾਰਾ (ਲੁਧਿਆਣਾ) ਅਤੇ ਸਾਥੀਆਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਇੰਨਕਲਾਬੀ ਇਤਿਹਾਸ ਦੀਆਂ ਢਾਡੀ ਵਾਰਾਂ ਨਾਲ ਸੰਗਤਾਂ ਵਿੱਚ ਜੋਸ਼ ਭਰ ਦਿੱਤਾ। ਸੰਦੀਪ ਸਿੰਘ ਲੁਹਾਰਾ ਨੇ ਸੰਬੋਧਨ ਹੁੰਦੇ ਆਖਿਆ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਣ ਉਹ ਕੌਮਾਂ ਇੱਕ ਦਿਨ ਗਲਤ ਅੱਖਰ ਵਾਂਗ ਮਿਟ ਜਾਂਦੀਆਂ ਹਨ। ਇਸ ਮੌਕੇ ਸਮੁੱਚੀ ਕਮੇਟੀ ਵੱਲੋਂ ਢਾਡੀ ਜਥੇ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਇਸ ਗੁਰੂਘਰ ’ਚ ਹਰ ਵਰ੍ਹੇ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜਨਮ ਮਨਾਇਆ ਜਾਵੇਗਾ।



# ਆਈ ਐਸ ਆਈ ਐਸ ਤੋਂ ਪ੍ਰਭਾਵਿਤ ਹੋ ਕੇ ਪੁਲਿਸ ਅਫਸਰਾਂ ਉਪਰ ਹਮਲਾ ਕਰਨ ਵਾਲੇ ਨੂੰ 30 ਸਾਲ ਦੀ ਜੇਲ੍ਹ

## ਸਜ਼ਾ ਪੂਰੀ ਹੋਣ ’ਤੇ ਹੋਵੇਗਾ ਦੇਸ਼ ਨਿਕਾਲਾ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਕੱਟੜ ਇਸਲਾਮਿਕ ਅੱਤਵਾਦੀ ਸੰਗਠਨ ਆਈ ਐਸ ਆਈ ਐਸ ਤੋਂ ਪ੍ਰਭਾਵਤ ਹੋ ਕੇ ਨਿਊਯਾਰਕ ਪੁਲਿਸ ਵਿਭਾਗ ਦੇ ਅਫਸਰਾਂ ਉਪਰ ਹਮਲਾ ਕਰਨ ਵਾਲੇ ਨੂੰ ਇਕ ਅਦਾਲਤ ਨੇ 30 ਸਾਲ ਦੀ ਸਜ਼ਾ ਸੁਣਾਈ ਹੈ। ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਦੇ ਯੂ ਐਸ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਬੋਸਨੀਆ ਦਾ ਨਾਗਰਿਕ ਡਜੇਨਨ ਕਾਮੋਵਿਕ ਜੋ ਬਰੁੱਕਲਿਨ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਿਹਾ ਸੀ, ਨੂੰ ਇਸ ਸਾਲ ਮਾਰਚ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਤੇ ਉਸ ਨੇ ਆਪਣਾ ਗੁਨਾਹ ਕਬੂਲ ਵੀ ਕਰ ਲਿਆ ਸੀ। ਕਾਮੋਵਿਕ ਨੂੰ ਸਜ਼ਾ ਪੂਰੀ ਹੋਣ ’ਤੇ ਅਮਰੀਕਾ ਵਿਚੋਂ ਕੱਢ ਦਿੱਤਾ ਜਾਵੇਗਾ। ਬਿਆਨ ਅਨੁਸਾਰ ਕਾਮੋਵਿਕ ਆਈ ਐਸ ਆਈ ਐਸ ਦੀ ਨਫਰਤ ਵਾਲੀ ਵਿਚਾਰਧਾਰਾ ਤੇ ਉਸ ਦੀਆਂ ਕਾਰਵਾਈਆਂ ਤੋਂ ਪ੍ਰਭਾਵਿਤ ਸੀ। ਇਸਤਗਾਸਾ ਪੱਖ ਵੱਲੋਂ ਆਇਦ ਦੋਸ਼ਾਂ ਅਨੁਸਾਰ ਕਾਮੋਵਿਕ ਨੇ 3 ਜੂਨ 2020 ਦੀ ਰਾਤ ਨੂੰ ਪੁਲਿਸ ਅਫਸਰਾਂ ਨੂੰ ਨਿਸ਼ਾਨਾ ਬਣਾਇਆ। ਸਭ ਤੋਂ ਪਹਿਲਾਂ ਉਸ ਨੇ ਇਕ ਪੁਲਿਸ ਅਫਸਰ ਦੀ ਗਰਦਨ ਉਪਰ ਚਾਕੂ ਨਾਲ ਹਮਲਾ ਕੀਤਾ। ਉਸ ਕੋਲੋਂ ਗੰਨ ਖੋਹ ਕੇ ਦੂਸਰੇ ਅਫਸਰਾਂ ਉਪਰ ਗੋਲੀਆਂ ਚਲਾ ਕੇ ਦੋ ਨੂੰ ਜ਼ਖਮੀ ਕਰ ਦਿੱਤਾ ਸੀ। ਜਵਾਬੀ ਕਾਰਵਾਈ ਵਿਚ ਕਾਮੋਵਿਕ ਦੇ ਕਈ ਗੋਲੀਆਂ ਵੱਜੀਆਂ ਸਨ ਪਰ ਉਹ ਬਚ ਗਿਆ ਸੀ। ਇਸ ਤੋਂ ਪਹਿਲਾਂ ਅਮਰੀਕੀ ਸਰਕਾਰ ਨੇ ਕਿਹਾ ਸੀ ਕਿ ਜਾਂਚ ਪੜਤਾਲ ਤੋਂ ਬਾਅਦ ਪਤਾ ਲੱਗਾ ਹੈ ਕਿ ਜੂਨ 2020 ਦੇ ਹਮਲੇ ਤੋਂ ਪਹਿਲਾਂ ਕਾਮੋਵਿਕ ਨੇ ਬਹੁਤ ਸਾਰੀ ਅਜਿਹੀ ਸਮੱਗਰੀ ਇਕੱਠੀ ਕੀਤੀ ਸੀ ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਹਿੰਸਕ ਇਸਲਾਮਿਕ ਅੱਤਵਾਦ ਵਿਚ ਦਿਲਚਸਪੀ ਰਖਦਾ ਸੀ ਤੇ ਉਹ ਹਿੰਸਕ ਗਤੀਵਿਧੀਆਂ ਦਾ ਸਮਰਥਨ ਕਰਦਾ ਸੀ। ਉਹ ਕੱਟੜ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ ਆਫ ਇਰਾਕ ਐਂਡ ਅਲ-ਸ਼ਾਮ (ਆਈ ਐਸ ਆਈ ਐਸ) ਤੇ ਜਿਹਾਦ ਵਿਚ ਲੱਗੇ ਹੋਰ ਸੰਗਠਨਾਂ ਦਾ ਸਮਰਥਕ ਸੀ। ਐਫ ਬੀ ਆਈ ਨਿਊਯਾਰਕ ਦੇ ਖੇਤਰੀ ਦਫਤਰ ਦੇ ਇੰਚਾਰਜ ਅਸਿਸਟੈਂਟ ਡਾਇਰੈਕਟਰ ਮਾਈਕਲ ਜੇ ਡਰਿਸਕੋਲ ਨੇ ਸਜ਼ਾ ਉਪਰ ਟਿੱਪਣੀ ਕਰਦਿਆਂ ਕਿਹਾ ਹੈ ਕਿ ਅਦਾਲਤ ਦੇ ਅੱਜ ਦੇ ਫੈਸਲੇ ਤੋਂ ਪਤਾ ਲੱਗਦਾ ਹੈ ਕਿ ਨਫਰਤੀ ਹਿੰਸਾ ਦੇ ਦੋਸ਼ੀ ਚਾਹੇ ਉਹ ਕੋਈ ਵੀ ਹੋਵੇ, ਨੂੰ ਸਿੱਟੇ ਭੁੱਗਤਣੇ ਪੈਣਗੇ। ਉਸ ਨੂੰ ਸਾਡੇ ਨਿਆਂ ਪ੍ਰਣਾਲੀ ਤਹਿਤ ਸਖਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ।

# ਸੜਕ ਹਾਦਸੇ ਵਿੱਚ ਮਾਂ-ਧੀਆਂ ਦੀ ਮੌਤ



ਨਿਊਯਾਰਕ/ਰਾਜ ਗੋਗਨਾ :- ਬੀਤੇ ਐਤਵਾਰ ਨੂੰ ਅਮਰੀਕਾ ਦੇ ਸੂਬੇ ਟੈਕਸਾਸ ਦੀ ਵਾਲਰ ਕਾਊਂਟੀ ਕੋਲ ਵਾਪਰੇ ਇਕ ਭਿਆਨਕ ਦਰਦਨਾਇਕ ਕਾਰ ਸੜਕ ਹਾਦਸੇ ਵਿੱਚ ਇਕੋ ਹੀ ਪਰਿਵਾਰ ਦੀਆਂ ਤਿੰਨ ਔਰਤਾਂ ਦੀ ਮੌਤ ਹੋ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਸ ਹਾਦਸੇ ਵਿੱਚ ਭਾਰਤ ਦੇ ਆਂਧਰਾ ਪ੍ਰਦੇਸ਼ ਨਾਲ ਪਿਛੋਕੜ ਰੱਖਣ ਵਾਲੀ ਔਰਤ ਅਤੇ ਉਸ ਦੀਆਂ ਦੋ ਧੀਆਂ ਦੀ ਮੌਤ ਹੋ ਗਈ। ਇਹ ਮ੍ਰਿਤਕ ਹਿਊਸਟਨ ਟੈਕਸਾਸ ਵਿੱਚ ਰਹਿੰਦੇ ਤੇਲਗੂ ਐਸੋਸੀਏਸ਼ਨ ਦੇ ਮੈਂਬਰ, ਜੋ ਉੱਤਰੀ ਅਮਰੀਕਾ (ਟਾਨਾ) ਦੇ ਬੋਰਡ ਮੈਂਬਰ ਡਾਕਟਰ ਕੋਡਾਲੀ ਨਾਗੇਂਦਰ ਸ੍ਰੀਨਿਵਾਸ ਦੀ ਪਤਨੀ ਅਤੇ ਦੋ ਧੀਆਂ ਹਨ। ਇਨ੍ਹਾਂ ਵਿੱਚੋਂ ਦੋ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਤੀਸਰੀ ਨੇ ਹਸਪਤਾਲ ਵਿੱਚ ਜਾ ਕੇ ਦਮ ਤੋੜ ਦਿੱਤਾ। ਡਾਕਟਰ ਨਾਗੇਂਦਰ ਸ਼੍ਰੀਨਿਵਾਸ ਦੀ ਵੱਡੀ ਧੀ ਮੈਡੀਕਲ ਦੀ ਵਿਦਿਆਰਥਣ ਸੀ ਅਤੇ ਛੋਟੀ ਧੀ 11ਵੀਂ ਜਮਾਤ ਵਿੱਚ ਪੜ੍ਹਦੀ ਸੀ। ਡਾਕਟਰ ਨਾਗੇਂਦਰ ਸ਼੍ਰੀ ਨਿਵਾਸ ਦੀ ਪਤਨੀ ਵਨਿਸਰੀ ਅਤੇ ਉਸ ਦੀਆਂ ਦੋ ਜਵਾਨ ਧੀਆਂ ਦੀ ਮੌਤ ਨੇ ਅਮਰੀਕਾ ਵਿੱਚ ਵਸਦੇ ਤੇਲਗੂ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Asst. Editor: Balwinderpal Singh, Sarbjeet Kaur Sarb Online Interview Host: Balraj Pannu Proof Editor: Prabhjot Kaur
Designer: Anil Kumar Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

## ਪੀਣ ਵਾਲਾ ਪਾਣੀ ਸਾਫ ਨਾ ਮਿਲਣ ਦਾ ਮਾਮਲਾ

# ਅਮਰੀਕਾ ਦੇ ਮਿਸੀਸਿੱਪੀ ਰਾਜ ਦੀ ਰਾਜਧਾਨੀ ਜੈਕਸਨ ਵਾਸੀਆਂ ਨੇ ਪ੍ਰਸ਼ਾਸਨ, ਮੇਅਰ ਤੇ ਹੋਰਨਾਂ ਵਿਰੁੱਧ ਦਾਇਰ ਕੀਤੀ ਪਟੀਸ਼ਨ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦੇ ਮਿਸੀਸਿੱਪੀ ਰਾਜ ਦੀ ਰਾਜਧਾਨੀ ਜੈਕਸਨ ਵਾਸੀਆਂ ਨੇ ਸ਼ਹਿਰ ਵਿਚ ਸਾਫ ਪੀਣ ਵਾਲੇ ਪਾਣੀ ਦੇ ਮੁੱਦੇ 'ਤੇ ਪ੍ਰਸ਼ਾਸਨ, ਮੇਅਰ, ਸਾਬਕਾ ਮੇਅਰ ਤੇ ਅਨੇਕਾਂ ਹੋਰ ਅਧਿਕਾਰੀਆਂ ਵਿਰੁੱਧ ਪਟੀਸ਼ਨ ਦਾਇਰ ਕੀਤੀ ਹੈ। 99 ਸਫਿਆਂ ਦੀ ਇਸ ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਸਾਫ ਪੀਣ ਵਾਲਾ ਪਾਣੀ ਨਾ ਮਿਲਣ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਮੁਆਵਜ਼ਾ ਦਿੱਤਾ ਜਾਵੇ। ਸਮੁੱਚੇ ਵਾਸੀਆਂ ਦੀ ਤਰਫੋਂ 4 ਵਿਅਕਤੀਆਂ ਦੁਆਰਾ ਦਾਇਰ ਕੀਤੀ ਇਸ 'ਕਲਾਸ ਐਕਸ਼ਨ ਲਾਅਸੂਟ' ਵਿਚ ਮੰਗ ਕੀਤੀ ਗਈ ਹੈ ਕਿ ਪਾਣੀ ਦੇ ਬਿੱਲ ਰੱਦ ਕੀਤੇ ਜਾਣ ਜਾਂ ਨਾ ਲਏ ਜਾਣ, ਸ਼ਹਿਰ ਵਿਚ ਪਾਣੀ ਦੇ ਨਮੂਨਿਆਂ ਦੀ ਪਰਖ ਨਿਰੰਤਰ ਕੀਤੀ ਜਾਵੇ, ਕਮਿਊਨਿਟੀ ਹੈਲਥ ਸਿਸਟਮ ਬਣਾਇਆ ਜਾਵੇ ਤੇ ਅਸੁਰੱਖਿਅਤ ਪਾਣੀ ਪੀਣ ਕਾਰਨ ਮਨੁੱਖੀ ਸਰੀਰ ਵਿਚ ਪੈਦਾ ਹੋਏ ਰੋਗਾਂ ਦੀ ਜਾਂਚ ਲਈ ਮੈਡੀਕਲ ਟੈਸਟ ਵਿਵਸਥਾ ਕਾਇਮ ਕੀਤੀ ਜਾਵੇ। ਪਿਛਲੇ ਮਹੀਨੇ ਆਏ ਹੜ੍ਹ ਕਾਰਨ ਸ਼ਹਿਰ ਦਾ ਮੁੱਖ ਵਾਟਰ ਟਰੀਟਮੈਂਟ ਪਲਾਂਟ ਨੁਕਸਾਨਿਆ ਗਿਆ ਸੀ ਜਿਸ ਕਾਰਨ ਸ਼ਹਿਰ ਵਾਸੀਆਂ ਨੂੰ ਸਾਫ ਪੀਣ ਵਾਲਾ ਪਾਣੀ ਮਿਲਣਾ ਬੰਦ ਹੋ ਗਿਆ ਸੀ। ਖਾਣਾ ਪਕਾਉਣ ਤੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਪਾਣੀ ਲੈਣ ਲਈ ਲੋਕਾਂ ਨੂੰ ਕਈ ਘੰਟਿਆਂ ਤੱਕ ਕਤਾਰਾਂ ਵਿਚ ਲੱਗਣਾ ਪਿਆ। ਜੈਕਸਨ ਸ਼ਹਿਰ ਦੀ ਪਾਣੀ ਦੀ ਸਮੱਸਿਆ ਨਵੀਂ ਨਹੀਂ ਹੈ।2020 ਦੇ ਸ਼ੁਰੂ ਵਿਚ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ ਨੇ ਸਿੱਟਾ ਕੱਢਿਆ ਸੀ ਕਿ ਪਾਣੀ ਵਿਚ ਖਤਰਨਾਕ ਕਿਟਾਣੂ ਜਾਂ ਪਰਜੀਵ ਹਨ। ਪਿਛਲੇ ਸਾਲ ਵੀ ਫਰਵਰੀ ਵਿਚ ਆਏ ਬਰਫੀਲੇ ਤੂਫਾਨ ਕਾਰਨ ਪਾਣੀ ਵਾਲੀਆਂ ਪਾਈਪਾਂ ਜੰਮ ਗਈਆਂ ਸਨ ਜਾਂ ਟੁੱਟ ਗਈਆਂ ਸਨ ਜਿਸ ਕਾਰਨ ਇਕ ਮਹੀਨਾ ਸ਼ਹਿਰ ਵਾਸੀਆਂ ਨੂੰ ਸਾਫ ਪੀਣ ਵਾਲਾ ਪਾਣੀ ਨਹੀਂ ਮਿਲ ਸਕਿਆ ਸੀ ਤੇ ਲੋਕ ਉਬਾਲ ਕੇ ਪਾਣੀ ਪੀਣ ਲਈ ਮਜਬੂਰ ਹੋਏ ਸਨ। ਦਾਇਰ ਪਟੀਸ਼ਨ ਵਿਚ ਹੋਰ ਕਿਹਾ ਗਿਆ ਹੈ ਕਿ ਜੈਕਸਨ ਸ਼ਹਿਰ ਨੂੰ ਦਹਾਕਿਆਂ ਤੋਂ ਅੱਖੋਂ ਪਰੋਖੇ ਕੀਤਾ ਗਿਆ ਹੈ। ਸ਼ਹਿਰ ਦੀ ਕੁਲ ਅਬਾਦੀ ਡੇਢ ਲੱਖ ਹੈ ਜਿਸ ਵਿਚ 82.5% ਲੋਕ ਕਾਲੇ ਹਨ ਤੇ 24% ਤੋਂ ਵੱਧ ਅਬਾਦੀ ਗਰੀਬੀ ਦਾ ਸੰਤਾਪ ਹੰਢਾ ਰਹੀ ਹੈ।


ਨੈਸ਼ਨਲ ਗਾਰਡ ਲੋਕਾਂ ਨੂੰ ਦੇਣ ਲਈ ਪਾਣੀ ਵਾਲੇ ਪਾਣੀਆਂ ਦੀਆਂ ਬੋਤਲਾਂ ਲੈ ਕੇ ਜਾਂਦੇ ਹੋਏ।

# ਫਿਲਾਡੈਲਫੀਆ ਦੇ ਇਕ ਹਾਈ ਸਕੂਲ ਦੇ ਪਿਛਵਾੜੇ ਚੱਲੀਆਂ ਗੋਲੀਆਂ, ਇਕ ਨਬਾਲਗ ਦੀ ਮੌਤ-3 ਜ਼ਖਮੀ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਫਿਲਾਡੈਲਫੀਆ ਰਾਜ ਦੇ ਇਕ ਹਾਈ ਸਕੂਲ ਦੇ ਪਿਛਲੇ ਪਾਸੇ ਅਣਪਛਾਤੇ ਵਿਅਕਤੀਆਂ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ 14 ਸਾਲਾ ਲੜਕੇ ਦੀ ਮੌਤ ਹੋ ਗਈ ਤੇ 3 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਰੌਕਸਬਰਗ ਹਾਈ ਸਕੂਲ ਦੇ ਪਿਛਵਾੜੇ ਸ਼ਾਮ ਵੇਲੇ ਤਕਰੀਬਨ 4.41 ਵਜੇ ਫੁੱਟਬਾਲ ਖਿਡਾਰੀਆਂ ਨਾਲ ਕੁਝ ਲੋਕਾਂ ਦਾ ਝਗੜਾ ਹੋਇਆ। ਏਨੇ ਨੂੰ ਇਕ ਕਾਰ ਵਿਚ ਕੁਝ ਅਣਪਛਾਤੇ ਵਿਅਕਤੀ ਆਏ ਤੇ ਉਹ ਗੋਲੀਆਂ ਚਲਾ ਕੇ ਫਰਾਰ ਹੋ ਗਏ। ਫਿਲਾਡੈਲਫੀਆ ਪੁਲਿਸ ਦੇ ਅਫਸਰ ਤਾਨੀਆ ਲਿਟਲ ਨੇ ਕਿਹਾ ਹੈ ਕਿ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਮ੍ਰਿਤਕ ਤੇ ਜ਼ਖਮੀ ਹੋਏ ਸਾਰੇ ਲੋਕ ਨਾਬਾਲਗ ਸਨ ਤੇ ਉਹ ਫੁੱਟਬਾਲ ਟੀਮ ਦੇ ਮੈਂਬਰ ਸਨ। ਇਕ 14 ਸਾਲਾ ਲੜਕੇ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਦੋ ਹੋਰ 14 ਸਾਲਾ ਤੇ 17 ਸਾਲਾ ਲੜਕੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨ੍ਹਾਂ ਦੀ ਹਾਲਤ ਸਥਿਰ ਹੈ। ਇਕ ਹੋਰ ਲੜਕੇ ਨੂੰ ਹਸਪਤਾਲ ਲਿਜਾਇਆ ਗਿਆ ਹੈ ਪ੍ਰੰਤੂ ਉਸ ਦੀ ਹਾਲਤ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੁਲਿਸ ਨੇ ਕਿਹਾ ਹੈ ਕਿ ਮਾਮਲਾ ਜਾਂਚ ਅਧੀਨ ਹੈ ਤੇ ਅਜੇ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ।

# 47 ਸਾਲ ਪਹਿਲਾਂ ਲਾਪਤਾ ਹੋਈ ਲੜਕੀ ਦੀ ਲਾਸ਼ ਦੀ ਸ਼ਨਾਖਤ ਡੀ ਐਨ ਏ ਰਾਹੀਂ ਹੋਈ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਵਰਜੀਨੀਆ ਪੁਲਿਸ ਨੇ 47 ਸਾਲ ਤੋਂ ਵੀ ਵਧ ਸਮਾਂ ਪਹਿਲਾਂ ਲਾਪਤਾ ਹੋਈ 17 ਸਾਲਾ ਲੜਕੀ ਦੀ ਲਾਸ਼ ਦੀ ਸ਼ਨਾਖਤ ਕਰ ਲਈ ਹੈ। ਹਾਲਾਂਕਿ ਫੇਅਰਫੈਕਸ ਕਾਊਂਟੀ ਦੀ ਵਸਨੀਕ ਪੈਟਰੀਸੀਆ ਏਜਨਸ ਗਿਲਡਾਵੀ ਜੋ 8 ਫਰਵਰੀ 1977 ਨੂੰ ਲਾਪਤਾ ਹੋਈ ਸੀ, ਦੀ ਲਾਸ਼ ਜੋ ਬੁਰੀ ਤਰ੍ਹਾਂ ਗਲ਼ੀ ਸੜੀ ਹੋਈ ਸੀ, 26 ਸਾਲਾ ਤੋਂ ਵਧ ਸਮਾਂ ਪਹਿਲਾਂ ਇਕ ਡਰੇਨ ਵਿਚੋਂ ਬਰਾਮਦ ਕਰ ਲਈ ਸੀ ਪ੍ਰੰਤੂ ਲਾਸ਼ ਦੀ ਸ਼ਨਾਖਤ ਹੁਣ ਆ ਕੇ ਐਡਵਾਂਸ ਡੀ ਐਨ ਏ ਤਕਨੀਕ ਰਾਹੀਂ ਕੀਤੀ ਗਈ ਹੈ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਲੜਕੀ ਜੋ ਚੌਬੀ ਗਿਲਡਾਵੀ ਦੇ ਨਾਂ ਨਾਲ ਜਾਣੀ ਜਾਂਦੀ ਸੀ, ਦਾ ਗਲਿਆ ਸੜਿਆ ਪਿੰਜਰ 27 ਸਤੰਬਰ, 2001 ਨੂੰ ਮਿਲਿਆ ਸੀ। ਸ਼ੁਰੂ ਵਿਚ



ਜਾਂਚਕਾਰਾਂ ਨੇ ਸਮਝਿਆ ਸੀ ਕਿ ਇਹ ਲਾਸ਼ ਇਕ ਅਫਰੀਕਨ ਅਮੈਰੀਕਨ ਲੜਕੀ ਦੀ ਹੈ ਜਿਸ ਦੀ ਮੌਤ ਸਿਰ ਵਿਚ ਗੋਲੀ ਲੱਗਣ ਕਾਰਨ ਹੋਈ ਸੀ। ਹੁਣ ਆ ਕੇ ਟੈਕਸਾਸ ਦੀ ਓਥਰਮ ਇੰਕ ਲੈਬਾਰਟਰੀ ਨੇ ਐਡਵਾਂਸ ਡੀ ਐਨ ਏ ਤਕਨੀਕ ਰਾਹੀਂ ਪਤਾ ਲਾਇਆ ਕਿ ਇਹ ਲਾਸ਼ ਗਿਲਡਾਵੀ ਦੀ ਹੈ। ਗਿਲਡਾਵੀ ਦੇ ਰਿਸ਼ਤੇਦਾਰਾਂ ਨੇ ਡੀ ਐਨ ਏ ਰਾਹੀਂ ਨਿਕਲੇ ਸਿੱਟੇ ਉਪਰ ਤਸੱਲੀ ਪ੍ਰਗਟ ਕੀਤੀ ਹੈ।



# ਬਾਦਲ ਦਲ ਦੀਆਂ ਕਮਜੋਰੀਆਂ ਕਾਰਨ 'ਸ਼੍ਰੋਮਣੀ ਕਮੇਟੀ' ਕਮਜ਼ੋਰ ਪਈ

- ਦੇਸ਼ ਦੀ ਵੰਡ ਤੋਂ ਬਾਅਦ ਦੂਜੀ ਵਾਰ ਸਿੱਖ ਸੰਸਥਾ ਨੂੰ ਲੱਗਾ ਵੱਡਾ ਝਟਕਾ ☛ ਸ਼੍ਰੋਮਣੀ ਕਮੇਟੀ ਵਲੋਂ ਮਤਾ ਪਾਸ ਕਰਕੇ ਸੁਪਰੀਮ ਕੋਰਟ ਦਾ ਫ਼ੈਸਲਾ ਕੀਤਾ ਰੱਦ
- ਧਾਮੀ ਨੇ ਕਿਹਾ ਕਿ ਫ਼ੈਸਲਾ ਸੁਣਾਉਣ ਵਾਲੇ ਇੱਕ ਜੱਜ ਦਾ ਸਬੰਧ ਆਰਐੱਸਐੱਸ ਨਾਲ, ਨੀਲਾ ਤਾਰਾ ਤੋਂ ਵੱਡਾ ਹਮਲਾ
- ਸ਼੍ਰੋਮਣੀ ਕਮੇਟੀ ਨੂੰ ਤੋੜਨ ਦੀ ਕੋਝੀ ਹਰਕਤ ਪਿਛੇ ਭਾਜਪਾ ਸਰਕਾਰ ☛ ਆਪ ਪਾਰਟੀ ਦੀ ਸਰਕਾਰ ਨੇ ਵੀ ਸੁਪਰੀਮ ਕੋਰਟ ਵਿਚ ਹਰਿਆਣਾ ਦਾ ਪੱਖ ਪੂਰਿਆ
- ਅਕਾਲੀ ਦਲ (ਸੰਯੁਕਤ) ਨੇ ਕਿਹਾ ਕਿ 'ਹਰਿਆਣਾ ਗੁਰਦੁਆਰਾ ਕਮੇਟੀ ਲਈ ਬਾਦਲ ਪਰਿਵਾਰ ਜ਼ਿੰਮੇਵਾਰ'

**ਕਵਰ ਸਟੋਰੀ**

ਬਘੇਲ ਸਿੰਘ ਧਾਲੀਵਾਲ



ਸੁਪਰੀਮ ਕੋਰਟ ਵਲੋਂ ਬੀਤੇ ਦਿਨੀਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ 2014 ਦੀ ਸੰਵਿਧਾਨਕ ਪ੍ਰਮਾਣਿਕਤਾ ਨੂੰ ਬਰਕਰਾਰ ਰੱਖਦਿਆਂ, ਇਸ ਨੂੰ ਚੁਣੌਤੀ ਦੇਣ ਵਾਲੀਆਂ ਰਿੱਟ ਪਟੀਸ਼ਨਾਂ ਨੂੰ ਖਾਰਜ ਕਰਨ ਦੇ ਫ਼ੈਸਲੇ ਤੋਂ ਬਾਅਦ ਸਿੱਖ ਪੰਥ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ 102 ਸਾਲਾ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਕਮੇਟੀ ਨੂੰ ਸੰਨ੍ਹ '47 ਦੀ ਹਿੰਦੁਸਤਾਨ ਦੀ ਵੰਡ ਤੋਂ ਬਾਅਦ ਦੂਜੀ ਵਾਰ ਵੱਡਾ ਝਟਕਾ ਲੱਗਾ ਹੈ। ਵੰਡ ਵੇਲੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਤੇ ਗੁਰਦੁਆਰਾ ਡੇਹਰਾ ਸਾਹਿਬ ਸਮੇਤ 100 ਦੇ ਕਰੀਬ ਵੱਡੇ ਛੋਟੇ ਗੁਰਧਾਮ ਪਾਕਿਸਤਾਨ ਵਿਚ ਰਹਿ ਜਾਣ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਨਹੀਂ ਰਹੇ ਸਨ ਤੇ ਹੁਣ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਇਕ ਵਾਰ ਫਿਰ ਹਰਿਆਣਾ ਰਾਜ ਵਿਚਲੇ ਗੁਰਦੁਆਰਾ ਐਕਟ 1925 ਦੇ ਸੈਕਸ਼ਨ 85 ਅਧੀਨ ਆਉਂਦੇ ਕਰੀਬ 8 ਗੁਰਦੁਆਰਾ ਸਾਹਿਬਾਨ ਸਮੇਤ ਸੈਕਸ਼ਨ 87 ਅਧੀਨ ਆਉਂਦੇ 50 ਤੋਂ ਵਧੇਰੇ ਗੁਰਦੁਆਰਾ ਸਾਹਿਬਾਨ ਵੀ ਸ਼੍ਰੋਮਣੀ ਕਮੇਟੀ ਦੇ ਹੱਥੋਂ ਪ੍ਰਬੰਧਕੀ ਤੌਰ 'ਤੇ ਨਿਕਲ ਜਾਣਗੇ। ਭਾਵੇਂ ਸ਼੍ਰੋਮਣੀ ਕਮੇਟੀ ਵਲੋਂ ਅਦਾਲਤੀ ਫ਼ੈਸਲੇ ਦਾ ਵਿਰੋਧ ਕਰਦਿਆਂ ਇਸ ਵਿਰੁੱਧ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ, ਪਰ ਫਿਲਹਾਲ ਇਸ ਫ਼ੈਸਲੇ ਨੇ ਪਹਿਲਾਂ ਤੋਂ ਹੀ ਪੰਜਾਬ ਵਿਚ ਧਰਮ ਪ੍ਰਚਾਰ ਦੀ ਘਾਟ ਅਤੇ ਸਰਹੱਦੀ ਇਲਾਕਿਆਂ ਵਿਚ ਹੋ ਰਹੇ ਧਰਮ ਪਰਿਵਰਤਨ ਦੇ ਮੁੱਦਿਆਂ ਨੂੰ ਲੈ ਕੇ ਘਿਰੀ ਹੋਈ ਸ਼੍ਰੋਮਣੀ ਕਮੇਟੀ ਦਾ ਬਹੁਤ ਨੁਕਸਾਨ ਹੋਇਆ ਹੈ। ਧਾਰਮਿਕ ਤੇ ਪੰਥਕ ਗਲਿਆਰਿਆਂ ਵਿਚ ਚਰਚਾ ਜ਼ੋਰਾਂ 'ਤੇ ਹੈ ਕਿ ਸਿੱਖ ਕੌਮ ਨੂੰ ਇੱਕਜੁੱਟ ਰੱਖਣ ਵਿਚ ਬਾਦਲ ਅਕਾਲੀ ਦਲ ਦੀ ਮੌਜੂਦਾ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਪੂਰੀ ਤਰ੍ਹਾਂ ਅਸਫਲ ਸਿੱਧ ਹੋਈ ਹੈ ਤੇ ਸਿਆਣੀ ਸਿੱਖ ਲੀਡਰਸ਼ਿਪ ਦੀ ਘਾਟ ਕਾਰਨ ਹੀ ਜਿੱਥੇ ਕਦੇ ਸ਼੍ਰੋਮਣੀ ਪੰਥਕ ਸੰਸਥਾ ਵਜੋਂ ਜਾਣਿਆ ਜਾਂਦਾ ਸ਼੍ਰੋਮਣੀ ਅਕਾਲੀ ਦਲ ਸਿਆਸੀ ਤੌਰ 'ਤੇ ਆਪਣਾ ਵਾਜੂਦ ਗੁਆ ਚੁੱਕਾ ਹੈ, ਉਥੇ ਸ਼੍ਰੋਮਣੀ ਕਮੇਟੀ ਅਤੇ ਗੁਰਧਾਮਾਂ ਦੇ ਪ੍ਰਬੰਧਾਂ 'ਤੇ ਮਾੜਾ ਪ੍ਰਭਾਵ ਵੀ ਪਿਆ ਹੈ। ਸਮਝਿਆ ਜਾਂਦਾ ਹੈ ਕਿ ਸਿੱਖਾਂ ਦੇ ਇਕਜੁੱਟ ਨਾ ਹੋਣ ਕਾਰਨ ਜਾਂ ਨਾ ਹੋਣ ਦਿੱਤੇ ਜਾਣ ਕਾਰਨ ਹੀ ਸਮੇਂ ਦੀਆਂ ਸਰਕਾਰਾਂ ਸਿੱਖ ਮਸਲਿਆਂ ਨੂੰ ਅਣਡਿੱਠ ਕਰ ਰਹੀਆਂ ਹਨ ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀਆਂ ਹੱਕੀ ਮੰਗਾਂ ਨੂੰ ਵੀ ਅਣਗੌਲਿਆਂ ਕੀਤਾ ਜਾ ਰਿਹਾ ਹੈ। ਇਸੇ ਵਰ੍ਹੇ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਹੋਈ ਨਮੋਸ਼ੀਜਨਕ ਹਾਰ ਤੋਂ ਬਾਅਦ ਹੁਣ ਇਸੇ ਦਲ ਦੀ ਸਰਸਪ੍ਰਤੀ ਵਾਲੀ ਸ਼੍ਰੋਮਣੀ ਕਮੇਟੀ ਦੇ ਸੰਵਿਧਾਨਕ ਤੌਰ 'ਤੇ ਪਰ ਕੁਤਰੇ ਜਾਣ ਬਾਅਦ ਹਰਿਆਣਾ ਰਾਜ ਦੇ ਗੁਰਦੁਆਰਾ ਸਾਹਿਬਾਨ ਤੇ ਸਿੱਖ ਵਿੱਦਿਅਕ ਅਦਾਰਿਆਂ ਦਾ ਪ੍ਰਬੰਧ ਹਰਿਆਣਾ ਗੁਰਦੁਆਰਾ ਕਮੇਟੀ ਦੇ ਹੱਥ ਚਲੇ ਜਾਣ ਨਾਲ ਇਸ ਸਿੱਖ ਸੰਸਥਾ ਦੀ ਆਮਦਨ ਅਤੇ ਸਾਲਾਨਾ ਬਜਟ 'ਤੇ ਵੀ ਵੱਡਾ ਅਸਰ ਪਵੇਗਾ। ਜਾਣਕਾਰੀ ਅਨੁਸਾਰ ਇਸ ਵਰ੍ਹੇ ਸਾਲ 2022-23 ਦੌਰਾਨ ਸ਼੍ਰੋਮਣੀ ਕਮੇਟੀ ਦਾ ਕੁੱਲ ਬਜਟ 9 ਅਰਬ 88 ਕਰੋੜ ਰੁਪਏ ਦਾ ਸੀ ਪਰ ਹੁਣ ਹਰਿਆਣਾ ਰਾਜ ਦੇ ਗੁਰਦੁਆਰਾ ਸਾਹਿਬਾਨ ਤੇ ਹੋਰ ਸੰਬੰਧਿਤ ਅਦਾਰਿਆਂ ਦਾ ਪ੍ਰਬੰਧ ਅਤੇ ਗੁਰੂ ਘਰਾਂ ਦੀਆਂ ਗੋਲਕਾਂ ਤੇ ਦੋ ਹਜ਼ਾਰ ਏਕੜ ਦੇ ਕਰੀਬ ਜ਼ਮੀਨਾਂ ਤੋਂ ਹਰ ਸਾਲ ਹੁੰਦੀ ਚੋਖੀ ਆਮਦਨ ਵਾਲੀ ਤਿਜ਼ੋਰੀ ਦੀ ਕੁੰਜੀ ਸੰਭਾਵਿਤ ਤੌਰ 'ਤੇ ਹਰਿਆਣਾ ਕਮੇਟੀ ਦੇ ਹੱਥ ਚਲੇ ਜਾਣ ਨਾਲ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਤੇ ਅਗਲੇ ਮਾਲੀ ਸਾਲ ਦੇ ਬਜਟ 'ਤੇ ਵੀ ਵੱਡਾ ਅਸਰ ਪ੍ਰਤੱਖ ਦਿਖਾਈ ਦੇਵੇਗਾ ਅਤੇ ਅਗਲੇ ਸਾਲ ਸ਼੍ਰੋਮਣੀ ਕਮੇਟੀ ਦਾ ਬਜਟ 20 ਤੋਂ 25 ਪ੍ਰਤੀਸ਼ਤ ਘੱਟ ਹੋ ਜਾਣ ਦੀ ਸੰਭਾਵਨਾ ਹੈ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਦੇਸ਼ ਭਰ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਕਰਦੀ ਆ ਰਹੀ ਸ਼੍ਰੋਮਣੀ ਕਮੇਟੀ ਦਾ ਅਧਿਕਾਰ ਖੇਤਰ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਹੋਰ ਸਿਮਟ ਗਿਆ ਹੈ। ਇਸ ਤੋਂ ਪਹਿਲਾਂ ਦੇਸ਼ ਵਿਦੇਸ਼ ਵਿਚ ਸ਼੍ਰੋਮਣੀ ਕਮੇਟੀ ਤੋਂ ਇਲਾਵਾ ਪ੍ਰਮੁੱਖ ਤੌਰ 'ਤੇ ਅਨੇਕਾਂ ਸਿੱਖ ਗੁਰਦੁਆਰਾ ਕਮੇਟੀਆਂ ਕਾਰਜਸ਼ੀਲ ਹਨ, ਜਿਨ੍ਹਾਂ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਕਮੇਟੀ, ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਨਾਂਦੇੜ, ਮਹਾਂਰਾਸ਼ਟਰ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਬਿਹਾਰ, ਅਮਰੀਕਨ ਸਿੱਖ ਗਰਦੁਆਰਾ ਪ੍ਰਬੰਧਕ ਕਮੇਟੀ ਆਦਿ ਕਾਰਜਸ਼ੀਲ ਸਨ, ਜਿਨ੍ਹਾਂ ਵਿਚੋਂ ਇਕ ਅੱਧ ਨੂੰ ਛੱਡ ਕੇ ਸ਼੍ਰੋਮਣੀ ਕਮੇਟੀ ਨਾਲ ਕੋਈ ਬਹੁਤਾ ਤਾਲਮੇਲ ਨਹੀਂ ਰਿਹਾ। ਹੁਣ ਹਰਿਆਣਾ ਸਿੱਖ ਗੁ: ਪ੍ਰ: ਕਮੇਟੀ ਨੂੰ ਵੱਖਰੇ ਤੌਰ 'ਤੇ ਮਾਨਤਾ ਮਿਲ ਜਾਣ ਕਾਰਨ ਹੁਣ ਸ਼੍ਰੋਮਣੀ ਕਮੇਟੀ ਦਾ ਅਧਿਕਾਰ ਖੇਤਰ ਸਿਮਟ ਕੇ ਕੇਵਲ ਪੰਜਾਬ ਤੇ ਚੰਡੀਗੜ੍ਹ ਤੱਕ ਹੀ ਰਹਿ ਗਿਆ ਹੈ ਤੇ ਇਸ ਦੀ ਤਾਕਤ ਕਾਫੀ ਕਮਜ਼ੋਰ ਹੋ ਗਈ ਹੈ।

### ਸ਼੍ਰੋਮਣੀ ਕਮੇਟੀ ਦਾ ਪ੍ਰਤੀਕਰਮ

ਸ਼੍ਰੋਮਣੀ ਕਮੇਟੀ ਨੇ ਵਿਸ਼ੇਸ਼ ਮਤਾ ਪਾਸ ਕਰਕੇ ਸੁਪਰੀਮ ਕੋਰਟ ਦਾ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ 2014 ਨੂੰ ਮਾਨਤਾ ਦੇਣ ਦਾ ਫ਼ੈਸਲਾ ਰੱਦ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਇੱਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਗਿਆ। ਉਨ੍ਹਾਂ ਮਤਾ ਪਾਸ ਕਰਕੇ ਕਿਹਾ ਕਿ ਸਿੱਖ ਗੁਰਦੁਆਰਾ ਐਕਟ 1925 ਦੇ ਕਾਇਮ ਹੁੰਦਿਆਂ ਕੋਈ ਵੀ ਸੂਬਾ ਐਕਟ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਕਮੇਟੀ ਦੀ ਮੀਟਿੰਗ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਏ ਕਿ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਬੰਧੀ ਫ਼ੈਸਲਾ ਸੁਣਾਉਣ ਵਾਲੇ ਸੁਪਰੀਮ ਕੋਰਟ ਦੇ ਦੋ ਵਿਚੋਂ ਇੱਕ ਜੱਜ ਦਾ ਸਬੰਧ ਆਰਐੱਸਐੱਸ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ, ਜਿਸ ਦੇ ਉਨ੍ਹਾਂ ਕੋਲ ਸਬੂਤ ਵੀ ਮੌਜੂਦ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਉਸ ਜੱਜ ਦਾ ਨਾਂ ਵੀ ਨਸ਼ਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਹਰਿਆਣਾ ਕਮੇਟੀ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਰੀਵਿਊ ਪਟੀਸ਼ਨ ਪਾਉਣ ਦਾ ਵੀ ਫ਼ੈਸਲਾ ਕੀਤਾ ਹੈ। ਇਸ ਦੇ ਨਾਲ ਹੀ ਅਗਲੀ ਰਣਨੀਤੀ ਵਿਚਾਰਨ ਲਈ 30 ਸਤੰਬਰ 2022 ਨੂੰ ਅੰਮ੍ਰਿਤਸਰ ਵਿੱਚ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਦੀ ਵਿਸ਼ੇਸ਼ ਇਕੱਤਰਤਾ ਬੁਲਾਈ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਲਿਆ ਗਿਆ ਫ਼ੈਸਲਾ ਨੀਲਾ ਤਾਰਾ ਤੋਂ ਵੀ ਵੱਡਾ ਹਮਲਾ ਹੈ। ਉਸ ਵੇਲੇ ਗੁਰਧਾਮਾਂ 'ਤੇ ਹਮਲਾ ਕੀਤਾ ਗਿਆ ਸੀ ਅਤੇ ਹੁਣ ਸਿੱਖ ਪੰਥ ਦੀ ਰੂਹ 'ਤੇ ਹਮਲਾ ਕੀਤਾ ਗਿਆ ਹੈ। ਅਜਿਹਾ ਤਾਂ ਕਦੇ ਅੰਗਰੇਜ਼ਾਂ ਦੇ ਜ਼ਮਾਨੇ 'ਵਿਚ ਵੀ ਨਹੀਂ ਹੋਇਆ ਸੀ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਹੀਸਿੱਖ ਗੁਰਦੁਆਰਾ ਐਕਟ 1925 ਵਿੱਚ ਕਿਸੇ ਕਿਸਮ ਦੀ ਸੋਧ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਪ੍ਰਵਾਨਗੀ ਮਗਰੋਂ ਸਿਰਫ ਕੇਂਦਰ ਸਰਕਾਰ ਕੋਲ ਹੈ। ਉਨ੍ਹਾਂ ਕਿਹਾ ਕਿ ਜੇ ਹਰਿਆਣਾ ਕਮੇਟੀ ਸਬੰਧੀ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਗੈਰ-ਸੰਵਿਧਾਨਕ ਸਾਜ਼ਿਸ਼ ਤਹਿਤ ਐਕਟ ਪਾਸ ਕਰਕੇ ਸ਼੍ਰੋਮਣੀ ਕਮੇਟੀ ਨੂੰ ਤੋੜਨ ਦੀ ਕੋਝੀ ਹਰਕਤ ਕੀਤੀ ਤਾਂ (**ਬਾਕੀ ਸਫ਼ਾ 30 'ਤੇ**)

# ਹਰਿਆਣਾ ਦੀ ਵੱਖਰੀ ਕਮੇਟੀ ਬਣਾਉਣ ਦਾ ਇਤਿਹਾਸ

ਹਰਿਆਣਾ ਦੇ ਕੁਝ ਸਿੱਖ ਆਗੂਆਂ ਨੇ ਮੀਟਿੰਗਾਂ ਮਗਰੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਸਾਲ 2000 ਵਿਚ ਕੀਤਾ ਸੀ। ਤਿਰਲੋਕ ਸਿੰਘ ਮਾਨ (ਸਾਬਕਾ ਜੇਲ੍ਹ ਸੁਪਰਡੈਂਟ) ਸਰਪਰਸਤ, ਜਥੇਦਾਰ ਹਰਬੰਸ ਸਿੰਘ ਡਾਚਰ ਪ੍ਰਧਾਨ ਅਤੇ ਜਗਦੀਸ਼ ਸਿੰਘ ਝੀਂਡਾ ਜਨਰਲ ਸਕੱਤਰ ਬਣੇ।

ਇਸ ਮੀਟਿੰਗ ਨੂੰ ਭਰਪੂਰ ਹੁੰਗਾਰਾ ਮਿਲਿਆ ਅਤੇ ਸਾਲ 2004 ਦੀਆਂ ਐਸਜੀਪੀਸੀ ਦੀਆਂ ਚੋਣਾਂ ਵਿੱਚ ਹਰਿਆਣਾ ਕਮੇਟੀ ਦੇ 7 ਮੈਂਬਰ ਜਿੱਤ ਗਏ। ਤਿਰਲੋਕ ਸਿੰਘ ਮਾਨ ਤੇ ਜਥੇਦਾਰ ਹਰਬੰਸ ਸਿੰਘ ਡਾਚਰ ਦੇ ਛੇਤੀ ਅਕਾਲ ਚਲਾਣਾ ਕਰਨ ਬਾਅਦ ਮਾਸਟਰ ਸੰਪੂਰਣ ਸਿੰਘ ਰਾਣੀਆਂ ਇਸ ਦੇ ਸਰਪਰਸਤ ਬਣੇ, ਜਗਦੀਸ਼ ਝੀਂਡਾ ਪ੍ਰਧਾਨ ਅਤੇ ਸਰਦਾਰ ਦੀਦਾਰ ਸਿੰਘ ਨਲਵੀ ਜਨਰਲ ਸਕੱਤਰ ਬਣੇ। ਹਰਿਆਣਾ ਦੀ ਕਮੇਟੀ ਲਈ ਸੰਘਰਸ਼ ਹੋਰ ਤਿੱਖਾ ਹੋਇਆ ਤੇ ਗਿਆਰਾਂ ਸਾਲਾਂ ਦੀ ਲੰਮੀ ਲੜਾਈ ਚੱਲੀ। ਸਾਲ 2014 ਵਿੱਚ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਨੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਹੀ ਵਿਧਾਨ ਸਭਾ ਵਿੱਚ ਹਰਿਆਣਾ ਦੀ ਵੱਖਰੀ ਕਮੇਟੀ ਲਈ ਮਤਾ ਪਾਸ ਕਰ ਦਿੱਤਾ। ਹਰਿਆਣਾ ਵਿਧਾਨ ਸਭਾ ਵੱਲੋਂ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ। ਜਗਦੀਸ਼ ਸਿੰਘ ਝੀਂਡਾ ਇਸ ਕਮੇਟੀ ਦੇ ਪ੍ਰਧਾਨ ਬਣੇ ਅਤੇ ਉਨ੍ਹਾਂ ਮਗਰੋਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਪ੍ਰਧਾਨਗੀ ਦੇ ਅਹੁਦੇ ਲਈ ਚੁਣੇ ਗਏ।



ਹਰਿਆਣਾ ਵਾਸੀ ਹਰਭਜਨ ਸਿੰਘ ਨੇ ਸਾਲ 2014 ਵਿੱਚ ਹੀ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਹਰਿਆਣਾ ਸਰਕਾਰ ਵੱਲੋਂ ਬਣਾਈ ਗਈ ਕਮੇਟੀ ਨੂੰ ਚੁਣੌਤੀ ਦਿੱਤੀ ਜਿਸ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਹੁਣ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਗਤਾਰ ਸਿੰਘ ਤਾਰੀ ਦੱਸਦੇ ਹਨ, 'ਹਰਿਆਣਾ ਵਿੱਚ 52 ਇਤਿਹਾਸਕ ਗੁਰਦੁਆਰੇ ਹਨ। ਅੰਬਾਲਾ ਜ਼ਿਲ੍ਹੇ ਵਿੱਚ ਸਭ ਤੋਂ ਜਿਆਦਾ ਅੱਠ ਜਦੋਂਕਿ ਕੁਰੂਕਸ਼ੇਤਰ ਵਿੱਚ ਸੱਤ ਇਤਿਹਾਸਕ ਗੁਰਦੁਆਰੇ ਹਨ।ਉਨ੍ਹਾਂ ਮੁਤਾਬਕ ਹਰਿਆਣਾ ਦੇ ਚਾਰ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ ਸੰਭਾਲ ਹਰਿਆਣਾ ਦੀ ਵੱਖਰੀ ਕਮੇਟੀ ਸਥਾਪਿਤ ਹੋਣ ਮਗਰੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਰ ਰਹੀ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਲ 2022-23 ਦਾ ਦੋ ਸੌ ਕਰੋੜ ਦਾ ਬਜਟ ਪਾਸ ਕੀਤਾ ਗਿਆ ਹੈ।

### ਹਰਿਆਣਾ ਦੇ ਗੁਰਦੁਆਰਿਆਂ ਦੀ ਜਾਇਦਾਦ

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਨੀਆਂ ਵਿੱਚੋਂ ਤਿਰਲੋਕ ਸਿੰਘ ਮਾਨ ਦੇ ਪੁੱਤਰ ਐਡਵੋਕੇਟ ਜੀਐਸ ਮਾਨ ਦੱਸਦੇ ਹਨ ਕਿ ਇਕ ਅਨੁਮਾਨ ਮੁਤਾਬਕ ਕਰੀਬ 33 ਸੌ ਕਿੱਲੇ ਗੁਰਦੁਆਰਿਆਂ ਦੀ ਜ਼ਮੀਨ ਹੈ। ਉਨ੍ਹਾਂ ਮੁਤਾਬਕ ਸਭ ਤੋਂ ਜਿਆਦਾ ਜ਼ਮੀਨ ਧਮਧਾਨ ਸਹਿਬ ਗੁਰਦੁਆਰਾ ਦੇ ਨਾਂ ਹੈ।

ਮਾਨ ਕਹਿੰਦੇ ਹਨ, 'ਸ਼੍ਰੋਮਣੀ ਕਮੇਟੀ ਹਰਿਆਣਾ ਦੇ ਗੁਰਦੁਆਰਿਆਂ ਤੋਂ ਪੈਸਾ ਤਾਂ ਲੈ ਕੇ ਜਾਂਦੀ ਰਹੀ ਪਰ ਹਰਿਆਣਾ ਅੰਦਰ ਵਿਦਿਅਕ ਅਤੇ ਸਿਹਤ ਸਹੂਲਤਾਂ ਲਈ ਜ਼ਿਆਦਾ ਖਰਚਾ ਨਹੀਂ ਕੀਤਾ ਗਿਆ। ਇਸ ਲਈ ਹਰਿਆਣਾ ਵਿੱਚ ਐੱਸਜੀਪੀਸੀ ਵੱਲੋਂ ਇਕ ਮੀਰੀ-ਪੀਰੀ ਮੈਡੀਕਲ ਕਾਲਜ ਦਾ ਨਿਰਮਾਣ ਕਰਵਾਇਆ ਗਿਆ ਹੈ ਤੇ ਕੁਝ ਕੁ ਸਕੂਲ ਹੀ ਹਰਿਆਣਾ 'ਚ ਐੱਸਜੀਪੀਸੀ ਚਲਾ ਰਹੀ ਹੈ।'

ਉਨ੍ਹਾਂ ਨੇ ਦੱਸਿਆ ਕਿ ਹਰਿਆਣਾ ਅੰਦਰਲੇ ਗੁਰਦੁਆਰਿਆਂ ਤੇ ਹੋਰ ਅਦਾਰਿਆਂ ਵਿੱਚ ਇਕ ਅਨੁਮਾਨ ਮੁਤਾਬਕ ਸਾਢੇ ਪੰਜ ਕੁ ਸੌ ਮੁਲਾਜ਼ਮ ਕੰਮ ਕਰਦੇ ਹਨ ਜਿਨ੍ਹਾਂ ਵਿੱਚੋਂ ਕਰੀਬ ਚਾਰ ਸੌ ਮੁਲਾਜ਼ਮ ਹਰਿਆਣਾ ਦੇ ਵਾਸੀ ਹਨ।ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਹਰਿਆਣਾ ਦੇ ਗੁਰਦੁਆਰਿਆਂ ਵਿਚ ਕੰਮ ਕਰਦੇ ਕਿਸੇ ਵੀ ਮੁਲਾਜ਼ਮ ਨੂੰ ਹਟਾਇਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਮੁਲਾਜ਼ਮ ਭਾਵੇਂ ਪੰਜਾਬ ਦਾ ਹੋਵੇ ਜਾਂ ਰਾਜਸਥਾਨ ਜਾਂ ਕਿਤੋਂ ਹੋਰ ਸੂਬੇ ਦਾ ਹੋਵੇ। ਆਪਣੀ ਮਰਜ਼ੀ ਨਾਲ ਕੋਈ ਮੁਲਾਜ਼ਮ ਛੱਡ ਕੇ ਜਾਂਦਾ ਹੈ ਤਾਂ ਉਸ ਨੂੰ ਰੋਕਿਆ ਨਹੀਂ ਜਾਵੇਗਾ।

### ਹਰਿਆਣਾ ਦੇ ਗੁਰਦੁਆਰਿਆਂ ਦੀ ਸਾਂਭ ਸੰਭਾਲ

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦਾ ਫੈਸਲਾ ਆਉਣ ਮਗਰੋਂ ਹਰਿਆਣਾ ਦੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਕਰਨ ਦਾ ਅਧਿਕਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਿਲ ਗਿਆ ਹੈ। ਕਾਨੂੰਨ ਅਨੁਸਾਰ ਹੀ ਗੁਰਦੁਆਰਿਆਂ ਦੀ ਸਾਂਭ ਸੰਭਾਲ ਹਰਿਆਣਾ ਦੀ ਕਮੇਟੀ ਆਪਣੇ ਹੱਥ ਲਵੇਗੀ। ਕਾਨੂੰਨ ਤੋਂ ਬਾਹਰ ਕੋਈ ਵੀ ਕੰਮ ਨਹੀਂ ਕੀਤਾ ਜਾਵੇਗਾ।

# ਬਾਦਲ ਦਲ ਕੋਲ ਮੌਜੂਦਾ ਸੰਕਟ ਨਾਲ ਨਜਿੱਠਣ ਲਈ ਜੱਥੇਬੰਦਕ ਅਗਵਾਈ ਦੀ ਘਾਟ

ਸਿਆਸੀ ਮੰਚ

ਜਗਰੂਪ ਸਿੰਘ ਸੇਖੋਂ
94170-75563

ਸ਼੍ਰੋਮਣੀ ਅਕਾਲੀ ਦਲ ਆਪਣੀ ਹੋਂਦ ਦੇ ਗੰਭੀਰ ਢਾਂਚਾਗਤ ਅਤੇ ਵਿਚਾਰਧਾਰਕ ਸੰਕਟ ਨਾਲ ਜੂਝ ਰਿਹਾ ਹੈ : ਇਸ ਪਾਰਟੀ ਨੇ 1920 ਵਿਚ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਉਥਲ-ਪੁਥਲ ਦੇ ਕਈ ਦੌਰ ਦੇਖੇ ਹਨ ਪਰ ਉਹ ਸੰਕਟ ਆਪਣੇ ਤਰੀਕੇ ਨਾਲ ਸੁਲਝਾ ਲਏ ਗਏ ਸਨ। ਮੌਜੂਦਾ ਸੰਕਟ ਨਾਲ ਨਜਿੱਠਣ ਲਈ ਜੱਥੇਬੰਦਕ ਢਾਂਚੇ ਅਤੇ ਅਗਵਾਈ ਦੀ ਕਮੀ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਤੇ ਉਸ ਤੋਂ ਬਾਅਦ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਵਿਚ ਪਾਰਟੀ ਦੀ ਹਾਰ ਨੇ ਚੋਟੀ ਦੇ ਆਗੂਆਂ ਦੇ ਪ੍ਰਬੰਧਕੀ ਹੁਨਰ ਦੀ ਨਾਕਾਮੀ ਜੱਗ ਜ਼ਾਹਿਰ ਕਰ ਦਿੱਤੀ ਹੈ। ਪਾਰਟੀ ਦੇ ਉੱਪਰਲੇ ਲੀਡਰਾਂ ਤੋਂ ਲੈ ਕੇ ਹੇਠਲੀ ਪੱਧਰ ਦੇ ਕਾਰਕੁਨਾਂ ਵਿਚ ਘੋਰ ਨਿਰਾਸ਼ਾ ਹੈ। ਇਸ ਵਰਤਾਰੇ ਦੇ ਕਾਰਨ ਭਾਵੇਂ ਬਹੁਤ ਸਾਰੇ ਹਨ ਪਰ ਸਭ ਤੋਂ ਵੱਡਾ ਕਾਰਨ ਅਕਾਲੀ-ਭਾਜਪਾ (2007-17) ਦੇ ਰਾਜ ਦੌਰਾਨ ਸਰਕਾਰ ਅਤੇ ਪਾਰਟੀ ਦੀ ਖ਼ਰਾਬ ਕਾਰਗੁਜ਼ਾਰੀ ਅਤੇ ਆਪ-ਹੁਦਰਾਪਣ ਹੈ।

ਪਾਰਟੀ ਵਿਚ ਟਕਰਾਅ 2007 ਵਾਲੀਆਂ ਚੋਣਾਂ ਤੋਂ ਬਾਅਦ ਹੀ ਸ਼ੁਰੂ ਹੋ ਗਿਆ ਸੀ ਜਦੋਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਵਿਚ ਬਹੁਤ ਸਾਰੇ ਸੀਨੀਅਰ ਲੀਡਰ ਲਾਂਭੇ ਕਰਕੇ 2008 ਵਿਚ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨ ਬਣਾ ਦਿੱਤਾ ਸੀ। ਇਸ ਤਬਦੀਲੀ ਤੋਂ ਬਾਅਦ ਦਲ ਦਾ ਨਿਘਾਰ ਸ਼ੁਰੂ ਹੋ ਗਿਆ ਪਰ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਜਿੱਤ ਨੇ ਇਹ ਸੰਕਟ ਅੱਗੇ ਪਾ ਦਿੱਤਾ। 2017 ਦੀਆਂ ਵਿਧਾਨ ਸਭਾ ਚੋਣਾਂ ਆਉਂਦਿਆਂ ਆਉਂਦਿਆਂ ਪਾਰਟੀ ਦੀਆਂ ਨੀਹਾਂ ਕਾਫ਼ੀ ਖੋਖਲੀਆਂ ਹੋ ਚੁੱਕੀਆਂ ਸਨ। ਬਹੁਤ ਸਾਰੇ ਟਕਸਾਲੀ ਅਤੇ ਬਜ਼ੁਰਗ ਆਗੂਆਂ ਨੇ ਜਾਂ ਤਾਂ ਪਾਰਟੀ ਤੋਂ ਲਾਂਭੇ ਹੋ ਕੇ ਆਪੋ-ਆਪਣੇ ਧੜੇ ਬਣਾ ਲਏ ਜਾਂ ਘਰ ਬੈਠ ਗਏ। 2022 ਤੱਕ ਪਾਰਟੀ ਬਿਲਕੁਲ ਹਾਸ਼ੀਏ 'ਤੇ ਪਹੁੰਚ ਗਈ।

ਮੌਜੂਦਾ ਦੌਰ ਵਿਚ ਪਾਰਟੀ ਦੇ ਹਾਲਾਤ ਅਤੇ ਪਿੱਛੇ ਜਿਹੇ ਹੋਈਆਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਅਕਾਲੀ ਦਲ ਵਿਚ ਲੀਡਰਸ਼ਿਪ ਦੀ ਤਬਦੀਲੀ ਦੀਆਂ ਆਵਾਜ਼ਾਂ ਉੱਚੀਆਂ ਹੋ ਗਈਆਂ। ਹਾਲਾਤ ਇੰਨੇ ਵਿਗੜ ਗਏ ਲੱਗਦੇ ਹਨ ਕਿ ਪਾਰਟੀ ਵਿਚ ਵਿਦਰੋਹ ਦਿਖਾਈ ਦਿੰਦਾ ਹੈ। ਪਾਰਟੀ ਦੇ ਤਿੰਨਾਂ ਵਿਧਾਇਕਾਂ ਵਿਚੋਂ ਇਕ ਨੇ ਪਾਰਟੀ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦਿਆਂ ਰਾਸ਼ਟਰਪਤੀ ਦੀ ਚੋਣ ਵਿਚ ਵੋਟ ਨਹੀਂ ਪਾਈ। ਇਨ੍ਹਾਂ ਚੋਣਾਂ ਵਿਚ ਭਾਜਪਾ ਦੇ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਨੂੰ ਵੋਟ ਪਾਉਣ ਦਾ ਫ਼ੈਸਲਾ ਪਾਰਟੀ ਨੇ ਵਿਧਾਇਕਾਂ ਨੂੰ ਭਰੋਸੇ ਵਿਚ ਲਏ ਬਿਨਾ ਕੀਤਾ ਸੀ। ਇਹ ਫ਼ੈਸਲਾ ਪਾਰਟੀ ਦੀ ਸਿਰਮੌਰ ਲੀਡਰਸ਼ਿਪ ਦੇ ਸੰਕਟ ਦਾ ਪ੍ਰਤੀਕ ਦਿਖਾਈ ਦਿੰਦਾ ਹੈ। ਇਸ ਤੋਂ ਇਹ ਪ੍ਰਭਾਵ ਵੀ ਜਾਂਦਾ ਹੈ ਕਿ ਲੀਡਰਸ਼ਿਪ ਪੰਜਾਬ, ਖ਼ਾਸਕਰ ਸਿੱਖਾਂ ਦੇ ਮਸਲਿਆਂ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਸਮਝਣ ਲਈ ਬਹੁਤੀ ਸੰਜੀਦਾ ਨਹੀਂ ਹੈ।

ਮਸਲੇ ਦਾ ਹੱਲ ਲੱਭਣ ਲਈ ਅਕਾਲੀ ਦਲ ਪ੍ਰਧਾਨ ਨੇ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਿਚ ਕਮੇਟੀ ਬਣਾਈ। ਕਮੇਟੀ ਦੀਆਂ ਸਿਫ਼ਾਰਸ਼ਾਂ ਮੁਤਾਬਿਕ ਪਾਰਟੀ ਦੀ ਸਿਰਮੌਰ ਲੀਡਰਸ਼ਿਪ ਨੇ ਕੁਝ ਫ਼ੈਸਲਿਆਂ ਦਾ ਐਲਾਨ ਪਿਛਲੇ ਦਿਨੀਂ ਜਨਤਕ ਤੌਰ 'ਤੇ ਕੀਤਾ ਜਿਨ੍ਹਾਂ ਅਨੁਸਾਰ ਪਾਰਟੀ ਦਾ ਮੁੱਖ ਕਾਰਜ ਜਥੇਬੰਦੀ ਨੂੰ ਮਜ਼ਬੂਤ ਕਰਕੇ ਪੰਜਾਬ ਅਤੇ ਮੁਲਕ ਦੀ ਸਿਆਸਤ ਵਿਚ ਵੱਡੀ ਭੂਮਿਕਾ ਨਿਭਾਉਣੀ ਹੈ। ਕੁੱਲ ਮਿਲਾ ਕੇ ਪਾਰਟੀ ਨੇ ਭਾਵੇਂ ਕੋਈ ਇਕ ਦਰਜਨ ਫ਼ੈਸਲੇ ਕਰਨ ਦਾ ਜਿ.ਕਰ ਕੀਤਾ ਪਰ ਇਸ ਵਿਚ ਉਸ ਖ਼ਾਸ ਮੁੱਦੇ ਤੋਂ ਟਾਲ-ਮਟੋਲ ਕੀਤੀ ਜਿਹੜਾ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਪਾਰਟੀ ਨੂੰ ਢਾਹ ਲਗਾ ਰਿਹਾ ਹੈ : ਭਾਵ, ਲੀਡਰਸ਼ਿਪ ਦੀ ਤਬਦੀਲੀ।




ਇਨ੍ਹਾਂ ਫ਼ੈਸਲਿਆਂ ਵਿਚ ਵਿਚੋਂ ਅਹਿਮ ਫ਼ੈਸਲਾ ਅਕਾਲੀ ਦਲ ਦਾ ਪੰਥਕ ਏਜੰਡੇ ਵੱਲ ਵਾਪਸੀ ਵਾਲਾ ਪੈਂਤੜਾ ਹੈ ਜਿਸ ਦੀ ਭਵਿੱਖ ਵਿਚ ਰਾਜਨੀਤਕ ਤੌਰ 'ਤੇ ਜਿਆਦਾ ਕਾਰਗਰ ਹੋਣ ਦੀ ਉਮੀਦ ਨਹੀਂ। ਇਸ ਦਾ ਮੁੱਖ ਕਾਰਨ ਮੌਜੂਦਾ ਸਮੇਂ ਵਿਚ ਰਾਜਨੀਤੀ ਦੀ ਬਦਲਦੀ ਤਸਵੀਰ ਹੈ। ਲੱਗਦਾ ਨਹੀਂ ਕਿ ਪਾਰਟੀ ਦੇ ਇਸ ਪੈਂਤੜੇ ਨਾਲ ਪੰਜਾਬ ਦੇ ਲੋਕ ਆਸਾਨੀ ਨਾਲ ਦਲ ਦੀ ਉਸ ਤਰ੍ਹਾਂ ਦੀ ਹਮਾਇਤ ਕਰਨਗੇ ਜਿਹੜਾ ਉਹ ਪਿਛਲੇ ਸਮਿਆਂ ਦੌਰਾਨ ਕਰਦੇ ਰਹੇ ਹਨ। ਇਸ ਦਾ ਮੁੱਖ ਕਾਰਨ ਪਾਰਟੀ ਦੇ ਨੇਤਾਵਾਂ ਦੀ ਲੋਕਾਂ, ਖ਼ਾਸਕਰ ਸਿੱਖਾਂ ਦੀਆਂ ਨਜ਼ਰਾਂ ਵਿਚ ਦਿੱਖ ਅਤੇ ਰਾਜਨੀਤਕ ਕਿਰਦਾਰ ਹਨ। ਇਸ ਸਮੇਂ ਪਾਰਟੀ ਵਿਚ ਕੋਈ ਵੀ ਲੀਡਰ ਚਮਤਕਾਰੀ ਕਿਰਦਾਰ ਨਹੀਂ ਰੱਖਦਾ ਜਿਸ ਨਾਲ ਉਹ ਲੋਕਾਂ ਨੂੰ ਇਹ ਯਕੀਨ ਦਿਵਾ ਸਕੇ ਕਿ ਭਵਿੱਖ ਵਿਚ ਉਹ ਲੋਕਾਂ ਦੀਆਂ ਆਸਾਂ 'ਤੇ ਖਰੇ ਉਤਰਨਗੇ।

ਤਾਜ਼ਾ ਅੰਕੜਿਆਂ ਮੁਤਾਬਕ ਪਿਛਲੇ ਸਮੇਂ ਵਿਚ ਸਿੱਖ ਵੋਟਰਾਂ ਦੇ ਦਲ ਪ੍ਰਤੀ ਰੁਝਾਨ ਵਿਚ ਲਗਾਤਾਰ ਕਮੀ ਆਈ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ/ਬੀਐੱਸਪੀ ਗੱਠਜੋੜ ਨੂੰ ਕੁੱਲ ਸਿੱਖ ਵੋਟਾਂ ਦਾ ਕੇਵਲ 22 ਪ੍ਰਤੀਸ਼ਤ ਹੀ ਮਿਲਿਆ। ਇਹ 2017 ਵਿਚ ਅਕਾਲੀ-ਭਾਜਪਾ ਗੱਠਜੋੜ ਨੂੰ ਮਿਲੀਆਂ 35 ਪ੍ਰਤੀਸ਼ਤ ਵੋਟਾਂ ਨਾਲੋਂ ਬਹੁਤ ਘੱਟ ਸਨ। ਮਾਲਵਾ ਜਿਹੜਾ ਕਿਸੇ ਸਮੇਂ ਅਕਾਲੀ ਦਲ ਦਾ ਗੜ੍ਹ ਹੁੰਦਾ ਸੀ, ਵਿਚ ਵੀ ਪਾਰਟੀ ਦੇ ਰਾਜਨੀਤਕ ਆਧਾਰ ਨੂੰ ਵੱਡਾ ਖ਼ੋਰਾ ਲੱਗਿਆ। ਇਸ ਤੋਂ ਇਲਾਵਾ 2022 ਦੀਆਂ ਚੋਣਾਂ ਵਿਚ ਪਾਰਟੀ ਨੂੰ ਇਸ ਦੀ ਰੀੜ੍ਹ ਦੀ ਹੱਡੀ ਵਜੋਂ ਜਾਣੇ ਜਾਂਦੇ ਜੱਟ ਸਿੱਖਾਂ ਦੀਆਂ ਕੁੱਲ ਵੋਟਾਂ ਦਾ ਕੇਵਲ 26.5 ਪ੍ਰਤੀਸ਼ਤ ਹੀ ਮਿਲਿਆ; ਆਮ ਆਦਮੀ ਪਾਰਟੀ ਨੇ 45.6 ਪ੍ਰਤੀਸ਼ਤ ਜੱਟ ਸਿੱਖਾਂ ਦੀ ਵੋਟ ਹਾਸਿਲ ਕੀਤੀ। ਅਕਾਲੀ ਦਲ ਦੇ ਗੱਠਜੋੜ ਨੂੰ ਖੱਤਰੀ ਸਿੱਖਾਂ ਦੀਆਂ 19 ਪ੍ਰਤੀਸ਼ਤ ਵੋਟਾਂ ਹੀ ਮਿਲੀਆਂ : ਆਮ ਆਦਮੀ ਤੇ ਕਾਂਗਰਸ ਨੂੰ ਕ੍ਰਮਵਾਰ 35.7 ਪ੍ਰਤੀਸ਼ਤ ਤੇ 24 ਪ੍ਰਤੀਸ਼ਤ ਵੋਟਾਂ ਮਿਲੀਆਂ। ਦਲਿਤ ਸਿੱਖ ਭਾਈਚਾਰਾ ਵੀ ਅਕਾਲੀ ਦਲ ਤੋਂ ਕੰਨੀ ਕਤਰਾਉਂਦਾ ਦਿਸਿਆ : ਇਸ ਗੱਠਜੋੜ ਨੂੰ 2022 ਦੀਆਂ ਚੋਣਾਂ ਵਿਚ ਕੁੱਲ ਦਲਿਤ ਸਿੱਖਾਂ ਦੀਆਂ ਵੋਟਾਂ ਦਾ ਕੇਵਲ 17.5 ਪ੍ਰਤੀਸ਼ਤ ਹੀ ਮਿਲਿਆ : ਆਮ ਆਦਮੀ ਪਾਰਟੀ ਤੇ ਕਾਂਗਰਸ ਨੂੰ ਇਸ ਭਾਈਚਾਰੇ ਦੀਆਂ ਕੁੱਲ ਵੋਟਾਂ ਦਾ ਕ੍ਰਮਵਾਰ 46 ਪ੍ਰਤੀਸ਼ਤ ਤੇ 27 ਪ੍ਰਤੀਸ਼ਤ ਵੋਟਾਂ ਮਿਲੀਆਂ। 2022 ਦੀਆਂ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਨੂੰ ਪੰਜਾਬ ਦੇ ਕੁੱਲ ਦਿਹਾਤੀ ਖੇਤਰ ਦੀਆਂ ਵੋਟਾਂ ਵਿਚ ਕੇਵਲ 22 ਪ੍ਰਤੀਸ਼ਤ ਵੋਟ ਹੀ ਮਿਲੇ ਜਿਸ ਨਾਲ ਇਸ ਦੀ ਰਾਜਨੀਤਕ ਹਾਲਤ ਬਹੁਤ ਪਤਲੀ ਹੋ ਗਈ ਹੈ। ਆਮ ਆਦਮੀ ਪਾਰਟੀ ਨੂੰ 42.5 ਪ੍ਰਤੀਸ਼ਤ ਤੇ ਕਾਂਗਰਸ ਨੂੰ 33.6 ਪ੍ਰਤੀਸ਼ਤ ਵੋਟਾਂ ਦਿਹਾਤੀ ਖੇਤਰ ਵਿਚ ਮਿਲੀਆਂ ਸਨ।

> ਪਾਰਟੀ ਵਿਚ ਟਕਰਾਅ 2007 ਵਾਲੀਆਂ ਚੋਣਾਂ ਤੋਂ ਬਾਅਦ ਹੀ ਸ਼ੁਰੂ ਹੋ ਗਿਆ ਸੀ ਜਦੋਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਵਿਚ ਬਹੁਤ ਸਾਰੇ ਸੀਨੀਅਰ ਲੀਡਰ ਲਾਂਭੇ ਕਰਕੇ 2008 ਵਿਚ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨ ਬਣਾ ਦਿੱਤਾ ਸੀ। ਇਸ ਤਬਦੀਲੀ ਤੋਂ ਬਾਅਦ ਦਲ ਦਾ ਨਿਘਾਰ ਸ਼ੁਰੂ ਹੋ ਗਿਆ ਪਰ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਜਿੱਤ ਨੇ ਇਹ ਸੰਕਟ ਅੱਗੇ ਪਾ ਦਿੱਤਾ। 2017 ਦੀਆਂ ਵਿਧਾਨ ਸਭਾ ਚੋਣਾਂ ਆਉਂਦਿਆਂ ਆਉਂਦਿਆਂ ਪਾਰਟੀ ਦੀਆਂ ਨੀਹਾਂ ਕਾਫ਼ੀ ਖੋਖਲੀਆਂ ਹੋ ਚੁੱਕੀਆਂ ਸਨ। ਬਹੁਤ ਸਾਰੇ ਟਕਸਾਲੀ ਅਤੇ ਬਜ਼ੁਰਗ ਆਗੂਆਂ ਨੇ ਜਾਂ ਤਾਂ ਪਾਰਟੀ ਤੋਂ ਲਾਂਭੇ ਹੋ ਕੇ ਆਪੋ-ਆਪਣੇ ਧੜੇ ਬਣਾ ਲਏ ਜਾਂ ਘਰ ਬੈਠ ਗਏ। 2022 ਤੱਕ ਪਾਰਟੀ ਬਿਲਕੁਲ ਹਾਸ਼ੀਏ 'ਤੇ ਪਹੁੰਚ ਗਈ।




ਹੁਣ ਅਕਾਲੀ ਦਲ ਵਿਚ ਨੌਜਵਾਨਾਂ ਦੀ ਹਿੱਸੇਦਾਰੀ ਵਧਾਉਣ ਦੀ ਗੱਲ ਕਰਦੇ ਹਾਂ। ਜੱਗ ਜ਼ਾਹਿਰ ਹੈ ਕਿ 18 ਤੋਂ 45 ਸਾਲ ਦੇ ਵੋਟਰਾਂ ਦੀ ਗਿਣਤੀ ਅੱਧੇ ਤੋਂ ਜਿਆਦਾ ਹੈ। ਕੋਈ ਵੀ ਪਾਰਟੀ ਇਨ੍ਹਾਂ ਵੱਡੀ ਗਿਣਤੀ ਵੋਟਰਾਂ ਨੂੰ ਅੱਖੋਂ ਓਹਲੇ ਕਰਕੇ ਆਪਣੀ ਸ਼ਕਤੀ ਨਹੀਂ ਵਧਾ ਸਕਦੀ। ਇਸੇ ਦੇ ਮੱਦੇਨਜ਼ਰ ਅਕਾਲੀ ਦਲ ਨੇ 50 ਪ੍ਰਤੀਸ਼ਤ ਪ੍ਰਤੀਨਿਧਤਾ (ਪਾਰਟੀ ਤੇ ਚੋਣਾਂ ਲੜਨ ਲਈ) ਨੌਜਵਾਨਾਂ ਨੂੰ ਦੇਣ ਦਾ ਐਲਾਨ ਕੀਤਾ ਹੈ ਪਰ ਜਿਸ ਤਰ੍ਹਾਂ ਦਾ ਵਰਤਾਰਾ ਇਸ ਦੇ 2007-27 ਵਾਲੇ ਰਾਜ ਵਿਚ ਸ਼ਾਮਿਲ ਨੌਜਵਾਨਾਂ ਨੇ ਕੀਤਾ ਹੈ, ਉਹ ਅਜੇ ਵੀ ਲੋਕਾਂ ਦੀ ਯਾਦ ਸ਼ਕਤੀ ਦਾ ਹਿੱਸਾ ਹਨ। ਪਾਰਟੀ ਵਿਚ ਆਪੇ ਬਣੇ 'ਨੌਜਵਾਨ ਨੇਤਾਵਾਂ' ਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਜ਼ਮੀਨੀ ਪੱਧਰ 'ਤੇ ਬਹੁਤ ਆਪ-ਹੁਦਰਾਪਣ ਦਿਖਾਇਆ। ਇਸ ਨਾਲ ਸੂਬੇ ਵਿਚ ਨਾਂ ਸਿਰਫ਼ ਕਾਨੂੰਨ ਵਿਵਸਥਾ ਦੀ ਹਾਲਤ ਨਿੱਘਰੀ ਸਗੋਂ ਉਨ੍ਹਾਂ ਵਿਚੋਂ ਕੁਝ ਦੀ ਗੁੰਡਾਗਰਦੀ ਨੇ ਸਮਝਦਾਰ ਨੌਜਵਾਨ ਪੀੜ੍ਹੀ ਨੂੰ ਪਾਰਟੀ ਤੋਂ ਪਿਛਾਂਹ ਹਟਾ ਦਿੱਤਾ ਜਿਸ ਦਾ ਖਮਿਆਜ਼ਾ ਪਾਰਟੀ ਨੂੰ 2014 ਤੋਂ ਹੁਣ ਤੱਕ ਹੋਈਆਂ ਚੋਣਾਂ ਵਿਚ ਭੁਗਤਣਾ ਪਿਆ। 2022 ਵਿਚ ਵਿਧਾਨ ਸਭਾ ਚੋਣ ਵਿਚ ਅਕਾਲੀ ਦਲ ਗੱਠਜੋੜ ਨੂੰ ਕੁੱਲ ਜਵਾਨ (18-45) ਵੋਟਰਾਂ ਦੇ ਕੇਵਲ 20 ਪ੍ਰਤੀਸ਼ਤ ਵੋਟ ਵੋਟ ਪਾਈ : ਕਾਂਗਰਸ ਨੂੰ 22 ਅਤੇ ਆਮ ਆਦਮੀ ਪਾਰਟੀ ਨੂੰ 45 ਪ੍ਰਤੀਸ਼ਤ ਵੋਟਾਂ ਮਿਲੀਆਂ।

ਇਸ ਤੋਂ ਇਲਾਵਾ ਪਾਰਟੀ ਗ਼ਰੀਬ ਤੇ ਹੇਠਲੇ ਤਬਕੇ ਦੇ ਲੋਕਾਂ ਦਾ ਭਰੋਸਾ ਵੀ ਗੁਆ ਚੁੱਕੀ ਹੈ। ਨਵੇਂ ਆਹਿਦ ਵਿਚ ਇਹ ਭਾਵੇਂ ਗ਼ਰੀਬਾਂ ਤੇ ਮਜ਼ਲੂਮਾਂ ਦਾ ਹਿਤੈਸ਼ੀ ਦੱਸਦੇ ਹਨ ਪਰ 2022 ਦੀਆਂ ਚੋਣਾਂ ਵਿਚ ਅਕਾਲੀ ਦਲ-ਬੀਐੱਸਪੀ ਗੱਠਜੋੜ ਕੇਵਲ 22 ਪ੍ਰਤੀਸ਼ਤ ਗ਼ਰੀਬ ਤੇ 18 ਪ੍ਰਤੀਸ਼ਤ ਹੇਠਲੇ ਤਬਕੇ ਦੇ ਵੋਟਰਾਂ ਦੀ ਪਸੰਦ ਬਣਿਆ ਜਦੋਂਕਿ 2012 ਦੀਆਂ ਚੋਣਾਂ ਵਿਚ ਕੁੱਲ ਗ਼ਰੀਬ ਤੇ ਹੇਠਲੇ ਤਬਕੇ ਦੇ ਕ੍ਰਮਵਾਰ 35 ਤੋਂ 37 ਪ੍ਰਤੀਸ਼ਤ ਲੋਕਾਂ ਦੀ ਪਸੰਦ ਸੀ। ਜ਼ਾਹਿਰ ਹੈ ਕਿ ਅਕਾਲੀ ਦਲ ਅਤੇ ਇਸ ਦੀ ਸਰਕਾਰ ਦੀ ਕਾਰਗੁਜ਼ਾਰੀ ਨੇ ਇਸ ਦਾ ਰਾਜਨੀਤਕ ਅਕਸ ਖਰਾਬ ਕੀਤਾ। ਲੋਕਾਂ ਦੀ ਨਜ਼ਰ 'ਚ ਇਸ ਵਰਤਾਰੇ ਲਈ ਮੌਜੂਦਾ ਲੀਡਰਸ਼ਿਪ ਜ਼ਿੰਮੇਵਾਰ ਹੈ ਜਿਸ ਨੇ ਪਾਰਟੀ 'ਤੇ ਕਬਜ਼ਾ ਕਰਕੇ ਤਾਕਤ ਦਾ ਕੇਂਦਰੀਕਰਨ ਕੀਤਾ।

ਇਸ ਵਰਤਾਰੇ ਨਾਲ ਪਾਰਟੀ ਦੀ ਮੂਲ ਭਾਵਨਾ ਜਿਸ ਦੀ ਲੀਡਰਸ਼ਿਪ ਹੁਣ ਦੁਹਾਈ ਦੇ ਰਹੀ ਹੈ, ਸੁੱਕ ਗਈ ਕਿਉਂਕਿ ਪਾਰਟੀ ਵਿਚ ਸੰਜੀਦਾ ਕੇਡਰ ਦੀ ਜਗ੍ਹਾ ਨਵਾਂ ਸੱਭਿਆਚਾਰ ਤਕੜਾ ਕੀਤਾ। ਦਲ ਦਾ ਕੁਰਬਾਨੀਆਂ ਦਾ ਮਾਣਮੱਤਾ ਇਤਿਹਾਸ ਹੈ। ਇਹ ਭਾਰਤ ਦੀਆਂ ਸਭ ਤੋਂ ਪੁਰਾਣੀਆਂ ਖੇਤਰੀ ਪਾਰਟੀਆਂ ਵਿਚੋਂ ਇਕ ਹੈ ਜੋ 1920 ਵਿਚ ਹੋਂਦ ਵਿਚ ਆਈ ਸੀ। ਪਾਰਟੀ ਦਾ ਮੁੱਢ ਅਜ਼ਾਦੀ ਦੇ ਸੰਘਰਸ਼ ਦੌਰਾਨ ਅਤੇ ਆਜ਼ਾਦ ਭਾਰਤ ਵਿਚ ਦਮਨਕਾਰੀ ਤੇ ਤਾਨਾਸ਼ਾਹੀ ਹਕੂਮਤਾਂ ਖਿਲਾਫ਼ ਸੀ। 1975 ਵਿਚ ਮੁਲਕ ਵਿਚ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਦੇ ਦਮਨਕਾਰੀ ਸ਼ਾਸਨ ਵਿਰੁੱਧ ਪਾਰਟੀ ਦੀ ਲੜਾਈ ਬੇਮਿਸਾਲ ਸੀ, ਇਸ ਦੇ ਉਲਟ ਮੌਜੂਦਾ ਲੀਡਰਸ਼ਿਪ ਨੇ ਲੋਕਾਂ ਨੂੰ ਕੀ ਅਕਸ ਦਿੱਤਾ ? ਇਸ ਨੇ 10 ਸਾਲਾਂ ਦੇ ਸ਼ਾਸਨ ਦੌਰਾਨ ਕਿਸਾਨਾਂ ਦੀ ਤਬਾਹੀ, ਆਰਥਿਕਤਾ ਦੀ ਵਿਗੜੀ ਹਾਲਤ, ਨਸ਼ਿਆਂ ਤੇ ਗੈਂਗਵਾਰ ਦਾ ਵਧਦਾ ਜਾਲ, ਭ੍ਰਿਸ਼ਟਾਚਾਰ, ਹੇਠਲੇ ਪੱਧਰ ਦੇ ਅਕਾਲੀ ਆਗੂਆਂ ਦੀ ਗੁੰਡਾਗਰਦੀ ਤੇ ਹੰਕਾਰ, ਢੋਆ-ਢੁਆਈ, ਸ਼ਰਾਬ, ਰੇਤਾ ਬਜਰੀ, ਕੇਬਲ, ਆਵਾਜਾਈ ਆਦਿ ਕਾਰੋਬਾਰਾਂ 'ਤੇ ਕਬਜ਼ਾ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਸਭ ਇਸ ਦੀ ਡਿੱਗਦੀ ਮਕਬੂਲੀਅਤ ਦੀਆਂ ਨਿਸ਼ਾਨੀਆਂ ਹਨ। ਇਹ ਮੁੱਦੇ ਪਾਰਟੀ ਲੀਡਰਸ਼ਿਪ ਦਾ ਖਹਿੜਾ ਨਹੀਂ ਛੱਡ ਰਹੇ ਅਤੇ ਲੀਡਰਸ਼ਿਪ ਵੀ ਅਸਲ ਮੁੱਦੇ ਹੱਲ ਕਰਨ ਦੀ ਬਜਾਇ ਓਹੜ-ਪੋਹੜ ਕਰ ਕੇ ਕੰਮ ਸਾਰਨਾ ਚਾਹੁੰਦੀ ਹੈ। ਇਸ ਦੀ ਮਿਸਾਲ ਇਹ ਹੈ ਕਿ ਪਾਰਟੀ ਨੇ ਝੂੰਦਾਂ ਕਮੇਟੀ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਦੀ ਗੱਲ ਕਹੀ ਹੈ : ਦਰਅਸਲ ਮੁੱਦਾ ਤਾਂ ਮੌਜੂਦਾ ਲੀਡਰਸ਼ਿਪ ਨੂੰ ਲਾਂਭੇ ਕਰ ਕੇ ਨਵੇਂ ਚਿਹਰੇ ਅੱਗੇ ਲਿਆਉਣ ਦਾ ਹੈ ਪਰ ਵੱਡਾ ਸਵਾਲ ਹੀ ਇਹ ਹੈ ਕਿ ਇਹ ਨਵੇਂ ਚਿਹਰੇ ਕਿੱਥੋਂ ਆਉਣਗੇ ? ਲੱਗਦਾ ਹੈ, ਪਾਰਟੀ ਦੀਆਂ ਜੜ੍ਹਾਂ ਹੋਰਨਾਂ ਪਾਰਟੀਆਂ ਵਾਂਗ ਕਾਫ਼ੀ ਖੋਖਲੀਆਂ ਹੋ ਗਈਆਂ ਹਨ। ਪਾਰਟੀ ਪੰਥਕ ਮੁੱਦੇ ਵਾਪਸ ਲਿਆਉਣ ਦੀ ਗੱਲ ਕਰ ਰਹੀ ਹੈ ਜਦੋਂਕਿ ਸਭ ਨੂੰ ਪਤਾ ਹੈ ਕਿ ਅਜਿਹੇ ਮੁੱਦੇ ਪਾਰਟੀ ਦਾ ਟਾਈਮ ਪਾਸ ਤਾਂ ਕਰ ਦੇਣਗੇ ਪਰ ਤਾਕਤ ਵਿਚ ਆਉਣ ਲਈ ਇਹ ਕਾਫ਼ੀ ਨਹੀਂ। ਅੱਜ ਦੀ ਰਾਜਨੀਤੀ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ ਜਿਸ ਵਿਚ ਲੋਕਾਂ ਦੇ ਮੁੱਦੇ, ਭਾਵ ਤਰੱਕੀ, ਰੁਜ਼ਗਾਰ, ਚੰਗਾ ਸ਼ਾਸਨ, ਸਮਝਦਾਰ ਲੀਡਰਸ਼ਿਪ, ਭਰੋਸੇਯੋਗਤਾ ਆਦਿ ਹਨ। ਪੰਜਾਬ ਇਸ ਸਮੇਂ ਕਈ ਕਿਸਮ ਦੀਆਂ ਤਰਾਸਦੀਆਂ ਵਿਚੋਂ ਲੰਘ ਰਿਹਾ ਹੈ ਜਿਹੜੀਆਂ ਭਾਵੇਂ ਦੋ ਵੱਡੀਆਂ ਪਾਰਟੀਆਂ ਭਾਵ ਕਾਂਗਰਸ ਤੇ ਅਕਾਲੀ-ਭਾਜਪਾ ਦੀ ਦੇਣ ਹੈ ਪਰ ਅਜੇ ਵੀ ਵੱਡੀ ਗਿਣਤੀ ਵਿਚ ਇਨ੍ਹਾਂ ਮਸਲਿਆਂ ਲਈ ਅਕਾਲੀ ਦਲ ਗੱਠਜੋੜ ਦੀਆਂ ਸਰਕਾਰਾਂ ਨੂੰ ਜਿਆਦਾ ਦੋਸ਼ ਦਿੰਦੇ ਹਨ।

# ਮੋਦੀ ਦੇ ਨਾਮ 'ਤੇ ਹੀ ਅਗਾਮੀ ਚੋਣ ਲੜੇਗੀ ਭਾਜਪਾ



## ਸਿਆਸੀ ਮੰਚ

ਅਨਿਲ ਜੈਨ

ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਸਾਲ ਅਤੇ ਅਗਲੇ ਸਾਲ ਭਾਵ 2023 ਵਿਚ ਹੋਣ ਵਾਲੀ ਕਿਸੇ ਵੀ ਰਾਜ ਦੀ ਵਿਧਾਨ ਸਭਾ ਚੋਣ ਲਈ ਭਾਰਤੀ ਜਨਤਾ ਪਾਰਟੀ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਪੇਸ਼ ਨਹੀਂ ਕਰੇਗੀ। ਸਾਰੀਆਂ ਚੋਣਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਅਤੇ ਚਿਹਰੇ 'ਤੇ ਹੀ ਲੜੀਆਂ ਜਾਣਗੀਆਂ। ਦੱਸਿਆ ਜਾਂਦਾ ਹੈ ਕਿ ਜਿਨ੍ਹਾਂ ਰਾਜਾਂ ਵਿਚ ਚੋਣ ਹੋਣੀ ਹੈ, ਉਥੇ ਭਾਰੀ ਗੁਟਬਾਜ਼ੀ, ਮੁੱਖ ਮੰਤਰੀਆਂ ਦੇ ਖ਼ਿਲਾਫ਼ ਐਂਟੀ ਇਨਕੁਬੈਂਸੀ (ਸਰਕਾਰ ਵਿਰੋਧੀ ਭਾਵਨਾ) ਅਤੇ ਗੈਰ-ਅਨੁਕੂਲ ਸਾਮਾਜਿਕ ਸਮੀਕਰਨਾਂ ਦੇ ਚਲਦਿਆਂ ਅਤੇ ਕੁਝ ਖੇਤਰੀ ਨੇਤਾਵਾਂ ਨੂੰ ਠਿਕਾਣੇ ਲਗਾਉਣ ਲਈ ਸਿਖਰਲੀ ਲੀਡਰਸ਼ਿਪ ਦੀ ਯੋਜਨਾ ਦੇ ਤਹਿਤ ਪਾਰਟੀ ਬਿਨਾ ਕੋਈ ਚਿਹਰਾ ਪੇਸ਼ ਕੀਤੇ ਚੋਣ ਲੜੇਗੀ। ਭਾਵ ਹਰ ਚੋਣ ਹੁਣ ਮੋਦੀ ਬਨਾਮ ਵਿਰੋਧੀ ਦਲ ਹੋਵੇਗੀ।

ਫਿਲਹਾਲ਼ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੁਲ 11 ਰਾਜਾਂ ਵਿਚ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ। ਇਸ ਸਾਲ ਦੇ ਆਖਿਰ ਵਿਚ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਚ ਚੋਣਾਂ ਹੋਣੀਆਂ ਹਨ ਅਤੇ ਅਗਲੇ ਸਾਲ ਦੀ ਸ਼ੁਰੂਆਤ ਭਾਵ ਫਰਵਰੀ-ਮਾਰਚ ਵਿਚ ਪੂਰਬ- ਉੱਤਰ ਦੇ ਤਿੰਨ ਰਾਜਾਂ ਮੇਘਾਲਿਆ, ਨਾਗਾਲੈਂਡ ਅਤੇ ਤ੍ਰਿਪੁਰਾ ਵਿਚ ਚੋਣਾਂ ਹੋਣਗੀਆਂ। ਉਸ ਤੋਂ ਬਾਅਦ ਮਈ ਵਿਚ ਕਰਨਾਟਕ ਅਤੇ ਫਿਰ ਸਾਲ ਦੇ ਅੰਤ ਵਿਚ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਵਿਚ ਵਿਧਾਨ ਸਭਾ ਚੋਣਾਂ ਹੋਣਗੀਆਂ।

ਇਸ ਸਾਲ ਸਭ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਹੋਣੀਆਂ ਹਨ, ਜਿੱਥੇ ਭਾਜਪਾ ਸੱਤਾ ਵਿਚ ਹੈ ਅਤੇ ਮੁੱਖ ਵਿਰੋਧੀ ਪਾਰਟੀ ਕਾਂਗਰਸ ਹੈ। ਰਵਾਇਤੀ ਤੌਰ 'ਤੇ ਮੁਕਾਬਲਾ ਇਨ੍ਹਾਂ ਦੋਵਾਂ ਪਾਰਟੀਆਂ ਵਿਚ ਹੀ ਹੁੰਦਾ ਦਿਖਾਈ ਦੇ ਰਿਹਾ ਹੈ। ਇਸ ਵਾਰ ਵੀ ਆਮ ਆਦਮੀ ਪਾਰਟੀ ਦੀ ਹਲਚਲ ਦੇ ਬਾਵਜੂਦ ਮੁਕਾਬਲਾ ਭਾਜਪਾ ਬਨਾਮ ਕਾਂਗਰਸ ਵਿਚਾਲੇ ਹੀ ਹੋਵੇਗਾ। ਇਸ ਸੂਬੇ ਵਿਚ ਪਿਛਲੇ ਕਈ ਦਹਾਕਿਆਂ ਤੋਂ ਹਰ ਪੰਜ ਸਾਲ ਵਿਚ ਸੱਤਾ ਬਦਲਣ ਦਾ ਰਿਵਾਜ ਰਿਹਾ ਹੈ, ਜਿਸ ਨੂੰ ਭਾਜਪਾ ਇਸ ਵਾਰ ਬਦਲਣਾ ਚਾਹੁੰਦੀ ਹੈ, ਜਦਕਿ ਕਾਂਗਰਸ ਇਸ ਚੋਣ ਵਿਚ ਮੁੱਖ ਮੰਤਰੀ ਜੈਰਾਮ ਠਾਕੁਰ ਦੇ ਪੰਜ ਸਾਲ ਦੇ ਕੰਮਕਾਜ ਨੂੰ ਮੁੱਦਾ ਬਣਾ ਕੇ ਸੱਤਾ ਹਾਸਲ ਕਰਨਾ ਚਾਹੁੰਦੀ ਹੈ। ਭਾਜਪਾ ਉਸ ਨੂੰ ਇਸ ਤਰ੍ਹਾਂ ਕਰਨ ਤੋਂ ਰੋਕਣ ਦੀ ਕੋਸ਼ਿਸ਼ ਵਿਚ ਜੁਟੀ ਹੋਈ ਹੈ। ਇਨ੍ਹਾਂ ਕੋਸ਼ਿਸ਼ਾਂ ਤਹਿਤ ਉਸ ਨੇ ਹੁਣ ਤੋਂ ਹੀ ਮਾਹੌਲ ਬਣਾ ਦਿੱਤਾ ਹੈ ਕਿ ਚੋਣਾਂ ਬਾਅਦ ਨਵਾਂ ਮੁੱਖ ਮੰਤਰੀ ਵੀ ਬਣ ਸਕਦਾ ਹੈ। ਇਸ ਲਈ ਉਹ ਚੋਣ ਜੈਰਾਮ ਠਾਕੁਰ ਦੇ ਚਿਹਰੇ 'ਤੇ ਨਹੀਂ, ਸਗੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਲੜੇਗੀ ਅਤੇ ਮੋਦੀ ਡਬਲ ਇੰਜਣ ਦੀ ਸਰਕਾਰ ਦੀ ਦੁਹਾਈ ਦੇ ਕੇ ਲੋਕਾਂ ਤੋਂ ਭਾਜਪਾ ਲਈ ਵੋਟਾਂ ਮੰਗਣਗੇ।

ਇਹੀ ਹਾਲ ਗੁਜਰਾਤ ਵਿਚ ਹੈ, ਜਿੱਥੇ ਹਿਮਾਚਲ ਪ੍ਰਦੇਸ਼ ਤੋਂ ਬਾਅਦ ਚੋਣਾਂ ਹੋਣੀਆਂ ਹਨ। ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਇਸ ਪਿੱਤਰੀ ਸੂਬੇ ਵਿਚ ਠੀਕ ਇਕ ਸਾਲ ਪਹਿਲਾਂ ਭਾਜਪਾ ਨੇ ਮੁੱਖ ਮੰਤਰੀ ਸਮੇਤ ਸਾਰੇ ਮੰਤਰੀ ਬਦਲ ਦਿੱਤੇ ਸਨ। ਵਿਜੈ ਰੂਪਾਨੀ ਦੀ ਜਗ੍ਹਾ ਭੁਪਿੰਦਰ ਪਟੇਲ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ। ਪਿਛਲੀਆਂ ਚੋਣਾਂ ਵਿਚ ਕਾਂਗਰਸ ਨੇ ਭਾਜਪਾ ਨੂੰ ਵੱਡੀ ਟੱਕਰ ਦਿੰਦੇ ਹੋਏ ਮੁਕਾਬਲਾ ਲਗਭਗ ਬਰਾਬਰੀ ਦਾ ਬਣਾ ਦਿੱਤਾ ਸੀ ਪਰ ਭਾਜਪਾ ਜਿਵੇਂ-ਤਿਵੇਂ ਸਰਕਾਰ ਬਣਾਉਣ ਵਿਚ ਸਫ਼ਲ ਹੋ ਗਈ ਸੀ। ਪਿਛਲੇ ਪੰਜ ਸਾਲਾਂ ਦੌਰਾਨ ਉਥੇ ਭਾਜਪਾ ਨੇ ਕਾਂਗਰਸ ਦੇ ਕਈ ਵਿਧਾਇਕਾਂ ਅਤੇ ਹੋਰ ਨੇਤਾਵਾਂ ਕੋਲੋਂ ਦਲ-ਬਦਲ ਕਰਵਾ ਕੇ ਕਾਂਗਰਸ 'ਤੇ ਮਨੋਵਿਗਿਆਨਕ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੀ ਹਲਚਲ ਵੀ ਕਾਂਗਰਸ ਲਈ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ ਪਰ ਇਸ ਦੇ ਬਾਵਜੂਦ ਮੁੱਖ ਤੌਰ 'ਤੇ ਮੁਕਾਬਲਾ ਭਾਜਪਾ ਅਤੇ ਕਾਂਗਰਸ ਵਿਚਕਾਰ ਹੀ ਹੋਣਾ ਹੈ। ਕਾਂਗਰਸ ਰਾਜ ਸਰਕਾਰ ਦੇ ਕੰਮਕਾਜ ਨੂੰ ਮੁੱਦਾ ਬਣਾ ਕੇ ਭਾਜਪਾ ਨੂੰ ਚੁਣੌਤੀ ਦੇਣ ਦੀ ਤਿਆਰੀ ਕਰ ਰਹੀ ਹੈ। ਕਾਂਗਰਸ ਨੂੰ ਲੱਗ ਰਿਹਾ ਹੈ ਕਿ ਪਿਛਲੇ ਅੱਠ ਸਾਲ ਤੋਂ ਭਾਜਪਾ ਨੇ ਤਿੰਨ ਮੁੱਖ ਮੰਤਰੀ ਬਦਲੇ ਹਨ। ਉਨ੍ਹਾਂ ਦੇ ਕੰਮਕਾਜ 'ਤੇ ਜੇਕਰ ਚੋਣ ਲੜੀ ਜਾਵੇਗੀ ਤਾਂ ਉਹ ਭਾਜਪਾ ਨੂੰ ਚੰਗੀ ਟੱਕਰ ਦੇ ਸਕਣਗੇ। ਭਾਜਪਾ ਵੀ ਇਸ ਗੱਲ ਨੂੰ ਸਮਝ ਚੁੱਕੀ ਹੈ, ਇਸ ਲਈ ਉਹ ਸਥਾਨਕ ਨੇਤਾਵਾਂ ਦੀ ਬਜਾਏ ਮੋਦੀ ਦਾ ਚਿਹਰਾ ਅੱਗੇ ਕਰ ਰਹੀ ਹੈ।

ਕਿਉਂਕਿ ਪੂਰੀ ਚੋਣ ਮੋਦੀ ਦੇ ਨਾਂ 'ਤੇ ਹੀ ਲੜੀ ਜਾਣੀ ਹੈ, ਇਸ ਲਈ ਪਾਰਟੀ ਨੇ ਮੁੱਖ ਮੰਤਰੀ ਅਤੇ ਸਾਰੇ ਸਾਬਕਾ ਮੁੱਖ ਮੰਤਰੀਆਂ ਨੂੰ ਛੱਡ ਕੇ ਪੂਰਾ ਧਿਆਨ ਸਿਰਫ਼ ਮੋਦੀ ਦੇ ਚਿਹਰੇ 'ਤੇ ਹੀ ਬਣਾਇਆ ਹੈ। ਜੁਲਾਈ ਮਹੀਨੇ ਵਿਚ ਮੁੱਖ ਮੰਤਰੀ ਭੁਪਿੰਦਰ ਪਟੇਲ ਨੇ ਚੋਣਾਂ ਦੇ ਮੱਦੇਨਜ਼ਰ 15 ਦਿਨਾ 'ਵੰਦੇ ਗੁਜਰਾਤ ਵਿਕਾਸ ਯਾਤਰਾ' ਦੀ ਸ਼ੁਰੂਆਤ ਕੀਤੀ ਸੀ, ਜਿਸ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਬਜਾਏ ਮੁੱਖ ਮੰਤਰੀ ਮੋਦੀ ਦੇ ਕੰਮ-ਕਾਜ ਦਾ ਹੀ ਗੁਣਗਾਨ ਕੀਤਾ ਗਿਆ। ਧਿਆਨਯੋਗ ਹੈ ਕਿ ਨਰਿੰਦਰ ਮੋਦੀ ਕਰੀਬ 21 ਸਾਲ ਪਹਿਲਾਂ ਗੁਜਰਾਤ ਦੇ ਮੁੱਖ ਮੰਤਰੀ ਬਣੇ ਸਨ। ਉਹ ਕਰੀਬ ਤੇਰਾਂ ਸਾਲ ਤੱਕ ਮੁੱਖ ਮੰਤਰੀ ਰਹੇ ਅਤੇ ਪਿਛਲੇ ਅੱਠ ਸਾਲ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਭਾਜਪਾ ਵਲੋਂ ਮੋਦੀ ਦੇ ਇਸ ਪੂਰੇ ਕਾਰਜਕਾਲ ਨੂੰ ਹੀ ਚੋਣ ਪ੍ਰਚਾਰ ਦਾ ਮੁੱਖ ਵਿਸ਼ਾ ਬਣਾਇਆ ਗਿਆ। 'ਵੰਦੇ ਗੁਜਰਾਤ ਵਿਕਾਸ ਯਾਤਰਾ' ਵਿਚ ਵੰਡੇ ਜਾਣ ਵਾਲੇ ਪਰਚਿਆਂ ਵਿਚ ਵੀ ਇਨ੍ਹਾਂ 21 ਸਾਲਾਂ ਦੌਰਾਨ ਗੁਜਰਾਤ ਲਈ ਕੀਤੇ ਮੋਦੀ ਦੇ ਕੰਮਕਾਜ ਦਾ ਹੀ ਜ਼ਿਕਰ ਕੀਤਾ ਗਿਆ। ਮੋਦੀ ਤੋਂ ਪਹਿਲਾਂ ਮੁੱਖ ਮੰਤਰੀ ਰਹੇ ਕੇਸ਼ੂਭਾਈ ਪਟੇਲ ਅਤੇ ਮੋਦੀ ਤੋਂ ਬਾਅਦ ਮੁੱਖ ਮੰਤਰੀ ਬਣੀ ਆਨੰਦੀ ਬੇਨ ਪਟੇਲ ਅਤੇ ਉਨ੍ਹਾਂ ਤੋਂ ਬਾਅਦ ਮੁੱਖ ਮੰਤਰੀ ਬਣੇ ਵਿਜੈ ਰੂਪਾਨੀ ਦਾ ਵੀ ਇਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ।

> ਨਰਿੰਦਰ ਮੋਦੀ ਕਰੀਬ 21 ਸਾਲ ਪਹਿਲਾਂ ਗੁਜਰਾਤ ਦੇ ਮੁੱਖ ਮੰਤਰੀ ਬਣੇ ਸਨ। ਉਹ ਕਰੀਬ ਤੇਰਾਂ ਸਾਲ ਤੱਕ ਮੁੱਖ ਮੰਤਰੀ ਰਹੇ ਅਤੇ ਪਿਛਲੇ ਅੱਠ ਸਾਲ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਭਾਜਪਾ ਵਲੋਂ ਮੋਦੀ ਦੇ ਇਸ ਪੂਰੇ ਕਾਰਜਕਾਲ ਨੂੰ ਹੀ ਚੋਣ ਪ੍ਰਚਾਰ ਦਾ ਮੁੱਖ ਵਿਸ਼ਾ ਬਣਾਇਆ ਗਿਆ। 'ਵੰਦੇ ਗੁਜਰਾਤ ਵਿਕਾਸ ਯਾਤਰਾ' ਵਿਚ ਵੰਡੇ ਜਾਣ ਵਾਲੇ ਪਰਚਿਆਂ ਵਿਚ ਵੀ ਇਨ੍ਹਾਂ 21 ਸਾਲਾਂ ਦੌਰਾਨ ਗੁਜਰਾਤ ਲਈ ਕੀਤੇ ਮੋਦੀ ਦੇ ਕੰਮਕਾਜ ਦਾ ਹੀ ਜ਼ਿਕਰ ਕੀਤਾ ਗਿਆ।



ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਤੋਂ ਬਾਅਦ ਅਗਲੇ ਸਾਲ ਫਰਵਰੀ-ਮਾਰਚ ਵਿਚ ਪੂਰਬ-ਉੱਤਰ ਦੇ ਤਿੰਨ ਰਾਜਾਂ ਮੇਘਾਲਿਆ, ਨਾਗਾਲੈਂਡ ਅਤੇ ਤ੍ਰਿਪੁਰਾ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਹਨ। ਇਨ੍ਹਾਂ ਵਿਚੋਂ ਸਿਰਫ਼ ਤ੍ਰਿਪੁਰਾ ਵਿਚ ਭਾਜਪਾ ਦੀ ਸਰਕਾਰ ਹੈ, ਜਿਥੇ ਪਾਰਟੀ ਨੇ ਕੁਝ ਦਿਨ ਪਹਿਲਾਂ ਹੀ ਮੁੱਖ ਮੰਤਰੀ ਬਦਲਿਆ ਹੈ। ਪਾਰਟੀ ਇਥੇ ਵੀ ਮੋਦੀ ਦੇ ਚਿਹਰੇ 'ਤੇ ਹੀ ਚੋਣ ਲੜੇਗੀ। ਬਾਕੀ ਦੇ ਦੋ ਰਾਜਾਂ ਮੇਘਾਲਿਆ ਅਤੇ ਨਾਗਾਲੈਂਡ ਵਿਚ ਖੇਤਰੀ ਦਲਾਂ ਦੀਆਂ ਸਰਕਾਰਾਂ ਹਨ ਅਤੇ ਭਾਜਪਾ ਦੀ ਮੌਜੂਦਗੀ ਨਾਮਾਤਰ ਹੀ ਹੈ, ਇਸ ਲਈ ਇਨ੍ਹਾਂ ਪ੍ਰਦੇਸ਼ਾਂ ਵਿਚ ਭਾਜਪਾ ਖੇਤਰੀ ਪਾਰਟੀਆਂ ਨਾਲ ਗੱਠਜੋੜ ਕਰਕੇ ਚੋਣ ਲੜੇਗੀ ਅਤੇ ਵਿਧਾਨ ਸਭਾ ਵਿਚ ਆਪਣੀ ਹਾਜ਼ਰੀ ਦਰਜ ਕਰਵਾਉਣ ਦੀ ਕੋਸ਼ਿਸ਼ ਕਰੇਗੀ।

ਇਨ੍ਹਾਂ ਚੋਣਾਂ ਤੋਂ ਬਾਅਦ ਮਈ ਵਿਚ ਕਰਨਾਟਕਾ ਵਿਧਾਨ ਸਭਾ ਦੀ ਚੋਣ ਹੋਣੀ ਹੈ, ਜਿਥੇ ਭਾਜਪਾ ਨੇ ਇਕ ਸਾਲ ਪਹਿਲਾਂ ਆਪਣੇ ਵੱਡੇ ਨੇਤਾ ਬੀ.ਐਸ. ਯੇਦੀਯੁਰੱਪਾ ਨੂੰ ਹਟਾ ਕੇ ਉਨ੍ਹਾਂ ਦੀ ਹੀ ਸਿਫਾਰਸ਼ 'ਤੇ ਲਿੰਗਾਇਤ ਭਾਈਚਾਰੇ ਦੇ ਨੇਤਾ ਬਸਵਰਾਜ ਬੋਮਈ ਨੂੰ ਮੁੱਖ ਮੰਤਰੀ ਤਾਂ ਬਣਾ ਦਿੱਤਾ ਸੀ ਪਰ ਉਨ੍ਹਾਂ ਦੀ ਪ੍ਰਸਿੱਧੀ ਅਤੇ ਰਾਜਨੀਤਿਕ ਬਲ 'ਤੇ ਪਾਰਟੀ ਨੂੰ ਸੰਦੇਹ ਹੈ, ਕਿਉਂਕਿ ਰਾਜ ਵਿਚ ਲਿੰਗਾਇਤ ਭਾਈਚਾਰਾ ਰਾਜਨੀਤਿਕ ਰੂਪ ਤੋਂ ਬੇਹੱਦ ਪ੍ਰਭਾਵਸ਼ਾਲੀ ਹੈ। ਇਸ ਲਈ ਬੋਮੲੀ ਨੂੰ ਬਣਾਈ ਰੱਖਣਾ ਪਾਰਟੀ ਦੀ ਮਜਬੂਰੀ ਹੈ ਪਰ ਚੋਣਾਂ ਤੋਂ ਬਾਅਦ ਵੀ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਉਣ ਦੀ ਘੋਸ਼ਣਾ ਨਹੀਂ ਕੀਤੀ ਜਾਵੇਗੀ ਅਤੇ ਪਾਰਟੀ ਮੋਦੀ ਦੇ ਚਿਹਰੇ 'ਤੇ ਹੀ ਚੋਣ ਲੜੇਗੀ।

ਅਗਲੇ ਸਾਲ ਦੇ ਅਖੀਰ ਵਿਚ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਬਾਕੀ ਹਨ। ਇਨ੍ਹਾਂ ਵਿਚ ਪਹਿਲਾਂ ਤਿੰਨ ਰਾਜਾਂ ਵਿਚ ਭਾਜਪਾ ਨੂੰ ਆਪਣੇ ਤਿੰਨ ਪੁਰਾਣੇ ਚਿਹਰਿਆਂ ਨੂੰ ਕਿਨਾਰੇ ਕਰਨਾ ਪਿਆ ਹੈ। ਇਨ੍ਹਾਂ ਤਿੰਨਾਂ ਰਾਜਾਂ ਵਿਚ ਭਾਜਪਾ ਪਿਛਲੀ ਵਾਰ ਹਾਰ ਕੇ ਸੱਤਾ ਤੋਂ ਬਾਹਰ ਹੋ ਗਈ ਸੀ, ਪਰ ਮੱਧ ਪ੍ਰਦੇਸ਼ ਵਿਚ ਉਹ ਇਕ ਸਾਲ ਬਾਅਦ ਹੀ ਕਾਂਗਰਸ ਵਿਚ ਵੱਡੇ ਪੱਧਰ 'ਤੇ ਹੋਈ ਬਗ਼ਾਵਤ ਦਾ ਫਾਇਦਾ ਉਠਾ ਕੇ ਕਾਂਗਰਸ ਦੀ ਸਰਕਾਰ ਡੇਗ ਕੇ ਆਪਣੀ ਸਰਕਾਰ ਬਣਾਉਣ ਵਿਚ ਸਫਲ ਹੋ ਗਈ ਸੀ। ਹਾਲਾਂਕਿ ਵਿਸ਼ੇਸ਼ ਸਥਿਤੀ ਵਿਚ ਸਰਕਾਰ ਬਣੀ ਸੀ ਇਸ ਲਈ ਹਾਈਕਮਾਨ ਦੇ ਨਾ ਚਾਹੁੰਦੇ ਹੋਏ ਵੀ ਮਜਬੂਰੀ ਵਿਚ ਫਿਰ ਤੋਂ ਸ਼ਿਵਰਾਜ ਸਿੰਘ ਚੌਹਾਨ ਨੂੰ ਮੁੱਖ ਮੰਤਰੀ ਬਣਾਉਣਾ ਪਿਆ ਸੀ। ਸ਼ਿਵਰਾਜ ਸਿੰਘ ਭਾਜਪਾ ਵਿਚ ਸਭ ਤੋਂ ਵੱਧ ਸਮੇਂ ਤੱਕ ਮੁੱਖ ਮੰਤਰੀ ਰਹਿਣ ਦਾ ਰਿਕਾਰਡ ਆਪਣੇ ਨਾਂ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਪਿਛਲੇ ਦਿਨੀਂ ਉਨ੍ਹਾਂ ਨੂੰ ਜਿਵੇਂ ਪਾਰਟੀ ਦੇ ਸੰਸਦੀ ਬੋਰਡ ਤੋਂ ਬਾਹਰ ਕੀਤਾ ਗਿਆ ਹੈ, ਉਸ ਤੋਂ ਲੱਗਦਾ ਹੈ ਕਿ ਹੁਣ ਪਾਰਟੀ ਦੀ ਲੀਡਰਸ਼ਿਪ ਉਨ੍ਹਾਂ ਨੂੰ ਕਿਨਾਰੇ ਕਰਨ ਦਾ ਮਨ ਬਣਾ ਚੁੱਕੀ ਹੈ। ਖ਼ੁਦ ਸ਼ਿਵਰਾਜ ਸਿੰਘ ਨੂੰ ਵੀ ਇਸ ਗੱਲ ਦਾ ਅਹਿਸਾਸ ਹੋ ਚੁੱਕਾ ਹੈ, ਇਸ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਸੰਸਦੀ ਬੋਰਡ ਤੋਂ ਬਾਹਰ ਕੀਤੇ ਜਾਣ ਤੋਂ ਬਾਅਦ ਕਿਹਾ ਸੀ ਕਿ ਪਾਰਟੀ ਜੇਕਰ ਉਨ੍ਹਾਂ ਨੂੰ ਝਾੜੂ ਲਗਾਉਣ ਦੀ ਜ਼ਿੰਮੇਵਾਰੀ ਵੀ ਸੌਂਪੇਗੀ ਤਾਂ ਉਹ ਖ਼ੁਸ਼ੀ-ਖ਼ੁਸ਼ੀ ਸਵੀਕਾਰ ਕਰਨਗੇ। ਫਿਲਹਾਲ ਪਾਰਟੀ ਉਨ੍ਹਾਂ ਨੂੰ ਕੀ ਨਵੀਂ ਜ਼ਿੰਮੇਵਾਰੀ ਦੇਵੇਗੀ, ਇਹ ਅਜੇ ਸਾਫ ਨਹੀਂ ਹੈ ਪਰ ਇਹ ਤੈਅ ਹੈ ਕਿ ਮੱਧ ਪ੍ਰਦੇਸ਼ ਵਿਚ ਪਾਰਟੀ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨਣ ਬਿਨਾਂ ਮੋਦੀ ਦੇ ਚਿਹਰੇ 'ਤੇ ਹੀ ਚੋਣ ਲੜੇਗੀ।

ਰਾਜਸਥਾਨ ਵਿਚ ਭਾਜਪਾ ਨੇ ਪਿਛਲੀ ਚੋਣ ਉਸ ਵੇਲੇ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਦੇ ਚਿਹਰੇ 'ਤੇ ਲੜੀ ਸੀ ਪਰ ਪਾਰਟੀ ਸੱਤਾ ਤੋਂ ਬਾਹਰ ਹੋ ਗਈ ਸੀ। ਵਸੁੰਧਰਾ ਨੇ ਹੁਣ ਵੀ ਖ਼ੁਦ ਨੂੰ ਮੁੱਖ ਮੰਤਰੀ ਅਹੁਦੇ ਦੀ ਉਮੀਦਵਾਰ ਮੰਨਦੇ ਹੋਏ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਰਾਜ ਵਿਚ ਨਵੀਂ ਲੀਡਰਸ਼ਿਪ ਤਿਆਰ ਕਰਨ ਦਾ ਫ਼ੈਸਲਾ ਕਰ ਲਿਆ ਹੈ। ਇਸ ਗੱਲ ਦਾ ਸੰਕੇਤ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਸਤੀਸ਼ ਪੂਨੀਆ ਵੀ ਦੇ ਚੁੱਕੇ ਹਨ। ਇਸੇ ਤਰ੍ਹਾਂ ਛੱਤੀਸਗੜ੍ਹ ਵਿਚ 15 ਸਾਲ ਤੱਕ ਮੁਖ ਮੰਤਰੀ ਰਹੇ ਰਮਨ ਸਿੰਘ ਹੁਣ ਤੋਂ ਹੀ ਖ਼ੁਦ ਨੂੰ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਮੰਨ ਰਹੇ ਹਨ। ਪਰ ਪਾਰਟੀ ਨੇ ਤੈਅ ਕਰ ਲਿਆ ਹੈ ਕਿ ਚੋਣ ਮੋਦੀ ਦੇ ਚਿਹਰੇ 'ਤੇ ਹੀ ਲੜੀ ਜਾਵੇਗੀ ਅਤੇ ਮੁੱਖ ਮੰਤਰੀ ਦਾ ਫ਼ੈਸਲਾ ਚੋਣ ਤੋਂ ਬਾਅਦ ਵਿਚ ਹੋਵੇਗਾ। ਤੇਲੰਗਾਨਾ ਵਿਚ ਹਾਲਾਂਕਿ ਭਾਜਪਾ ਦਾ ਸਿਰਫ਼ ਇਕ ਵਿਧਾਇਕ ਹੈ ਅਤੇ ਫਿਲਹਾਲ ਪਾਰਟੀ ਦਾ ਟੀਚਾ ਕਾਂਗਰਸ ਨੂੰ ਪਿੱਛੇ ਛੱਡ ਕੇ ਸੱਤਾਧਾਰੀ ਤੇਲੰਗਾਨਾ ਰਾਸ਼ਟਰ ਸਮਿਤੀ ਦੇ ਖਿਲਾਫ਼ ਆਪਣੇ ਆਪ ਨੂੰ ਮੁੱਖ ਵਿਰੋਧੀ ਪਾਰਟੀ ਦੇ ਰੂਪ ਵਿਚ ਸਥਾਪਿਤ ਕਰਨਾ ਹੈ। ਇਸ ਲਈ ਉਥੇ ਅਜੇ ਇਹ ਸਵਾਲ ਨਹੀਂ ਹੈ ਕਿ ਮੁੱਖ ਮੰਤਰੀ ਦਾ ਚਿਹਰਾ ਕੌਣ ਹੋਵੇਗਾ। ਮਿਜ਼ੋਰਮ ਵਿਚ ਵੀ ਪਾਰਟੀ ਦੀ ਹਾਲਤ ਮਾੜੀ ਹੈ, ਇਸ ਲਈ ਉਥੇ ਵੀ ਇਸ ਤਰ੍ਹਾਂ ਦਾ ਕੋਈ ਸੁਆਲ ਨਹੀਂ ਹੈ। ਮਤਲਬ ਜਿੱਥੇ ਵੀ ਭਾਜਪਾ ਨੂੰ ਜ਼ਰੂਰੀ ਲੱਗਦਾ ਹੈ ਉਨ੍ਹਾਂ ਸਾਰੇ ਰਾਜਾਂ ਵਿਚ ਪਾਰਟੀ ਨਰਿੰਦਰ ਮੋਦੀ ਦੇ ਚਿਹਰੇ 'ਤੇ ਹੀ ਚੋਣ ਲੜੇਗੀ।

## ਧਰਮ ਸੰਕਟ ਵਿਚ ਫਸੀ ਰਾਜਸਥਾਨ ਕਾਂਗਰਸ

# ਗਹਿਲੋਤ ਸਮਰਥਕ ਵਿਧਾਇਕਾਂ ਨੇ ਸਪੀਕਰ ਨੂੰ ਸੌਂਪੇ ਅਸਤੀਫ਼ੇ

**➤ ਕਾਂਗਰਸ ਬਨਾਮ ਕਾਂਗਰਸ ਦੀ ਅੰਦਰੂਨੀ ਖਾਨਾਜੰਗੀ ਤੋਂ ਹਾਈਕਮਾਨ ਖ਼ਫ਼ਾ ➤ ਗਹਿਲੋਤ ਸਮਰਥਕਾਂ ਨੇ ਰੱਖੀਆਂ ਸ਼ਰਤਾਂ**

## ਸੋਨੀਆ ਨੇ ਰਿਪੋਰਟ ਮੰਗੀ, ਗਹਿਲੋਤ ਨੂੰ ਮਨਾਉਣ ਦੀ ਜ਼ਿੰਮੇਵਾਰੀ ਕਮਲ ਨਾਥ ਨੂੰ ਸੌਂਪੀ

**ਪਿਛਲੇ ਸਾਲ ਪੰਜਾਬ ਵਿਧਾਨ ਸਭਾ ਦੇ ਕਾਂਗਰਸੀ ਵਿਧਾਇਕਾਂ ਨੇ ਪਾਰਟੀ ਹਾਈ ਕਮਾਨ ਦਾ ਸਾਥ ਦਿੱਤਾ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਅਸਤੀਫ਼ਾ ਦੇਣਾ ਪਿਆ ਸੀ। ਰਾਜਸਥਾਨ ਦੇ ਘਟਨਾਕ੍ਰਮ ਦੀ ਦਿਸ਼ਾ ਪੰਜਾਬ ਤੋਂ ਉਲਟ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਕਾਂਗਰਸ ਵਿਚ ਨਾ ਸਿਰਫ਼ ਪ੍ਰਧਾਨ ਬਣਨ ਦੀ ਪ੍ਰਕਿਰਿਆ ਥਿੜਕ ਗਈ ਹੈ ਸਗੋਂ ਰਾਹੁਲ ਗਾਂਧੀ ਦੀ ਸੀਨੀਅਰ ਆਗੂਆਂ ਨਾਲ ਮਿਲ ਕੇ ਚੱਲਣ ਅਤੇ ਸਮੂਹਿਕ ਲੀਡਰਸ਼ਿਪ ਬਣਾਉਣ ਦੀ ਸਮਰੱਥਾ 'ਤੇ ਵੀ ਸਵਾਲੀਆ ਨਿਸ਼ਾਨ ਲੱਗੇ ਹਨ।**





ਜੈਪੁਰ/ਏ.ਟੀ.ਨਿਊਜ਼ :- ਰਾਜਸਥਾਨ ਵਿਚ ਕਾਂਗਰਸ ਵਿਚ ਹੋਏ ਵਿਦਰੋਹ ਨੇ ਪਾਰਟੀ ਦੇ ਭਵਿੱਖ ਨੂੰ ਅਨਿਸ਼ਚਿਤਤਾ ਵੱਲ ਧੱਕ ਦਿੱਤਾ ਹੈ। ਲਗਭਗ ਦੋ ਦਹਾਕਿਆਂ ਬਾਅਦ ਕਾਂਗਰਸ ਵਿਚ ਪਾਰਟੀ ਪ੍ਰਧਾਨ ਚੁਣਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ ਅਤੇ ਅਸ਼ੋਕ ਗਹਿਲੋਤ ਦਾ ਪ੍ਰਧਾਨ ਬਣਨਾ ਨਿਸ਼ਚਿਤ ਮੰਨਿਆ ਜਾ ਰਿਹਾ ਸੀ। ਪਾਰਟੀ ਦਾ ਅੰਦਰੂਨੀ ਜਮਹੂਰੀਅਤ ਬਹਾਲ ਕਰਨ ਵੱਲ ਵਧਣਾ ਵਧੀਆ ਕਦਮ ਹੈ ਪਰ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਇਸ ਵਿਚ ਨਿਹਿਤ ਸੱਤਾ ਦੇ ਸਮੀਕਰਨਾਂ ਬਾਰੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ। ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਨੇ ਪ੍ਰਧਾਨ ਦੇ ਅਹੁਦੇ ਦੀ ਦੌੜ ਤੋਂ ਲਾਂਭੇ ਹੋ ਕੇ ਇਹ ਸੰਕੇਤ ਦੇਣ ਦਾ (ਬਾਕੀ ਸਫ਼ਾ 31 'ਤੇ)

### ਪੰਜਾਬ ਵਾਂਗ ਰਾਜਸਥਾਨ ਵੀ ਹੱਥੋਂ ਜਾ ਸਕਦੈ : ਸ਼ਾਂਤੀ ਧਾਰੀਵਾਲ

ਜੈਪੁਰ : ਮੁੱਖ ਮੰਤਰੀ ਅਸ਼ੋਕ ਗਹਿਲੋਤ ਸਮਰਥਕ ਮੰਤਰੀ ਸ਼ਾਂਤੀ ਧਾਰੀਵਾਲ ਦੀ ਮੀਟਿੰਗ ਦੀ ਇਕ ਵੀਡੀਓ ਵਾਇਰਲ ਹੋ ਰਹੀ ਹੈ। ਇਸ 'ਚ ਉਹ ਆਖ ਰਹੇ ਹਨ, 'ਪੰਜਾਬ ਵਿਚ ਸਾਨੂੰ ਸਾਜ਼ਿਸ਼ ਤਹਿਤ ਹਾਰ ਦਾ ਸਾਹਮਣਾ ਕਰਨਾ ਪਿਆ। ਜੇਕਰ ਅਸੀਂ ਇਕੱਠੇ ਨਾ ਰਹੇ ਅਤੇ ਅਸ਼ੋਕ ਗਹਿਲੋਤ ਮੁੱਖ ਮੰਤਰੀ ਦੇ ਅਹੁਦੇ 'ਤੇ ਨਾ ਰਹੇ ਤਾਂ ਸਾਡੇ ਹੱਥੋਂ ਰਾਜਸਥਾਨ ਵੀ ਖੁੱਸ ਸਕਦਾ ਹੈ। ਸਿਰਫ਼ ਗਹਿਲੋਤ ਹੀ ਚੋਣ ਵਰ੍ਹੇ 'ਚ ਵੋਟਰਾਂ ਨੂੰ ਦਿੱਤੀਆਂ ਗਈਆਂ ਸਹੂਲਤਾਂ ਦਾ ਲਾਹਾ ਲੈ ਸਕਦੇ ਹਨ।' ਕਾਂਗਰਸ ਆਗੂ ਮਾਰਗਰੇਟ ਅਲਵਾ ਨੇ ਕਿਹਾ ਹੈ ਕਿ ਆਗੂਆਂ ਨੂੰ ਰਾਹੁਲ ਗਾਂਧੀ ਤੋਂ ਸਬਕ ਲੈ ਕੇ ਪਾਰਟੀ ਹਿੱਤ 'ਵਿਚ ਆਪਣੀ ਕੁਰਬਾਨੀ ਦੇਣੀ ਚਾਹੀਦੀ ਹੈ।

## ਹਾਈਕਮਾਂਡ ਗਹਿਲੋਤ ਖ਼ਿਲਾਫ਼ ਨਰਮ ਹੋਈ

**☛ ਸਮਰਥਕ ਵਿਧਾਇਕਾਂ ਵਿਰੁੱਧ ਕਾਰਵਾਈ ਹੋਵੇਗੀ**
**☛ ਹਾਲੇ ਵੀ ਪ੍ਰਧਾਨ ਦੀ ਦੌੜ 'ਚ ਗਹਿਲੋਤ**

ਨਵੀਂ ਦਿੱਲੀ : ਰਾਜਸਥਾਨ ਕਾਂਗਰਸ 'ਚ ਚੱਲ ਰਹੀ ਅੰਦਰੂਨੀ ਖਾਨਾਜੰਗੀ ਦਰਮਿਆਨ ਪਾਰਟੀ ਹਾਈਕਮਾਨ ਦੇ ਨਿਰਦੇਸ਼ਾਂ 'ਤੇ ਮਾਮਲੇ ਨੂੰ ਸੁਲਝਾਉਣ ਦੀ ਦਿਸ਼ਾ ਵਿਚ ਦਿਨ ਭਰ ਸਰਗਰਮੀਆਂ ਦਾ ਦੌਰ ਜਾਰੀ ਰਿਹਾ। ਗਹਿਲੋਤ ਤੋਂ ਖ਼ਫ਼ਾ ਹੋਣ ਦੇ ਬਾਵਜੂਦ ਕਾਂਗਰਸ ਵਲੋਂ ਅੱਗੇ ਦਾ ਰਾਹ ਪੱਧਰਾ ਕਰਨ ਲਈ ਅੰਬਿਕਾ ਸੋਨੀ ਅਤੇ ਆਨੰਦ ਸ਼ਰਮਾ ਨੇ ਅਸ਼ੋਕ ਗਹਿਲੋਤ ਨਾਲ ਮੁਲਾਕਾਤ ਕੀਤੀ। ਦੋਹਾਂ ਆਗੂਆਂ ਨੇ ਪਾਰਟੀ ਦੀ ਅੰਤ੍ਰਿਮ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਤੋਂ ਬਾਅਦ ਗਹਿਲੋਤ ਨਾਲ ਮੁਲਾਕਾਤ ਕਰਕੇ ਇਸ 'ਬਣ ਆਏ ਵਿਵਾਦ' ਨੂੰ ਸੁਲਝਾਉਣ ਲਈ ਕਿਹਾ। ਇਸ ਦੌਰਾਨ ਰਾਜਸਥਾਨ ਦੇ ਇੰਚਾਰਜ ਮਲਿਕ ਅਰਜੁਨ ਖੜਗੇ ਅਤੇ ਸੂਬਾ ਇੰਚਾਰਜ ਅਜੈ ਮਾਕਨ ਨੇ ਸੋਨੀਆ ਗਾਂਧੀ ਨੂੰ ਲਿਖਤੀ ਰਿਪੋਰਟ ਸੌਂਪ ਦਿੱਤੀ ਹੈ। ਹਲਕਿਆਂ ਮੁਤਾਬਿਕ ਰਿਪੋਰਟ ਵਿਚ ਰਾਜਸਥਾਨ ਦੇ ਦੋ ਮੰਤਰੀਆਂ ਸ਼ਾਂਤੀ ਧਾਰੀਵਾਲ ਅਤੇ ਮਹੇਸ਼ ਜੋਸ਼ੀ ਅਤੇ ਵਿਧਾਇਕ ਧਰਮੇਂਦਰ ਰਾਠੌਰ 'ਤੇ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਸੋਨੀਆ ਗਾਂਧੀ ਵਲੋਂ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਏ. ਕੇ. ਐਂਟਨੀ ਨੂੰ ਵੀ ਦਿੱਲੀ ਤਲਬ ਕੀਤਾ ਗਿਆ, ਜਿਸ ਦੌਰਾਨ ਉਨ੍ਹਾਂ ਤਿੰਨੋਂ ਵਿਧਾਇਕਾਂ ਬਾਰੇ ਫੈਸਲਾ ਲਏ ਜਾਣ ਬਾਰੇ ਚਰਚਾ ਕੀਤੀ ਜਾਏਗੀ। ਪਾਰਟੀ ਹਲਕਿਆਂ ਮੁਤਾਬਿਕ ਗਹਿਲੋਤ ਹਾਲੇ ਵੀ ਪ੍ਰਧਾਨ ਦੀ ਦੌੜ 'ਚ ਬਣੇ ਹੋਏ ਹਨ। ਗਹਿਲੋਤ ਨਾਲ ਅੰਬਿਕਾ ਸੋਨੀ ਅਤੇ ਆਨੰਦ ਸ਼ਰਮਾ ਨੇ ਮੁਲਾਕਾਤ ਕੀਤੀ। ਹਲਕਿਆਂ ਮੁਤਾਬਿਕ ਦੋਹਾਂ ਆਗੂਆਂ ਨੇ ਉਨ੍ਹਾਂ ਨੂੰ ਰਾਜਸਥਾਨ ਸੰਕਟ ਨੂੰ ਸੁਲਝਾਉਣ ਲਈ ਕਿਹਾ ਅਤੇ ਨਾਲ ਹੀ ਉਨ੍ਹਾਂ ਨੂੰ ਸੋਨੀਆ ਗਾਂਧੀ ਨਾਲ ਮੁਲਾਕਾਤ ਦਾ ਸੰਦੇਸ਼ ਵੀ ਦਿੱਤਾ ਹੈ।

(ਬਾਕੀ ਸਫ਼ਾ 31 'ਤੇ)

# ਜਿਨਪਿੰਗ ਦਾ ਤਖਤਾ ਪਲਟਣ ਤੇ ਨਜ਼ਰਬੰਦ ਕੀਤੇ ਜਾਣ ਦੀ ਚਰਚਾ, ਜਨਰਲ ਲੀ ਵਲੋਂ ਰਾਸ਼ਟਰਪਤੀ ਹੋਣ ਦਾ ਦਾਅਵਾ

ਨਵੀਂ ਦਿੱਲੀ/ਏ.ਟੀ.ਨਿਊਜ਼ :- ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਤਖਤਾ ਪਲਟਣ ਅਤੇ ਉਨ੍ਹਾਂ ਨੂੰ ਨਜ਼ਰਬੰਦ ਕੀਤੇ ਜਾਣ ਦੀ ਚਰਚਾ ਹੈ। ਇੰਟਰਨੈੱਟ ਮੀਡੀਆ ਅਤੇ ਦੁਨੀਆ ਭਰ ਵਿੱਚ ਚੱਲ ਰਹੀ ਇਸ ਚਰਚਾ ਦੀ ਚੀਨ ਨਾ ਤਾਂ ਪੁਸ਼ਟੀ ਕਰ ਰਿਹਾ ਹੈ ਅਤੇ ਨਾ ਹੀ ਇਨਕਾਰ ਕਰ ਰਿਹਾ ਹੈ। ਹਰ ਛੋਟੇ ਜਾਂ ਵੱਡੇ ਮੁੱਦੇ 'ਤੇ ਪ੍ਰਤੀਕਿਰਿਆ ਦੇਣ ਵਾਲਾ ਚੀਨ ਦਾ ਵਿਦੇਸ਼ ਮੰਤਰਾਲਾ ਵੀਬੀਤੇ ਹਫਤੇ ਤੋਂ ਚੱਲ ਰਹੀ ਇਸ ਚਰਚਾ 'ਤੇ ਚੁੱਪ ਹੈ। ਉਜ਼ਬੇਕਿਸਤਾਨ 'ਚ ਸ਼ੰਘਾਈ ਸਹਿਯੋਗ ਸੰਗਠਨ ਸੰਮੇਲਨ 'ਚ ਹਿੱਸਾ ਲੈਣ ਤੋਂ ਬਾਅਦ 16 ਸਤੰਬਰ ਨੂੰ ਬੀਜਿੰਗ ਪਰਤੇ ਜਿਨਪਿੰਗ ਨੂੰ ਉਦੋਂ ਤੋਂ ਦੇਖਿਆ ਨਹੀਂ ਗਿਆ।

ਕੁਝ ਲੋਕਾਂ ਨੇ ਕਿਹਾ, ਚੀਨ ਸਰਕਾਰ ਦੇ ਵਿਦੇਸ਼ ਤੋਂ ਪਰਤੇ ਵਿਅਕਤੀ ਨੂੰ ਕੁਆਰੰਟੀਨ ਕਰਨ ਦੇ ਨਿਯਮ ਕਾਰਨ ਜਿਨਫਿੰਗ ਏਕਾਂਤਵਾਸ ਵਿੱਚ ਹਨ, ਪਰ ਤਿੰਨ ਦਿਨ ਦਾ ਸਮਾਂ ਬੀਤਣ ਦੇ ਬਾਅਦ ਵੀ ਜਿਨਫਿੰਗ ਨਜ਼ਰ ਨਹੀਂ ਆਏ।ਇਹ ਚਰਚਾ ਉਦੋਂ ਤੇਜ਼ ਹੋ ਗਈ ਹੈ ਜਦੋਂ ਜਿਨਪਿੰਗ ਦਾ ਪੰਜ ਸਾਲਾਂ ਦਾ ਦੂਜਾ ਕਾਰਜਕਾਲ ਖਤਮ ਹੋਣ ਵਾਲਾ ਹੈ ਅਤੇ ਸੱਤਾਧਾਰੀ ਕਮਿਊਨਿਸਟ ਪਾਰਟੀ ਕਾਂਗਰਸ ਵਿੱਚ ਤੀਜੇ ਕਾਰਜਕਾਲ ਲਈ ਪ੍ਰਸਤਾਵ ਪੇਸ਼ ਕੀਤਾ ਜਾਣ ਵਾਲਾ ਹੈ। ਪੰਜ ਸਾਲਾਂ ਵਿੱਚ ਇੱਕ ਵਾਰ ਹੋਣ ਵਾਲੀ ਕਾਂਗਰਸ ਦੀ ਚੋਣ 16 ਅਕਤੂਬਰ ਨੂੰ ਸ਼ੁਰੂ ਹੋਵੇਗੀ ਅਤੇ ਪਾਰਟੀ ਵਰਕਰਾਂ ਦੁਆਰਾ ਚੁਣੇ ਗਏ 2,296 ਨੁਮਾਇੰਦੇ ਇਸ ਵਿੱਚ ਸ਼ਾਮਲ ਹੋਣਗੇ।

**ਜਨਰਲ ਲੀ ਨੂੰ ਕਮਾਂਡ ਸੌਂਪੀ ਜਾ ਸਕਦੀ ਹੈ**

ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਲਈ ਪ੍ਰਸਤਾਵਿਤ ਕੀਤੇ ਜਾਣ ਵਾਲੇ ਨਾਂ 'ਤੇ ਇਹੀ ਚੁਣੇ ਹੋਏ ਨੁਮਾਇੰਦੇ ਮੋਹਰ ਲਾਉਂਦੇ ਹਨ। ਇਸ ਵਾਰ ਵੀ ਅਜਿਹਾ ਹੀ ਹੋਣ ਜਾ ਰਿਹਾ ਹੈ।



ਕਿਹਾ ਜਾ ਰਿਹਾ ਹੈ ਕਿ ਚੀਨ ਵਿਚ ਪਰਦੇ ਦੇ ਪਿੱਛੇ ਫੌਜ ਨੇ ਸ਼ਾਸਨ ਨੂੰ ਘੇਰ ਲਿਆ ਹੈ। ਜਨਰਲ ਲੀ ਕੁਆਓ ਨੇ ਰਾਸ਼ਟਰਪਤੀ ਦਾ ਅਹੁਦਾ ਸੰਭਾਲ ਲਿਆ ਹੈ। ਇਸ ਨੂੰ ਜਨਤਕ ਨਹੀਂ ਕੀਤਾ ਜਾ ਰਿਹਾ ਹੈ। 16 ਅਕਤੂਬਰ ਤੋਂ ਸ਼ੁਰੂ ਹੋ ਰਹੀ ਪਾਰਟੀ ਕਾਂਗਰਸ ਵਿਚ ਜਨਰਲ ਲੀ ਦੇ ਨਾਂ 'ਤੇ ਮੋਹਰ ਲਗਾਈ ਜਾਵੇਗੀ।

**ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ 'ਤੇ ਪਾਬੰਦੀ**

ਟਵਿੱਟਰ 'ਤੇ ਕੀਤੇ ਗਏ ਦਾਅਵੇ ਮੁਤਾਬਕ ਚੀਨ 'ਚ 6,000 ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ ਨੂੰ ਰੋਕ ਦਿੱਤਾ ਗਿਆ ਹੈ। ਇੰਟਰਨੈੱਟ ਮੀਡੀਆ 'ਤੇ ਚੱਲ ਰਹੀ ਚਰਚਾ ਮੁਤਾਬਕ ਚਿਨਫਿੰਗ ਹਿਰਾਸਤ ਵਿਚ ਸਾਰੇ ਸੰਪਰਕਾਂ ਤੋਂ ਦੂਰ ਹੈ। ਉਹ ਨਾ ਤਾਂ ਪਾਰਟੀ ਦੇ ਕਿਸੇ ਆਗੂ ਨੂੰ ਮਿਲ ਪਾ ਰਹੇ ਹਨ ਅਤੇ ਨਾ ਹੀ ਕਿਸੇ ਨਾਲ ਫ਼ੋਨ 'ਤੇ ਗੱਲ ਕਰ ਸਕਦੇ।

## ਪਾਕਿ 'ਚ ਮੌਜੂਦ ਸਿੱਖ ਰਾਜ ਦੇ ਦਸਤਾਵੇਜ਼ਾਂ ਦੀਆਂ ਨਕਲਾਂ ਭਾਰਤ ਲਿਆਂਦੀਆਂ ਜਾਣ

**ਲਾਹੌਰ, ਪਿਸ਼ਾਵਰ, ਮੁਲਤਾਨ ਦੇ ਅਜਾਇਬ-ਘਰਾਂ ਵਿਚ ਸਿੱਖ ਦਰਬਾਰ ਨਾਲ ਸੰਬੰਧਿਤ ਕਈ ਦਸਤਾਵੇਜ਼ ਸੁਰੱਖਿਅਤ : ਤਰਲੋਚਨ ਸਿੰਘ**

ਅੰਮ੍ਰਿਤਸਰ/ਏ.ਟੀ.ਨਿਊਜ਼:- ਪਾਕਿਸਤਾਨ ਦੇ ਲਾਹੌਰ, ਪਿਸ਼ਾਵਰ, ਮੁਲਤਾਨ ਆਦਿ ਸ਼ਹਿਰਾਂ ਦੇ ਅਜਾਇਬ-ਘਰਾਂ ਅਤੇ ਲਾਇਬ੍ਰੇਰੀਆਂ ਵਿਚ ਸਿੱਖ ਦਰਬਾਰ ਅਤੇ ਇਤਿਹਾਸ ਨਾਲ ਸੰਬੰਧਿਤ ਮੌਜੂਦ ਦਸਤਾਵੇਜ਼ਾਂ ਅਤੇ ਵਸਤੂਆਂ ਦੀਆਂ ਨਕਲਾਂ ਨੂੰ ਭਾਰਤ ਲਿਆਉਣ ਲਈ ਜਲਦੀ ਪਾਕਿ ਸਰਕਾਰ ਨਾਲ ਗੱਲਬਾਤ ਕਰਨੀ ਬਣਦੀ ਹੈ। ਸਾਬਕਾ ਸੰਸਦ ਮੈਂਬਰ ਸ: ਤਰਲੋਚਨ ਸਿੰਘ ਨੇ ਦੱਸਿਆ ਕਿ ਪਾਕਿ ਦੇ ਵੱਖ-ਵੱਖ ਸ਼ਹਿਰਾਂ ਦੇ ਅਜਾਇਬ-ਘਰਾਂ ਵਿਚ ਰੱਖੇ ਸਿੱਖ ਦਰਬਾਰ ਅਤੇ ਇਤਿਹਾਸ ਨਾਲ ਸੰਬੰਧਿਤ ਦਸਤਾਵੇਜ਼ਾਂ ਅਤੇ ਤਸਵੀਰਾਂ ਦੀ ਹੋਂਦ ਬਾਰੇ ਭਾਰਤੀ ਇਤਿਹਾਸ ਜਾਂ ਪੁਰਾਤਤਵ ਮਾਹਿਰਾਂ ਨੂੰ ਬਹੁਤੀ ਜਾਣਕਾਰੀ ਨਹੀਂ ਹੈ । ਇਸ ਲਈ ਇਨ੍ਹਾਂ ਅਤਿ ਮਹੱਤਵਪੂਰਨ ਦਸਤਾਵੇਜ਼ਾਂ ਅਤੇ ਵਸਤੂਆਂ ਦੀ ਪ੍ਰਤੀਕਿਤੀ (ਨਕਲ) ਤਿਆਰ ਕਰਕੇ ਭਾਰਤ ਲਿਆਉਣਾ ਬੇਹੱਦ ਜ਼ਰੂਰੀ ਹੈ ਤਾਂ ਕਿ ਇਨ੍ਹਾਂ ਦੀ ਅੰਮ੍ਰਿਤਸਰ, ਦਿੱਲੀ, ਚੰਡੀਗੜ੍ਹ ਆਦਿ ਦੇ ਅਜਾਇਬ-ਘਰਾਂ 'ਚ ਸਥਾਈ ਪ੍ਰਦਰਸ਼ਨੀ ਲਗਾਈ ਜਾ ਸਕੇ ਅਤੇ ਇਤਿਹਾਸ ਪ੍ਰੇਮੀ ਅਜੇ ਤੱਕ ਲੁਪਤ ਹੋਏ ਸਮਝੇ ਜਾ ਰਹੇ ਇਤਿਹਾਸ ਤੋਂ ਜਾਣੂ ਹੋ ਸਕਣ। ਦੱਸਣਯੋਗ ਹੈ ਕਿ ਲਾਹੌਰ ਸਥਿਤ ਸਿਵਲ ਸਕੱਤਰੇਤ ਵਿਖੇ ਅਨਾਰਕਲੀ ਦੇ ਮਕਬਰੇ ਵਿਚ ਸਥਾਪਿਤ ਹਿਸਟੋਰੀਕਲ ਰਿਕਾਰਡ ਆਫ਼ਿਸ ਲਾਇਬ੍ਰੇਰੀ ਅਤੇ ਲਾਹੌਰ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਆਰਟ ਗੈਲਰੀ ਦੀ 'ਸ਼ਹਿਜ਼ਾਦੀ ਬੰਬਾ ਕੁਲੈਕਸ਼ਨ' ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅੰਗਰੇਜ਼ ਚਿੱਤਰਕਾਰਾਂ ਦੁਆਰਾ ਬਣਾਏ ਬੇਸ਼ਕੀਮਤੀ ਤੇਲ ਚਿੱਤਰ, ਜਲ ਚਿੱਤਰ, ਹਾਥੀ-ਦੰਦ ਚਿੱਤਰ, ਧਾਤੂ ਦੇ ਬਣੇ ਮਾਡਲ ਸਮੇਤ ਸੈਂਕੜੇ ਫ਼ਾਰਸੀ ਵਿਚ ਲਿਖੇ ਸਿੱਖ ਰਾਜ ਦੇ ਹਸਤ ਲਿਖਤ ਸ਼ਾਹੀ ਫ਼ਰਮਾਨ, ਮੁਰਾਸਲੇ, ਪਰਵਾਨੇ, ਫ਼ੌਜੀ ਅਤੇ ਦਫ਼ਤਰੀ ਰਿਕਾਰਡ, ਅਖ਼ਬਾਰਾਤ-ਏ-ਸਿੱਖਾਂ, ਖ਼ਾਲਸਾ ਫ਼ੌਜ ਦਾ ਬਰਾਵੁਰਦ (ਤਲਬ/ਤਨਖ਼ਾਹ ਦਾ ਰਜਿਸਟਰ), ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਦਰਬਾਰ ਵਲੋਂ ਛੋਟੀਆਂ ਰਿਆਸਤਾਂ ਅਤੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨਾਲ ਹੋਈਆਂ ਸੰਧੀਆਂ, ਲੁਧਿਆਣਾ ਏਜੰਸੀ, ਕਰਨਾਲ ਏਜੰਸੀ, ਅੰਬਾਲਾ ਏਜੰਸੀ ਅਤੇ ਨਾਰਥ ਵੈਸਟ ਫ਼ਰੰਟੀਅਰ ਏਜੰਸੀ ਆਦਿ ਨੂੰ ਖ਼ਾਲਸਾ ਦਰਬਾਰ ਵਲੋਂ ਅਤੇ ਇਨ੍ਹਾਂ ਏਜੰਸੀਆਂ ਵਲੋਂ ਖ਼ਾਲਸਾ ਦਰਬਾਰ ਨੂੰ ਲਿਖੇ ਗਏ ਪੱਤਰ, ਅੰਗਰੇਜ਼-ਸਿੱਖ ਜੰਗਾਂ ਦਾ ਰਿਕਾਰਡ ਅਤੇ ਮਹਾਰਾਜਾ ਰਣਜੀਤ ਸਿੰਘ ਸਮੇਂ ਬਣਾਈਆਂ ਗਈਆਂ ਤਸਵੀਰਾਂ ਅਤੇ ਨਕਸ਼ੇ ਮੌਜੂਦ ਹਨ ।

## ਗੈਂਗਸਟਰ ਗੋਲਡੀ ਬਰਾੜ ਕੈਨੇਡਾ ਤੋਂ ਹੋਇਆ ਭਗੌੜਾ, ਕੈਲੀਫੋਰਨੀਆ 'ਚ ਲਈ ਪਨਾਹ

**ਬੰਬੀਹਾ ਗੈਂਗ ਦੀਆਂ ਧਮਕੀਆਂ ਕਾਰਨ ਬਦਲਿਆ ਟਿਕਾਣਾ**

ਟੋਰਾਂਟੋ/ਏ.ਟੀ.ਨਿਊਜ :- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ 'ਮੁੱਖ ਸਾਜ਼ਿਸ਼ਘਾੜਾ' ਗੋਲਡੀ ਬਰਾੜ ਕੈਨੇਡਾ ਤੋਂ ਭਗੌੜਾ ਹੋ ਗਿਆ ਹੈ। ਸੂਤਰਾਂ ਅਨੁਸਾਰ ਉਸ ਨੇ ਹੁਣ ਅਮਰੀਕੀ ਸੂਬੇ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਨੂੰ ਆਪਣਾ ਨਵਾਂ ਟਿਕਾਣਾ ਬਣਾ ਲਿਆ ਹੈ। ਉਸ ਨੂੰ ਡਰ ਲੱਗਣ ਲੱਗ ਪਿਆ ਸੀ ਕਿ ਕੈਨੇਡਾ ਵਿਚ ਉਸ ਉੱਤੇ ਕੋਈ ਘਾਤਕ ਹਮਲਾ ਹੋ ਸਕਦਾ ਹੈ ਕਿਉਂਕਿ ਇੱਥੇ ਮੂਸੇਵਾਲਾ ਦੇ ਪ੍ਰਸ਼ੰਸਕ ਵੱਡੀ ਗਿਣਤੀ ਵਿਚ ਮੌਜੂਦ ਹਨ। ਦਰਅਸਲ, ਬੰਬੀਹਾ ਨਾਂ ਦੇ ਅਪਰਾਧਕ ਗਰੋਹ ਨੇ ਵੀ ਉਸ ਨੂੰ ਸਿੱਧੀ ਚੁਣੌਤੀ ਦਿੱਤੀ ਹੋਈ ਹੈ ਤੇ ਉੱਪਰੋਂ ਉਸ ਨੂੰ ਭਾਰਤੀ ਖ਼ੁਫ਼ੀਆ ਏਜੰਸੀਆਂ ਦਾ ਵੀ ਖ਼ਤਰਾ ਹੈ। ਇਸ ਤੋਂ ਇਲਾਵਾ ਕੈਨੇਡਾ ਵਿਚ ਲਾਰੈਂਸ ਬਿਸ਼ਨੋਈ ਗਰੋਹ ਦੇ ਵੀ ਬਹੁਤ ਸਾਰੇ ਵਿਰੋਧੀ ਗੈਂਗ ਹਨ, ਇਸੇ ਲਈ ਗੋਲਡੀ ਬਰਾੜ ਨੇ ਹੁਣ ਆਪਣਾ ਟਿਕਾਣਾ ਬਦਲਣਾ ਬਿਹਤਰ ਸਮਝਿਆ ਹੈ।



ਜਾਣਕਾਰੀ ਅਨੁਸਾਰ ਅਮਰੀਕਾ 'ਚ ਗੋਲਡੀ ਬਰਾੜ ਨੇ ਕਾਨੂੰਨੀ ਤੌਰ 'ਤੇ ਪਨਾਹ ਹਾਸਲ ਕਰਨ ਲਈ ਅਪੀਲ ਵੀ ਦਾਖ਼ਲ ਕਰ ਦਿੱਤੀ ਹੈ। ਉਸ ਨੇ ਇਸ ਲਈ ਬਾਕਾਇਦਾ ਕਾਨੂੰਨੀ ਮਾਹਿਰਾਂ ਦੀ ਸਲਾਹ ਲਈ ਹੈ। ਇਹ ਅਪੀਲ ਅਜਿਹੇ ਵੇਲੇ ਕੀਤੀ ਜਾਂਦੀ ਹੈ, ਜਦੋਂ ਕਿਸੇ ਦੇ ਆਪਣੇ ਦੇਸ਼ ਤੋਂ ਇਨਸਾਫ਼ ਦੀ ਕੋਈ ਆਸ ਨਾ ਹੋਵੇ।

ਸਿੱਧੂ ਮੂਸੇਵਾਲਾ ਦਾ ਬੀਤੀ 29 ਮਈ ਨੂੰ ਪੰਜਾਬ ਦੇ ਮਾਨਸਾ ਵਿਚ ਕਤਲ ਹੋ ਗਿਆ ਸੀ। ਉਸ ਤੋਂ ਬਾਅਦ ਬਹੁਤ ਸਾਰੇ ਸ਼ਾਰਪ ਸ਼ੂਟਰ ਅਤੇ ਗੈਂਗਸਟਰ ਗ੍ਰਿਫ਼ਤਾਰ ਕੀਤੇ ਗਏ ਹਨ। ਉਨ੍ਹਾਂ ਸਭ ਤੋਂ ਕੀਤੀ ਪੁੱਛਗਿੱਛ ਤੋਂ ਸੁਰੱਖਿਆ ਏਜੰਸੀਆਂ ਦੀ ਸ਼ੱਕ ਦੀ ਸੂਈ ਗੋਲਡੀ ਬਰਾੜ 'ਤੇ ਵੀ ਹੈ।

### ਮਾਮਲਾ ਅੰਬ ਸਾਹਿਬ ਦੇ ਪਿੰਡ ਸੈਣੀਮਾਜਰਾ ਦੀ ਜ਼ਮੀਨ ਦਾ

# ਸਿੱਖ ਜਥੇਬੰਦੀਆਂ ਅਤੇ ਸੰਗਤਾਂ ਦੇ ਵਿਰੋਧ ਕਾਰਨ ਨਿਲਾਮੀ ਰੱਦ

ਮੋਹਾਲੀ/ਏ.ਟੀ.ਨਿਊਜ਼ :- ਪਿਛਲੇ 12 ਸਾਲਾਂ ਤੋਂ ਲਗਾਤਾਰ ਹੋ ਰਹੇ ਵਿਰੋਧ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਥਾਨਕ ਫੇਜ਼-8 ਵਿਚਲੇ ਗੁਰਦੁਆਰਾ ਅੰਬ ਸਾਹਿਬ ਦੀ ਪਿੰਡ ਸੈਣੀਮਾਜਰਾ ਵਿਚਲੀ ਜ਼ਮੀਨ ਵਿਚੋਂ 9 ਕਿੱਲੇ ਜ਼ਮੀਨ ਨਿਲਾਮ ਕਰਨ ਲਈ ਤਿਆਰੀਆਂ ਪੂਰੀਆਂ ਕੀਤੀਆਂ ਜਾ ਚੁੱਕੀਆਂ ਸਨ, ਪਰ ਮੁਹਾਲੀ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਦੀਪ ਸਿੰਘ ਸਮੇਤ ਹੋਰਨਾਂ ਸਿੱਖ ਜਥੇਬੰਦੀਆਂ ਅਤੇ ਸੰਗਤਾਂ ਵਲੋਂ ਇਸ ਦਾ ਸਖ਼ਤ ਵਿਰੋਧ ਕੀਤੇ ਜਾਣ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਜ਼ਮੀਨ ਦੀ ਨਿਲਾਮੀ ਰੱਦ ਕਰ ਦਿੱਤੀ ਗਈ। ਇਸ ਸੰਬੰਧੀ ਗੁਰਦੁਆਰਾ ਅੰਬ ਸਾਹਿਬ ਵਿਖੇ ਪਹੁੰਚੇ ਅਕਾਲ ਯੂਥ ਦੇ ਆਗੂ ਭਾਈ ਜਸਵਿੰਦਰ ਸਿੰਘ ਰਾਜਪੁਰਾ, ਪੰਥਕ ਅਕਾਲੀ ਲਹਿਰ ਦੇ ਪ੍ਰਭਜੋਤ ਸਿੰਘ, ਮਾਸਟਰ ਦਵਿੰਦਰ ਸਿੰਘ, ਗੁਰਨਾਮ ਸਿੰਘ ਸਿੱਧੂ ਤੇ ਬੀਬੀ ਮਨਦੀਪ ਕੌਰ ਲੋਕ ਭਲਾਈ ਵੈੱਲਫ਼ੇਅਰ ਸਮੇਤ ਹੋਰਨਾਂ ਪਤਵੰਤਿਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਵਲੋਂ ਬਾਦਲ ਪਰਿਵਾਰ ਦੀ ਸਰਪ੍ਰਸਤੀ ਹੇਠ ਸੂਬੇ ਅੰਦਰ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਬੇਸ਼ਕੀਮਤੀ ਜ਼ਮੀਨਾਂ ਕੌਡੀਆਂ ਦੇ ਭਾਅ ਵੇਚੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਖਾਸ ਕਰਕੇ ਐੱਸ. ਏ. ਐੱਸ. ਨਗਰ ਅੰਦਰ ਜ਼ਮੀਨਾਂ ਦੀ ਕੀਮਤ ਅਸਮਾਨੀ ਪਹੁੰਚ ਗਈ ਹੈ, ਪਰ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਲੋਕਾਂ ਨੇ ਧਾਰਮਿਕ ਅਸਥਾਨਾਂ ਦੀ ਜ਼ਮੀਨ ਨੂੰ ਵੇਚਣਾ ਸ਼ੁਰੂ ਕਰ ਦਿੱਤਾ ਹੈ, ਜਿਸ ਅਧੀਨ ਜ਼ਿਲ੍ਹਾ ਐੱਸ. ਏ. ਐੱਸ. ਨਗਰ ਨਗਰ ਵਿਚਲੇ ਪਿੰਡ ਸੈਣੀਮਾਜਰਾ ਦੀ 9 ਏਕੜ ਜ਼ਮੀਨ ਨੂੰ ਗਮਾਡਾ ਕੋਲ ਵੇਚਣ ਲਈ ਗੋਡੇ ਟੇਕ ਦਿੱਤੇ ਗਏ ਹਨ, ਜਦਕਿ ਧਾਰਮਿਕ ਅਸਥਾਨਾਂ ਦੀ ਜ਼ਮੀਨ ਜਬਰਦਸਤੀ ਐਕਵਾਇਰ ਨਹੀਂ ਕੀਤੀ ਜਾ ਸਕਦੀ।

**ਕੀ ਕਹਿਣਾ ਹੈ ਮੈਨੇਜਰ ਗੁਰਦੁਆਰਾ ਅੰਬ ਸਾਹਿਬ ਦਾ**

ਇਸ ਸੰਬੰਧੀ ਗੁਰਦੁਆਰਾ ਅੰਬ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਉਕਤ ਜ਼ਮੀਨ ਦੀ ਨਿਲਾਮੀ ਸੰਬੰਧੀ ਸਾਰੇ ਮੈਂਬਰਾਂ ਵਲੋਂ ਸਹਿਮਤੀ ਨਾਲ ਮਤਾ ਪਾਇਆ ਗਿਆ ਸੀ, ਪਰ ਜਦੋਂ ਇਸ ਸੰਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪਤਾ ਚਲਿਆ ਤਾਂ ਉਨ੍ਹਾਂ ਦੋ ਦਿਨ ਪਹਿਲਾਂ ਹੀ ਇਸ ਨਿਲਾਮੀ ਨੂੰ ਰੱਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਉਨ੍ਹਾਂ ਕਿਹਾ ਕਿ ਜੇਕਰ ਗਮਾਡਾ ਅਜੇ ਵੀ ਗੁਰਦੁਆਰਾ ਸਾਹਿਬ ਦੀਆਂ ਜ਼ਮੀਨ 'ਤੇ ਨਜ਼ਰ ਰੱਖਦੀ ਹੈ ਤਾਂ ਸੰਗਤਾਂ ਵਲੋਂ ਸ਼ੁਰੂ ਕੀਤੇ ਸੰਘਰਸ਼ ਦੌਰਾਨ ਸ਼੍ਰੋਮਣੀ ਕਮੇਟੀ ਹਰ ਢੰਗ ਨਾਲ ਸਾਥ ਦੇਵੇਗੀ।

**ਕੀ ਕਹਿਣਾ ਹੈ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੋਹਾਣਾ ਦਾ**

ਇਸ ਸੰਬੰਧੀ ਹਲਕਾ ਮੁਹਾਲੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਇਸ ਜ਼ਮੀਨ ਨੂੰ ਇਕ ਪਾਸੇ ਇਕੱਠੀ ਕਰਨ ਲਈ ਤੇ ਐਕਵਾਇਰ ਹੋਣ ਤੋਂ ਬਚਾਉਣ ਲਈ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ ਨੇ ਬਹੁਤ ਯਤਨ ਕੀਤੇ। ਸੋਹਾਣਾ ਨੇ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਮੈਂਬਰ ਹਰਦੀਪ ਸਿੰਘ ਅਤੇ ਹੋਰ ਸਿੱਖ ਜਥੇਬੰਦੀਆਂ ਇਸ ਸੰਬੰਧੀ ਕੋਈ ਕਾਰਵਾਈ ਅਮਲ ਵਿਚ ਲਿਆ ਸਕਦੀਆਂ ਹਨ ਤਾਂ ਉਹ ਵੀ ਉਨ੍ਹਾਂ ਨਾਲ ਖੜ੍ਹਨਗੇ।

# ਗਵਾਲੀਅਰ 'ਚ ਦਾਤਾ ਬੰਦੀ ਛੋੜ ਦਿਵਸ ਸ਼ਰਧਾ ਨਾਲ ਮਨਾਇਆ

ਗਵਾਲੀਅਰ/ਏ.ਟੀ.ਨਿਊਜ਼ :- ਗੁਰਦੁਆਰਾ ਦਾਤਾ ਬੰਦੀ ਛੋੜ ਗਵਾਲੀਅਰ ਵਿਖੇ ਤਿੰਨ ਦਿਨਾ ਗੁਰਮਤਿ ਸਮਾਗਮ ਵਿਖੇ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਨੇ 52 ਹਿੰਦੂ ਰਾਜਿਆਂ ਨੂੰ ਬੰਧਨ ਮੁਕਤ ਕਰਵਾਇਆ ਸੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅਰਦਾਸ ਤੋਂ ਬਾਅਦ ਪੈਦਲ ਸ਼ਬਦ ਚੌਂਕੀ ਯਾਤਰਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਬਾਬਾ ਸੇਵਾ ਸਿੰਘ ਨੇ ਰਵਾਨਾ ਕੀਤਾ। ਇਸ ਤੋਂ ਬਾਅਦ



ਸਜਾਏ ਗਏ ਕੀਰਤਨ ਦਰਬਾਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅਮਨਦੀਪ ਸਿੰਘ ਅਤੇ ਭਾਈ ਅੰਮ੍ਰਿਦੀਪ ਸਿੰਘ ਨੇ ਕੀਰਤਨ ਕੀਤਾ। ਬਾਬਾ ਦਰਸ਼ਨ ਸਿੰਘ ਗੁਮਟਾਲੇ ਵਾਲਿਆਂ ਨੇ ਕਥਾ ਕਰਦਿਆਂ ਕਿਹਾ ਕਿ ਅਰਦਾਸ ਕਰੀਏ ਕਿ ਪਾਤਸ਼ਾਹ ਸਾਨੂੰ ਵੀ ਦੁਨਿਆਵੀ ਬੰਧਨਾਂ ਤੋਂ ਮੁਕਤ ਕਰਨ। ਬਾਬਾ ਸੇਵਾ ਸਿੰਘ ਨੇ ਇਤਿਹਾਸ ਦਾ ਵਰਣਨ ਕਰਦਿਆਂ ਸੰਗਤ ਨੂੰ ਨਾਮ ਬਾਣੀ ਦਾ ਅਭਿਆਸ ਕਰਨ ਦੀ ਪ੍ਰੇਰਨਾ ਦੇਣ ਦੇ ਨਾਲ-ਨਾਲ ਆਪਣੇ-ਆਪਣੇ ਇਲਾਕੇ 'ਚ ਰੁੱਖ ਲਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਧਾਰਨ ਕਰਦਿਆਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਗੁਰੂ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ, 'ਅੱਜ ਤੋਂ ਮੇਰੀ ਪਿਆਰੀ ਭੇਟਾ ਵਧੀਆ ਸ਼ਸ਼ਤਰ ਤੇ ਚੰਗੇ ਜਵਾਨ ਹੋਣਗੇ।' ਉਨ੍ਹਾਂ ਨੇ ਮਸੰਦਾਂ ਨੂੰ ਹੁਕਮ ਜਾਰੀ ਕੀਤੇ ਕਿ ਉਹ ਲੋਕਾਂ ਨੂੰ ਧਨ ਦੀ ਥਾਂ ਵਧੀਆ ਜਵਾਨ, ਹਥਿਆਰ ਤੇ ਚੰਗੇ ਘੋੜੇ ਦੇਣ ਲਈ ਤਿਆਰ ਕਰਨ। ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਇੱਥੇ ਜਵਾਨਾਂ ਦੇ ਘੋਲ-ਦੰਗਲ ਹੁੰਦੇ ਤੇ ਯੋਧਿਆਂ ਦੀਆਂ ਵੀਰਰਸੀ ਵਾਰਾਂ ਗਾਈਆਂ ਜਾਣ ਲੱਗੀਆਂ। ਦਰਬਾਰ ਵਿੱਚ ਸਿੱਖਾਂ ਦੇ ਮਸਲਿਆਂ ਦੇ ਫ਼ੈਸਲੇ ਲਏ ਜਾਣ ਲੱਗੇ। ਇਸ ਨਾਲ ਸਿੱਖਾਂ ਵਿੱਚ ਜਾਗ੍ਰਿਤੀ ਆਈ ਅਤੇ ਸੈਨਿਕ ਰੁਚੀਆਂ ਬਲਵਾਨ ਹੋਈਆਂ। ਗੁਰੂ ਘਰ ਦੀ ਵਧਦੀ ਸ਼ਕਤੀ ਗੁਰੂਘਰ ਦੇ ਵਿਰੋਧੀਆਂ ਦੀਆਂ ਅੱਖਾਂ ਵਿੱਚ ਰੜਕਣ ਲੱਗੀ। ਅਜਿਹੇ ਲੋਕਾਂ ਨੇ ਮੁਰਤਜ਼ਾ ਖ਼ਾਨ ਦੇ ਗੁਰੂ ਜੀ ਦੇ ਵਿਰੁੱਧ ਕੰਨ ਭਰ ਦਿੱਤੇ। ਮੁਰਤਜ਼ਾ ਖ਼ਾਨ ਨੇ ਜਹਾਂਗੀਰ ਕੋਲੋਂ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਲੈ ਕੇ, ਵਜ਼ੀਰ ਖ਼ਾਨ ਅਤੇ ਗੁੰਚਾ ਬੇਗ਼ ਨੂੰ ਗੁਰੂ ਜੀ ਪਾਸ ਭੇਜਿਆ ਕਿ ਉਹ ਆਗਰੇ ਪੇਸ਼ ਹੋਣ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਦਾ ਕੰਮ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਸੰਭਾਲਿਆ ਤੇ ਦਿੱਲੀ ਰਵਾਨਾ ਹੋ ਗਏ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਵਿੱਚ ਨਜ਼ਰਬੰਦ ਕਰਨ ਦਾ ਹੁਕਮ ਦੇ ਦਿੱਤਾ। ਇਸੇ ਦੌਰਾਨ ਬਾਦਸ਼ਾਹ ਜਹਾਂਗੀਰ ਬਿਮਾਰ ਹੋ ਗਿਆ। ਸਾਈਂ ਮੀਆਂ ਮੀਰ ਨੇ ਜਹਾਂਗੀਰ ਨੂੰ ਕਿਹਾ, 'ਇਹ ਖ਼ੁਦਾਈ ਕਹਿਰ ਹੈ, ਤੁਸੀਂ ਖ਼ੁਦਾ ਦੇ ਨੇਕ ਬੰਦੇ ਗੁਰੂ ਹਰਿਗੋਬਿੰਦ ਸਾਹਿਬ ਦੀ ਬੇਅਦਬੀ ਕੀਤੀ ਹੈ। ਉਸ ਨੂੰ ਬਿਨਾਂ ਕਾਰਨ ਜੇਲ੍ਹ ਵਿੱਚ ਕੈਦ ਕੀਤਾ ਹੈ।' ਵਜ਼ੀਰ ਖ਼ਾਨ ਨੇ ਵੀ ਇਸ ਦੀ ਹਾਮੀ ਭਰੀ। ਜਹਾਂਗੀਰ ਦੀ ਪਤਨੀ ਨੂਰਜਹਾਂ ਨੇ ਵੀ ਜ਼ੋਰ ਦੇ ਕੇ ਆਖਿਆ ਕਿ ਗੁਰੂ ਹਰਿਗੋਬਿੰਦ ਜੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਸਿੱਟੇ ਵਜੋਂ ਜਹਾਂਗੀਰ ਨੇ ਹੁਕਮ ਕੀਤਾ ਕਿ ਗੁਰੂ ਸਾਹਿਬ ਨੂੰ ਬਿਨਾਂ ਸ਼ਰਤ ਰਿਹਾਅ ਕਰ ਕੇ ਅਦਬ ਨਾਲ ਵਾਪਸ ਲਿਆਂਦਾ ਜਾਵੇ। ਗਵਾਲੀਅਰ ਦੇ ਬਾਕੀ ਕੈਦੀ ਗੁਰੂ ਜੀ ਦੀ ਰਿਹਾਈ ਦੀ ਖ਼ਬਰ ਸੁਣ ਕੇ ਉਦਾਸ ਹੋ ਗਏ। ਇਸ ਲਈ ਰਾਜਿਆਂ ਨੇ ਆਪਣੀ ਰਿਹਾਈ ਲਈ ਵੀ ਗੁਰੂ ਜੀ ਪਾਸ ਬੇਨਤੀ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਨੇ ਵਜ਼ੀਰ ਨੂੰ ਆਖ ਭੇਜਿਆ ਕਿ ਇਹ ਬੇਦੋਸ਼ੇ ਰਾਜੇ ਵੀ ਰਿਹਾਅ ਕੀਤੇ ਜਾਣ। ਇਨ੍ਹਾਂ ਦੀ ਰਿਹਾਈ ਤੋਂ ਬਿਨਾਂ ਉਨ੍ਹਾਂ ਦੀ ਰਿਹਾਈ ਨਹੀਂ ਹੋ ਸਕਦੀ। ਜਹਾਂਗੀਰ ਨੇ ਕਿਹਾ ਕਿ ਜਿੰਨੇ ਕੈਦੀ ਗੁਰੂ ਜੀ ਦਾ ਪੱਲਾ ਫੜ ਕੇ ਬਾਹਰ ਨਿਕਲ ਜਾਣਗੇ, ਰਿਹਾਅ ਸਮਝੇ ਜਾਣਗੇ। ਗੁਰੂ ਹਰਿਗੋਬਿੰਦ ਜੀ ਨੇ ਬਵੰਜਾ ਕਲੀਆਂ ਵਾਲਾ ਚੋਲਾ ਸਿਲਵਾਇਆ, ਜਿਨ੍ਹਾਂ ਨੂੰ ਫੜ ਕੇ 52 ਪਹਾੜੀ ਰਾਜੇ ਵੀ ਕੈਦ ਤੋਂ ਮੁਕਤ ਹੋ ਗਏ। ਇਸ ਦਿਨ ਪਿੱਛੋਂ ਗੁਰੂ ਸਾਹਿਬ ਬੰਦੀ ਛੋੜ ਸਤਿਗੁਰੂ ਦੇ ਨਾਂ ਨਾਲ ਪ੍ਰਸਿੱਧ ਹੋਏ। ਗੁਰਪ੍ਰਤਾਪ ਸਿੰਘ ਪਦਮ ਦੇ ਢਾਡੀ ਜਥੇ ਨੇ ਵਾਰਾਂ ਅਤੇ ਭਾਈ ਨਵਤੇਜ ਸਿੰਘ ਦਮਦਮੀ ਟਕਸਾਲ ਨੇ ਕਥਾ ਰਾਹੀਂ ਸੰਗਤ ਨੂੰ ਨਿਹਾਲ ਕੀਤਾ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਕੀ ਬਾਦਲ ਦਲ ਫਿਰ ਭਾਜਪਾ ਨਾਲ ਗਠਜੋੜ ਕਰੇਗਾ ?



ਇੰਡੀਅਨ ਐਕਸਪ੍ਰੈਸ ਅਨੁਸਾਰ ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ ਨੇ ਹਾਲ ਹੀ ਵਿੱਚ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ, ਜਿਸ ਤੋਂ ਇਹ ਅਟਕਲਾਂ ਸ਼ੁਰੂ ਹੋ ਗਈਆਂ ਸਨ ਕਿ ਸਿਆਸੀ ਹਾਰਾਂ ਤੋਂ ਨਿਰਾਸ਼ ਬਾਦਲ ਅਕਾਲੀ ਦਲ ਮੁੜ ਐਨਡੀਏ ਵਿੱਚ ਸ਼ਾਮਲ ਹੋ ਸਕਦੇ ਹਨ। ਭਾਜਪਾ ਦਾ ਮੰਨਣਾ ਹੈ ਕਿ ਜੇਕਰ ਅਕਾਲੀ ਭਾਜਪਾ ਅਤੇ ਅਮਰਿੰਦਰ ਸਿੰਘ ਨਾਲ ਮਿਲ ਜਾਂਦੇ ਹਨ ਤਾਂ ਇਹ ਕਾਂਗਰਸ ਦੀ ਥਾਂ 'ਆਪ' ਦੀ ਮੁੱਖ ਵਿਰੋਧੀ ਧਿਰ ਬਣ ਸਕਦੀ ਹੈ। ਕਾਂਗਰਸ ਵਿਧਾਨ ਸਭਾ ਹਾਰਨ ਤੋਂ ਬਾਅਦ ਅਮਲੀ ਤੌਰ 'ਤੇ ਲੜਖੜਾ ਚੁਕੀ ਹੈ ।ਨਵਜੋਤ ਸਿੰਘ ਸਿੱਧੂ ਜੇਲ੍ਹ ਵਿਚ ਹੈ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਰਗਰਮ ਨਹੀਂ ਹੈ। ਪ੍ਰਸਤਾਵਿਤ ਗਠਜੋੜ ਬਾਰੇ ਬਾਦਲ ਦੀ ਸੋਚ ਸੀ ਕਿ ਅਮਰਿੰਦਰ ਨੂੰ ਪਹਿਲ ਨਾ ਦਿੱਤੀ ਜਾਵੇ। ਹਾਲਾਂਕਿ, ਭਾਜਪਾ ਦਾ ਵਿਚਾਰ ਇਹ ਹੈ ਕਿ 80 ਸਾਲ ਦੇ ਅਮਰਿੰਦਰ ਸਿੰਘ ਕੋਲ ਸਰਗਰਮ ਰਾਜਨੀਤੀ ਵਿੱਚ ਸੀਮਤ ਸਮਾਂ ਬਚਿਆ ਹੈ ਅਤੇ ਪੰਜਾਬ ਵਿੱਚ ਇੱਕ ਭਰੋਸੇਯੋਗ ਬਦਲ ਦੀ ਲੋੜ ਹੈ। ਭਾਜਪਾ ਨੂੰ ਲਗਦਾ ਸੁਖਬੀਰ ਬਾਦਲ ਦਾ ਅਕਾਲੀ ਦਲ ਵਧੀਆ ਬਦਲ ਬਣ ਸਕਦਾ ਹੈ।ਇਕ ਹੋਰ ਯੂ ਟਿਊਬ ਚੈਨਲ ਦੀ ਖਬਰ ਸੀ ਕਿ ਸੁਖਬੀਰ ਬਾਦਲ ਇਕ ਪਾਸੇ ਨੀਤਿਸ਼ ਕੁਮਾਰ ਨਾਲ ਹਥ ਮਿਲਾ ਰਿਹਾ ਦੂਜੇ ਪਾਸੇ ਭਾਜਪਾ ਨਾਲ। ਪਰ ਨਿਰਪਖ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਭਾਜਪਾ ਬਾਦਲ ਦਲ ਨਾਲ ਮਿਲਾ ਕੇ ਕੁਝ ਨਹੀਂ ਖਟ ਸਕੇਗੀ।ਬਾਦਲ ਦਲ ਉਪਰ ਸਿਖਾਂ ਦਾ ਵਿਸ਼ਵਾਸ ਪੈਦਾ ਹੋਣਾ ਅਸੰਭਵ ਹੈ। ਸਿੱਖਾਂ ਦੀ ਦਿਕਤ ਹੈ ਜਿਸ ਲੀਡਰ ਨੂੰ ਉਹ ਤਿਆਗ ਦਿੰਦੇ ਹਨ ਉਹ ਲੀਡਰ ਮੁੜਕੇ ਇਤਿਹਾਸ ਦੇ ਘਟੇ ਵਿਚ ਰੁਲ ਜਾਂਦਾ ਹੈ। ਸੁਖਬੀਰ ਬਾਦਲ ਨੂੰ ਪੰਜਾਬ ਤੇ ਪੰਥਕ ਸਿਆਸਤ ਦੀ ਸਮਝ ਨਹੀਂ ਹੈ।ਇਸ ਲਈ ਉਹ ਹਰ ਮੁੱਦੇ ਉਪਰ ਪੰਥਕ ਸੋਚ ਵਿਰੁਧ ਭੁਗਤੇ ਹਨ। ਅੱਗੋਂ ਸੁਖਬੀਰ ਬਾਦਲ ਕੀ ਜਾਦੂਗਰੀ ਦਿਖਾਉਂਦੇ ਹਨ ਆਉਣ ਵਾਲਾ ਸਮਾਂ ਦਸੇਗਾ।

### ਨਕੋਦਰ ਬੇਅਦਬੀ ਕਾਂਡ ਬਾਰੇ 'ਸਿਟ' ਗੁਆਚੀ ਰਿਪੋਰਟ ਸਬੰਧੀ ਜਾਂਚ ਕਰੇਗੀ

ਨਕੋਦਰ ਵਿੱਚ 36 ਸਾਲ ਪਹਿਲਾਂ 1986 ਨੂੰ ਵਾਪਰੇ ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਦੇ ਮੁੜ ਚਰਚਾ ਵਿੱਚ ਆਉਣ ਨਾਲ ਸ਼੍ਰੋਮਣੀ ਅਕਾਲੀ ਦਲ ਦੀਆਂ ਸਮੱਸਿਆਵਾਂ ਵਧ ਸਕਦੀਆਂ ਸਨ। ਹਾਲ ਹੀ ਵਿੱਚ ਹਾਈ ਕੋਰਟ ਨੇ ਨਕੋਦਰ ਬੇਅਦਬੀ ਕਾਂਡ ਦੀ ਜਾਂਚ ਦਾ 'ਗੁੰਮ' ਹੋਇਆ ਦੂਜਾ ਹਿੱਸਾ ਲੱਭਣ ਲਈ 'ਸਿਟ' ਤੋਂ ਇਸ ਮਾਮਲੇ ਦੀ ਜਾਂਚ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ ਹਨ, ਜਿਸ ਤਹਿਤ ਹਾਈ ਕੋਰਟ ਨੇ 1986 ਦੇ ਨਕੋਦਰ ਬੇਅਦਬੀ ਤੇ ਗੋਲੀ ਕਾਂਡ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਜ਼ਿਕਰਯੋਗ ਹੈ ਕਿ ਨਕੋਦਰ ਦੇ ਇੱਕ ਗੁਰਦੁਆਰੇ ਵਿੱਚ 2 ਫ਼ਰਵਰੀ 1986 ਨੂੰ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਅਗਨ ਭੇਟ ਕਰ ਦਿੱਤੇ ਗਏ ਸਨ। ਜਾਣਕਾਰੀ ਅਨੁਸਾਰ ਉਸ ਵੇਲੇ ਪੁਲੀਸ ਨੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾ ਰਹੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ, ਜਿਸ ਕਾਰਨ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਝਿਲਮਣ ਸਿੰਘ ਗੋਰਸੀਆਂ ਤੇ ਭਾਈ ਹਰਮਿੰਦਰ ਸਿੰਘ ਚਲੂਪੁਰ ਸ਼ਹੀਦ ਹੋ ਗਏ ਸਨ। ਇਨ੍ਹਾਂ ਨੌਜਵਾਨਾਂ ਦੀਆਂ ਲਾਸ਼ਾਂ ਵੀ ਵਾਰਸਾਂ ਹਵਾਲੇ ਨਹੀਂ ਸੀ ਕੀਤੀਆਂ ਗਈਆਂ।

ਇਸ ਗੋਲੀ ਕਾਂਡ ਦੀ ਜਾਂਚ ਉਸ ਵੇਲੇ ਅਕਾਲੀ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਦੇ ਕਮਿਸ਼ਨ ਤੋਂ ਕਰਵਾਈ ਸੀ। ਜਾਂਚ ਰਿਪੋਰਟ ਦੇ ਦੋ ਭਾਗ ਸਨ, ਪਰ ਹੁਣ ਤੱਕ ਇਸ ਦਾ ਸਿਰਫ਼ ਇੱਕ ਭਾਗ ਹੀ ਪੇਸ਼ ਕੀਤਾ ਗਿਆ ਹੈ। ਦੂਜੇ ਭਾਗ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਨਕੋਦਰ ਗੋਲੀ ਕਾਂਡ ਵਿੱਚ ਸ਼ਹੀਦ ਹੋਣ ਵਾਲੇ ਭਾਈ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਵੱਲੋਂ ਹਾਈ ਕੋਰਟ 'ਚ ਐਡਵੋਕੇਟ ਦਾਇਰ ਕੀਤੀ ਪਟੀਸ਼ਨ 'ਤੇ ਜਸਟਿਸ ਨਮਿਤ ਕੁਮਾਰ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

## ਸੂਬੇ ਦੇ ਸਿਆਸੀ ਤੇ ਧਾਰਮਿਕ ਮੰਚ 'ਤੇ ਗੁਰਚਰਨ ਸਿੰਘ ਟੌਹੜਾ ਵਰਗੇ ਆਗੂ ਦੀ ਘਾਟ ਰੜਕੀ



ਸ਼੍ਰੋਮਣੀ ਅਕਾਲੀ ਦਲ ਦੀ ਹਾਰ ਬਾਅਦ, ਸ਼੍ਰੋਮਣੀ ਕਮੇਟੀ ਕਮਜ਼ੋਰ ਪੈਣ ਤੋਂ ਬਾਅਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਨਾਇਕ ਆਗੂ ਦੀ ਘਾਟ ਰੜਕ ਰਹੀ ਹੈ। ਅਕਾਲੀ ਦਲ ਕੋਲ ਸੁਖਬੀਰ ਬਾਦਲ ਤੋਂ ਬਾਅਦ ਕੋਈ ਆਗੂ ਨਹੀਂ ਬਚਿਆ ਜੋ ਪੰਥ ਤੇ ਪੰਜਾਬ ਦੀ ਅਗਵਾਈ ਕਰ ਸਕੇ।ਸੁਖਬੀਰ ਬਾਦਲ ਲਗਾਤਾਰ ਸਿਆਸੀ ਹਾਰਾਂ ਤੋਂ ਬਾਅਦ ਕਮਜੋਰ ਪੈ ਚੁਕੇ ਹਨ। ਪੰਥ ਤੇ ਪੰਜਾਬ ਨੂੰ ਕੋਈ ਦਿਸ਼ਾ ਨਹੀਂ ਦੇ ਸਕੇ।ਉਨ੍ਹਾਂ ਕੋਲ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਵਰਗੀ ਵਿਸ਼ਾਲ ਤੇ ਪਾਏਦਾਰ ਸਿਆਸਤ ਨਹੀਂ ਹੈ। ਪਰ ਪੰਥਕ ਹਲਕਿਆਂ ਨੂੰ ਅੱਜ ਗੁਰਚਰਨ ਸਿੰਘ ਟੌਹੜਾ ਵਰਗੇ ਚਾਣਕਿਆ ਨੀਤੀ ਵਾਲੇ ਵਿਸ਼ਾਲ ਵਿਚਾਰਧਾਰਾ ਨਾਲ ਲੈਸ ਆਗੂ ਜਥੇਦਾਰ ਟੌਹੜਾ ਦੀ ਯਾਦ ਆ ਰਹੀ ਹੈ ਜਦੋਂ ਕਿ ਪੰਥ ਵਿਸ਼ਾਲ ਸਮਸਿਆਵਾਂ ਤੇ ਦੁਸ਼ਮਣਾਂ ਨਾਲ ਘਿਰਿਆ ਹੋਇਆ ਹੈ। ਯਾਦ ਰਹੇ ਕਿ ਗੁਰਚਰਨ ਸਿੰਘ ਟੌਹੜਾ ਨੇ ਸ਼ਕਤੀਸ਼ਾਲੀ ਅਦਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਕੀਤੀ, ਜਿਸ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਿਹਾ ਜਾਂਦਾ ਹੈ। ਸਾਲ 1972 ਤੋਂ ਹੋਈ ਸ਼ੁਰੂਆਤ ਤੋਂ ਲੈ ਕੇ ਇੱਕ ਸਦੀ ਦੇ ਕਰੀਬ ਚੌਥਾਈ ਸਮੇਂ ਤੋਂ ਵੱਧ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ, ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਜਦੋਂ ਉਨ੍ਹਾਂ ਦਾ ਨਿੱਜੀ ਖਾਤਾ ਦੇਖਿਆ ਗਿਆਂ ਤਾਂ ਉਹ ਬਿਲਕੁੱਲ ਖਾਲੀ ਨਿਕਲਿਆ। ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਪੈਂਦੇ ਟੌਹੜਾ ਪਿੰਡ ਵਿੱਚ ਉਨ੍ਹਾਂ ਦਾ ਜੱਦੀ ਘਰ ਪੁਰਾਤਨ ਸ਼ੈਲੀ ਵਾਲਾ ਅਤੇ ਲੱਕੜ ਦੇ ਬਾਲਿਆਂ ਵਾਲਾ ਸੀ। ਉਹ ਇੱਕ ਛੋਟੇ ਕਿਸਾਨ ਪਰਿਵਾਰ ਨਾਲ ਸਬੰਧਤ ਸਨ, ਉਹ ਆਪਣੀ ਲਗਭਗ ਦੋ ਹੈਕਟੇਅਰ ਜ਼ਮੀਨ 'ਤੇ ਮਿਹਨਤ ਮਜ਼ਦੂਰੀ ਕਰਦੇ ਸਨ, ਜਿਸ ਵਿੱਚ ਉਨ੍ਹਾਂ ਨੇ ਆਪਣੀ ਮੌਤ ਤੱਕ ਇੱਕ ਇੰਚ ਵੀ ਹੋਰ ਨਹੀਂ ਜੋੜਿਆ ਸੀ।

ਗੁਰਚਰਨ ਸਿੰਘ ਟੌਹੜਾ ਦਾ ਜਨਮ 24 ਸਤੰਬਰ 1924 ਨੂੰ ਹੋਇਆ। ਟੌਹੜਾ ਲੰਮਾ ਸਮਾਂ ਐੱਸਜੀਪੀਸੀ ਦੇ ਪ੍ਰਧਾਨ ਰਹੇ।ਟੌਹੜਾ ਨੇ ਕਦੇ ਵੀ ਵਿਧਾਨ ਸਭਾ ਚੋਣ ਨਹੀਂ ਲੜੀ।ਉਹ 1945 ਤੋਂ 95 ਤੱਕ ਉਹ ਲਗਭਗ ਹਰ ਅਕਾਲੀ ਸੰਘਰਸ਼ ਵਿੱਚ ਜੇਲ੍ਹਾਂ ਕੱਟਣ ਦੀ ਵਿਲੱਖਣ ਵਿਸ਼ੇਸ਼ਤਾ ਵਾਲੇ ਆਗੂ ਸਨ। ਜੂਨ 1984 ਵਿੱਚ ਫੌਜੀ ਹਮਲੇ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸ ਤੋਂ ਬਾਅਦ ਟੌਹੜਾ ਨੂੰ ਅਪ੍ਰੈਲ 1985 ਵਿੱਚ ਰਿਹਾਅ ਕਰ ਦਿੱਤਾ ਗਿਆ ਸੀ। ਉਹ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ।ਵਿਚਾਰਧਾਰਕ ਪੱਧਰ ਸਮੇਤ ਧਾਰਮਿਕ-ਸਿਆਸੀ ਖੇਤਰ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਵੱਡਾ ਸੀ।

ਸਿੱਖ ਧਾਰਮਿਕ ਤੇ ਸਿਆਸੀ ਖੇਤਰ ਵਿੱਚ ਟੌਹੜਾ ਦੀ ਜ਼ਿੰਦਗੀ ਦਾ ਆਖ਼ਰੀ ਅਹਿਮ ਪੰਥਕ ਘਟਨਾਕ੍ਰਮ, ਜਿਸ ਨਾਲ ਉਹ ਜੁੜੇ ਹੋਏ ਸਨ ਅਤੇ ਪ੍ਰਕਾਸ਼ ਸਿੰਘ ਬਾਦਲ ਇਸ ਤੋਂ ਬਾਹਰ ਸੀ, ਉਹ ਸੀ 1994 ਵਿੱਚ ਅਕਾਲੀ ਦਲ ਵਲੋਂ ਕੀਤਾ ਗਿਆ ਅੰਮ੍ਰਿਤਸਰ ਐਲਾਨਨਾਮਾ।ਇਹ ਉਹ ਸਮਾਂ ਸੀ ਜਦੋਂ ਖਾੜਕੂ ਵਿਚਾਰਧਾਰਾ ਵਾਲਾ ਸਿਆਸੀ ਬਿਰਤਾਂਤ ਪੜਾਅਵਾਰ ਖ਼ਤਮ ਹੋ ਰਿਹਾ ਸੀ। ਅੰਮ੍ਰਿਤਸਰ ਐਲਾਨਨਾਮਾ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਵਿੱਚ ਪਾਸ ਕੀਤਾ ਗਿਆ ਸੀ।

ਗੁਰਚਰਨ ਸਿੰਘ ਟੌਹੜਾ ਇਸ ਸਿੱਖ ਸਿਆਸੀ ਦਸਤਾਵੇਜ਼ ਦਾ ਖਰੜਾ ਤਿਆਰ ਕਰਨ ਵਿੱਚ ਸ਼ਾਮਲ ਸਨ।ਟੌਹੜਾ ਇੱਕ ਅਜਿਹੇ ਅਕਾਲੀ ਆਗੂ ਸਨ ਜੋ ਸਿੱਖ ਸਿੱਖਿਆ ਸ਼ਾਸਤਰੀਆਂ ਅਤੇ ਵਿਦਵਾਨਾਂ ਨਾਲ ਲੰਬੀਆਂ ਗੋਸ਼ਟੀਆਂ ਕਰਨਾ ਪਸੰਦ ਕਰਦੇ ਸਨ ਅਤੇ ਉਨ੍ਹਾਂ ਨਾਲ ਲੰਬੀ ਵਿਚਾਰ-ਚਰਚਾ ਕਰਦੇ ਸਨ।

ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਜਿਹੇ ਹੀ ਇੱਕ ਗਰੁੱਪ ਨਾਲ ਨਵੇਂ ਸਿਆਸੀ ਦਸਤਾਵੇਜ਼ ਦਾ ਖਰੜਾ ਤਿਆਰ ਕਰਨ ਬਾਰੇ ਚਰਚਾ ਕੀਤੀ। ਇਨ੍ਹਾਂ ਵਿਦਵਾਨਾਂ ਵਿੱਚੋਂ ਇੱਕ ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਸਨ।

ਉਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਨਵਾਂ ਦਸਤਾਵੇਜ਼ ਅਨੰਦਪੁਰ ਸਾਹਿਬ ਦੇ ਮਤੇ ਤੋਂ ਇੱਕ ਕਦਮ ਅੱਗੇ ਦੀ ਗੱਲ ਕਰਦਾ ਹੋਵੇ, ਪਰ ਖੇਤਰੀ ਤੌਰ 'ਤੇ ਪ੍ਰਭੂਸੱਤਾ ਸਪੰਨ ਸਿੱਖ ਰਾਜ ਖਾਲਿਸਤਾਨ ਤੋਂ ਰਤਾ ਘੱਟ ਹੋਵੇ। ਇਸੇ ਵਿਚਾਰ ਦੀ ਬੁਨਿਆਦ ਉੱਤੇ ਅੰਮ੍ਰਿਤਸਰ ਐਲਾਨਨਾਮਾ ਵਿਕਸਿਤ ਹੋਇਆ ਸੀ। ਵਿਸ਼ਵ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਦਾ ਪ੍ਰਸਤਾਵ ਵੀ ਇਸ ਏਜੰਡੇ ਦਾ ਹਿੱਸਾ ਸੀ, ਪਰ ਇਹ ਵਿਚਾਰ ਜਥੇਦਾਰ ਟੌਹੜਾ ਤੋਂ ਬਾਅਦ ਖਤਮ ਹੋ ਗਿਆ ਅਤੇ ਫਤਿਹਗੜ੍ਹ ਵਿਖੇ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦਾ ਸਰੂਪ ਉਸ ਪੱਧਰ ਦਾ ਨਹੀਂ ਹੈ ਜਿਹੋ ਜਿਹਾ ਟੌਹੜੇ ਨੇ ਸੋਚਿਆ ਸੀ।ਟੌਹੜੇ ਦੇ ਏਜੰਡੇ ਦਾ ਪਹਿਲਾ ਨੁਕਤਾ ਸੀ, ਸਿੱਖ ਧਰਮ ਦੀ ਮੂਲ ਪਵਿੱਤਰਤਾ ਦੀ ਸੰਭਾਲ ਅਤੇ ਸਿੱਖ ਧਰਮ ਦੇ ਮੂਲ ਸਿਧਾਂਤਾਂ, ਵਿਸ਼ਵਾਸਾਂ ਅਤੇ ਆਦਰਸ਼ਾਂ ਨੂੰ ਪੇਸ਼ ਕਰਕੇ ਇਸ ਦਾ ਪ੍ਰਚਾਰ ਕਰਨਾ।

ਗੁਰਸਿੱਖ ਜੀਵਨ ਜਾਚ (ਰਹਿਤ ਮਰਯਾਦਾ) ਨੂੰ ਉਭਾਰਨ 'ਤੇ ਜ਼ੋਰ ਦੇਣਾ। ਗੁਰਬਾਣੀ ਦੀ ਆੜ ਵਿੱਚ ਚੱਲ ਰਹੇ ਅਤੇ ਵਿਨਾਸ਼ਕਾਰੀ ਭੂਮਿਕਾ ਨਿਭਾਉਣ ਵਾਲੇ ਪਾਖੰਡੀ ਡੇਰਿਆਂ ਦੇ ਪ੍ਰਭਾਵ ਦਾ ਡਟ ਕੇ ਮੁਕਾਬਲਾ ਕਰਨਾ। ਸਿੱਖ ਸਾਹਿਤ, ਇਤਿਹਾਸ, ਸੱਭਿਆਚਾਰ ਅਤੇ ਰਾਜਨੀਤੀ ਦੀ ਵਿਆਖਿਆ ਲਈ ਸਮਕਾਲੀ ਲੋੜਾਂ ਅਤੇ ਚੁਣੌਤੀਆਂ ਦਾ

(ਬਾਕੀ ਸਫ਼ਾ 30 'ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

28 ਸਤੰਬਰ ਤੋਂ 4 ਅਕਤੂਬਰ, 2022

# ਸਿੰਘ ਸਭਾ ਲਹਿਰ ਨੂੰ ਯਾਦ ਕਰਦਿਆਂ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੀ ਸਮਾਪਤੀ ਹੁੰਦੀ ਹੈ ਅਤੇ ਅੰਗਰੇਜੀ ਰਾਜ ਆਉਂਦਾ ਹੈ। ਇਸ ਰਾਜ ਵਿੱਚ ਸਿੱਖੀ ਉੱਤੇ ਬਾਕੀ ਸਭ ਧਰਮਾਂ (ਸਨਾਤਨ, ਇਸਲਾਮ ਅਤੇ ਇਸਾਈਅਤ) ਤੋਂ ਹੋ ਰਹੇ ਹਮਲਿਆਂ ਕਾਰਨ ਸਿੱਖ ਰਾਜ ਵਿੱਚ ਸਿੱਖਾਂ ਦੀ ਅਬਾਦੀ ਜੋ ਇੱਕ ਕਰੋੜ ਦੇ ਲਗਭਗ ਸੀ, 1881 ਵਿੱਚ ਅਠਾਰਾਂ ਲੱਖ ਦੇ ਕਰੀਬ ਰਹਿ ਗਈ ਸੀ। ਨਾਲ ਹੀ ਸਿੱਖ ਰਹਿਣੀ, ਸਮਾਜ, ਰਵਾਇਤਾਂ ਅਤੇ ਪ੍ਰੰਪਰਾਵਾਂ ਵਿਚ ਵੱਡੇ ਪੱਧਰ ਦੇ ਵਿਗਾੜ ਆ ਗਏ ਸਨ। ਇਸ ਮੁਸ਼ਕਿਲ ਸਮੇਂ ਸਿੰਘ ਸਭਾ ਲਹਿਰ ਦੇ ਸਿੰਘਾਂ ਨੇ ਉਦਮ ਕਰਕੇ ਸਭ ਤਰ੍ਹਾਂ ਦੀਆਂ ਮੁਸ਼ਕਿਲਾਂ ਨਾਲ ਨਜਿੱਠਿਆ। ਅਕਤੂਬਰ 1873 ਵਿਚ ਸਿੰਘ ਸਭਾ ਦੀ ਪਹਿਲੀ ਇਕੱਤਰਤਾ ਹੋਈ ਸੀ। ਅਗਲੇ ਹਫਤੇ ਸਿੰਘ ਸਭਾ ਦਾ ਸਥਾਪਨਾ ਦਿਨ ਆ ਰਿਹਾ ਹੈ। ਜੋ ਸਮੱਸਿਆਵਾਂ ਸਾਨੂੰ ਉਦੋਂ ਦਰਪੇਸ਼ ਸੀ ਹੁਣ ਵੀ ਉਹੀ ਸਮੱਸਿਆਵਾਂ ਦੁਬਾਰਾ ਸਾਡੇ ਸਾਹਮਣੇ ਆ ਖੜ੍ਹੀਆਂ ਹਨ। ਸੋ, ਉਸ ਲਹਿਰ ਬਾਰੇ ਥੋੜੀ ਜਾਣਕਾਰੀ ਸਾਂਝੀ ਕਰਨ ਦਾ ਢੁਕਵਾਂ ਵੇਲਾ ਹੈ ਤਾਂ ਜੋ ਸਾਡੀ ਪੀੜੀ ਉਸ ਤੋਂ ਕੁਝ ਸਿਖਿਆ ਲੈ ਕੇ ਅੱਜ ਦੇ ਸਮੇਂ ਦਰਪੇਸ਼ ਸਮੱਸਿਆਵਾਂ ਨਾਲ ਸਿੱਝਣ ਲਈ ਆਪਣਾ ਰਾਹ ਪੱਧਰਾ ਕਰ ਸਕੇ।

ਪਹਿਲੀ ਵੱਡੀ ਚੁਣੌਤੀ ਇਸਾਈ ਪ੍ਰਚਾਰਕਾਂ ਵੱਲੋਂ ਥਾਂ-ਥਾਂ ਸਥਾਪਤ ਕੀਤੇ ਮਿਸ਼ਨ ਤੇ ਮਿਸ਼ਨਰੀ ਸਕੂਲ ਸਨ। ਜਿਸਦੇ ਪ੍ਰਭਾਵ ਹੇਠ ਈਸਾਈ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ ਅਤੇ ਆਇਆ ਸਿੰਘ ਨੇ ਈਸਾਈ ਹੋਣ ਦੀ ਇੱਛਾ ਜ਼ਾਹਰ ਕੀਤੀ।

ਦੂਸਰੀ ਚੁਣੌਤੀ ਸਿੱਖੀ ਅੰਦਰੋਂ ਦੇਹਧਾਰੀ ਗੁਰੂਡੰਮ ਦੀ ਸੀ। ਜਿਸ ਬਾਬਤ ਜਗਜੀਤ ਸਿੰਘ ਲਿਖਦੇ ਹਨ, 'ਇਧਰੋਂ ਘਰ ਦਾ ਭੇਤੀ ਲੰਕਾ ਢਾਹੇ ਦੇ ਅਨੁਸਾਰ ਗੁਰੂਡੰਮ ਦਾ ਪ੍ਰਚਾਰ ਸ਼ੁਰੂ ਹੋ ਗਿਆ, ਸੋਢੀ ਅਤੇ ਬੇਦੀ ਆਦਿ ਗੁਰੂ ਅੰਸ਼ ਕਹਾਉਣ ਵਾਲੇ ਗੁਰੂ ਬਣ ਬੈਠੇ। ਦੇਹ ਧਾਰੀ ਗੁਰੂ ਥਾਂ-ਥਾਂ ਖੁੰਭਾਂ ਵਾਂਗ ਨਿਕਲ ਪਏ।'

ਤੀਸਰੀ ਚੁਣੌਤੀ ਆਰੀਆ ਸਮਾਜੀ ਸਨਾਤਨ ਪ੍ਰਚਾਰਕਾਂ ਦੀ ਸੀ। ਉਹ ਗੁਰਦੁਆਰਿਆਂ, ਸਿੱਖਾਂ ਅਤੇ ਗੁਰੂ ਸਾਹਿਬਾਨ ਦੀ ਸ਼ਾਨ ਵਿਚ ਬਹੁਤ ਕੁਝ ਅਯੋਗ ਕਹਿੰਦੇ ਸੀ।

ਇਸ ਤੋਂ ਇਲਾਵਾ ਸਿੱਖਾਂ ਦੇ ਆਪਣੇ ਸਮਾਜਿਕ ਜੀਵਨ ਵੀ ਗਿਰਾਵਟ ਵੱਲ ਜਾ ਰਹੇ ਸਨ। ਗੁਰੂਘਰ ਵਿਚ ਵੀ ਮਨਮਤੀਆਂ ਹੋ ਰਹੀਆਂ ਸਨ। ਸਿੱਖ ਪ੍ਰੰਪਰਾਵਾਂ ਨੂੰ ਖੋਰਾ ਲੱਗ ਰਿਹਾ ਸੀ। ਵੱਡੀ ਚੁਣੌਤੀ ਫੈਲ ਰਹੇ ਅਗਿਆਨ ਦੀ ਸੀ। ਸਿੱਖ ਇਤਿਹਾਸ ਲਿਖਤੀ ਰੂਪ ਵਿਚ ਬਹੁਤ ਘੱਟ ਸੀ। ਸਿੱਖ ਸਿਧਾਂਤਾਂ ਦੀ ਕੋਈ ਗੱਲ ਨਹੀਂ ਹੋ ਰਹੀ ਸੀ। ਅੰਗਰੇਜ਼ੀ ਸਰਕਾਰ ਵਲੋਂ ਵੀ ਸਿੱਖੀ ਦੇ ਸਤਿਕਾਰ ਨੂੰ ਲੋਕਾਂ ਦੇ ਦਿਲਾਂ ਵਿੱਚੋਂ ਖਤਮ ਕਰਨ ਲਈ ਸਕੀਮਾਂ ਬਣ ਰਹੀਆਂ ਸੀ ਤੇ ਅਮਲ ਹੋ ਰਿਹਾ ਸੀ।

ਇਨ੍ਹਾਂ ਸਭ ਹਲਾਤਾਂ ਵਿਚ ਸੰਨ 1873 ਨੂੰ ਸਰਦਾਰ ਠਾਕਰ ਸਿੰਘ ਸੰਧਾਵਾਲੀਏ ਦੀ ਹਿੰਮਤ ਨਾਲ ਸਿੱਖਾਂ ਦਾ ਬੜਾ ਭਾਰੀ ਇਕੱਠ ਹੋਇਆ ਜਿਸ ਵਿਚ ਗੁਰਦੁਆਰਿਆਂ ਦੇ ਪੁਜਾਰੀ ਸਿੰਘਾਂ, ਗਿਆਨੀਆਂ, ਗ੍ਰੰਥੀਆਂ, ਉਦਾਸੀਆਂ, ਨਿਰਮਲਿਆਂ ਅਤੇ ਹੋਰ ਸਿੱਖ ਸਮਾਜ ਦੀਆਂ ਸ਼੍ਰੇਣੀਆਂ ਦੇ ਸਭ ਆਦਮੀ ਸਨ। ਇਸੇ ਦਿਨ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ ਅਸਲੀ ਆਰੰਭ ਹੋਇਆ। ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਬਣਾਈ ਗਈ।

ਸਿੰਘ ਸਭਾ ਦਾ ਮੁੱਖ ਮੰਤਵ ਸਿੱਖ ਧਰਮ ਅਤੇ ਸਮਾਜ ਅੰਦਰ ਆ ਪਈਆਂ ਕੁਰੀਤੀਆਂ ਦੂਰ ਕਰ ਕੇ ਸਿੱਖ ਧਰਮ ਦੀ ਅਸਲੀ ਮਰਿਆਦਾ ਕਾਇਮ ਕਰਨਾ ਸੀ। ਸਿੱਖ ਰਹੁਰੀਤ, ਸੱਭਿਆਚਾਰ ਨੂੰ ਅਗਲੀ ਪੀੜ੍ਹੀ ਨੂੰ ਸਿਖਾਉਣ ਲਈ ਹੌਲੀ-ਹੌਲੀ ਖ਼ਾਲਸਾ ਸਕੂਲ ਖੋਲ੍ਹੇ ਗਏ, ਗੁਰਮੁਖੀ ਲਿਪੀ ਨੂੰ ਸਿੱਖਾਂ ਵਿਚ ਪ੍ਰਚਾਰਨ ਲਈ ਗੁਰਮੁਖੀ ਵਿਚ ਅਖ਼ਬਾਰ ਪ੍ਰਕਾਸ਼ਿਤ ਹੋਵਣ ਲੱਗੇ, ਮੰਜੀ ਸਾਹਿਬ ਦਰਬਾਰ ਸਾਹਿਬ ਇਕੱਤਰਤਾ ਦੀ ਥਾਂ ਪ੍ਰਸਿੱਧ ਹੋਈ ਅਤੇ ਸਭ ਤੋਂ ਵੱਡਾ ਕੰਮ ਜੋ ਇਸ ਸਭਾ ਨੇ ਕੀਤਾ ਉਹ ਸੀ ਸਿੱਖ ਇਤਿਹਾਸ ਦੀ ਖੋਜ।

ਸਿੰਘ ਸਭਾ ਲਹਿਰ ਦੇ ਉਦੇਸ਼ ਸਨ ਗੁਰਮੁਖੀ ਵਿੱਚ ਸਾਹਿਤ ਪੈਦਾ ਕਰਨਾ, ਵਰਤਮਾਨ ਗਿਆਨ ਦਾ ਪੰਜਾਬੀ ਮਾਧਿਅਮ ਰਾਹੀਂ ਪ੍ਰਚਾਰ ਕਰਨਾ, ਸਿੱਖਾਂ ਨੂੰ ਅਨਪੜ੍ਹਤਾ ਵਿੱਚ ਜਾਣੋਂ ਰੋਕਣਾ ਅਤੇ ਧਰਮ ਪਰਿਵਰਤਨ ਕਰ ਚੁੱਕਿਆਂ ਨੂੰ ਵਾਪਸ ਲਿਆਉਣਾ। ਸਿੱਖ ਮੱਤ ਦੀ ਪਵਿੱਤਰਤਾ ਦਾ ਦਰਜਾ ਮੁੜ ਬਹਾਲ ਕਰਨਾ ਅਤੇ ਸਿੱਖਾਂ ਨੂੰ ਧਾਰਮਿਕ ਅਤੇ ਵਿਵਹਾਰਕ ਵਿੱਦਿਆ ਦੇਣ ਦੇ ਯਤਨ ਕਰਨੇ ਵੀ ਸਿੰਘ ਸਭਾ ਲਹਿਰ ਦੇ ਮੁਢਲੇ ਉਪਰਾਲਿਆਂ ਵਿਚੋਂ ਸਨ।

ਇਸੇ ਹੀ ਸਮੇਂ ਵਿੱਚ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਨੇ ਸਿੰਘ ਸਭਾ ਲਹਿਰ ਵਿੱਚ ਰੂਹ ਫੂਕੀ। ਉਨ੍ਹਾਂ ਨੇ ਨਾਮ ਬਾਣੀ ਕੀਰਤਨ ਅਤੇ ਸਤਿਸੰਗ ਨਾਲ ਆਤਮਕ ਚੇਤਨਾ ਪੈਦਾ ਕੀਤੀ ਅਤੇ ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਲੱਖਾਂ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ। ਭਾਈ ਕਾਨ੍ਹ ਸਿੰਘ ਨਾਭਾ ਵਰਗੀਆਂ ਸ਼ਖਸੀਅਤਾਂ ਇਸ ਲਹਿਰ ਨੇ ਦਿੱਤੀਆਂ।

ਸਿੱਖ ਰਾਜ ਜਾਣ ਤੋਂ ਬਾਅਦ ਢਹਿੰਦੀ ਕਲਾ ਵਿਚ ਜਾ ਰਹੀ ਕੌਮ ਨੂੰ ਮੁੜ ਸੁਚੱਜੇ ਅਮਲ ਦੇ ਰਾਹ ਪਾਉਣ ਦਾ ਇਹ ਉਦੇਸ਼ ਉਸ ਸਮੇਂ ਪੂਰਾ ਸਫਲ ਹੋਇਆ। ਇਕ ਵਾਰ ਦੀਵਾ ਜਗਿਆ ਤੇ ਉਸਤੋਂ ਹੋਰ ਦੀਵੇ ਜਗਦੇ ਗਏ। ਸਿੱਖਾਂ ਦੇ ਅਲੱਗ ਅਲੱਗ ਜਥਿਆਂ ਨੇ ਆਪਣੀ ਸਮਰਥਾ ਮੁਤਾਬਕ ਕਈ ਅਖਬਾਰ, ਰਸਾਲੇ, ਇਤਿਹਾਸ ਤੇ ਫਲਸਫੇ ਦਾ ਸਾਹਿਤ ਛਾਪਿਆ। ਕਈ ਸੰਸਥਾਵਾਂ ਅਤੇ ਲਹਿਰਾਂ ਜਿਵੇ ਗਦਰੀ ਲਹਿਰ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਬੱਬਰ ਅਕਾਲੀ, ਸ਼੍ਰੋਮਣੀ ਕਮੇਟੀ, ਖਾਲਸਾ ਦੀਵਾਨ, ਪੰਜਾਬ ਅਤੇ ਸਿੰਧ ਬੈਂਕ ਆਦਿ ਦੇ ਪੈਦਾ ਹੋਣ ਦਾ ਲੋੜੀਦਾ ਵਾਤਾਵਰਨ ਤਿਆਰ ਹੋਇਆ। ਗੁਰਮੁਖੀ ਲਿਪੀ ਹਰ ਸਿੱਖ ਦੇ ਘਰ ਪਹੁੰਚ ਗਈ।

ਬੇਸ਼ਕ ਉਸ ਵੇਲੇ ਪੈਦਾ ਹੋਈਆਂ ਸੰਸਥਾਵਾਂ ਅੱਜ ਆਪਣੀ ਵਿਸ਼ਵਾਸ਼ਯੋਗਤਾ ਗੁਆ ਬੈਠੀਆਂ ਹਨ। ਗਿਆਨ ਨਾਲ ਪੈਦਾ ਹੋਇਆ ਤਰਕ ਬੇਲਗਾਮ ਹੋ ਗਿਆ ਹੈ। ਧਰਮਸ਼ਾਲਾ, ਗੁਰੂਘਰਾਂ ਦਾ ਪ੍ਰਬੰਧ ਵਿਗੜ ਗਿਆ ਹੈ। ਰਾਜਨੀਤਕ, ਧਾਰਮਿਕ ਤੌਰ 'ਤੇ ਅਜ਼ਾਦੀ ਨਹੀਂ ਤੇ ਹੋਰ ਵੀ ਹਜ਼ਾਰਾਂ ਮੁਸ਼ਕਿਲਾਂ ਨੇ ਆਣ ਘੇਰਿਆ ਹੋਇਆ ਹੈ। ਪਰ ਸਿੱਖੀ ਫਰਜ਼ ਨਿਭਾਉਣ ਲਈ ਇਹੋ ਸਮਾਂ ਸਭ ਤੋਂ ਚੰਗਾ ਹੈ। ਇੱਕ ਸਿੱਖ ਦੇ ਤੌਰ 'ਤੇ ਸਾਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਹਰ ਸਮੇਂ ਇਤਿਹਾਸ ਸਿਰਜ ਰਹੇ ਹਾਂ। ਸਿੱਖ ਦਾ ਫਰਜ਼ ਹੈ, ਨਾਮ ਜਪੇ, ਕਿਰਤ ਕਰੇ, ਵੰਡ ਛਕੇ ਤੇ ਜਦੋਂ ਗੁਰੂ ਖਾਲਸਾ ਪੰਥ ਨੂੰ ਜਰੂਰਤ ਪਵੇ ਉਦੋਂ ਸਿਪਾਹੀ ਰੂਪ ਧਾਰਕੇ ਪਹਿਰੇਦਾਰੀ ਕਰੇ। ਸਾਡੇ ਵੱਡੇ ਹਿੱਸੇ ਵਿਚੋਂ ਐਸੀਆਂ ਅਵਾਜ਼ਾਂ ਆ ਰਹੀਆਂ ਹਨ ਕਿ ਅਸੀਂ ਹਰ ਪਾਸਿਓ ਤਬਾਹ ਹੋ ਰਹੇ ਹਾਂ ਜਾਂ ਗਏ ਹਾਂ। ਮਾੜੇ ਨੂੰ ਸਿਰਫ ਨਿੰਦੀ ਜਾਣਾ, ਮਹਿਜ ਫਿਕਰ ਕਰੀ ਜਾਣਾ ਸਹੀ ਰਾਹ ਨਹੀਂ, ਸਹੀ ਰਾਹ ਹੈ ਜੋ ਚੰਗਾ ਨਹੀਂ ਹੋ ਰਿਹਾ, ਉਸ ਲਈ ਉੱਦਮ ਕਰਨੇ, ਹਰ ਪਲ ਯਤਨਸ਼ੀਲ ਹੋਣਾ। ਅੱਜ ਵੀ ਸਾਡੇ ਅੱਗੇ ਇਹ ਚੁਣੌਤੀ ਹੈ ਕਿ ਅਸੀਂ ਮਾੜੇ ਦਾ ਜਿਕਰ ਕਰਨ ਨਾਲੋਂ ਕੁਝ ਚੰਗਾ ਕਰਨ ਵੱਲ ਕੋਈ ਕਦਮ ਪੁੱਟੀਏ।

**ਧੰਨਵਾਦ ,**
**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਇਤਿਹਾਸ ਤੇ ਭਵਿੱਖ


ਰਣਜੀਤ ਸਿੰਘ ਕੁਕੀ



ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸਿੱਖ ਵਿਦਿਆਰਥੀਆਂ ਦੀ ਰਾਜਨੀਤਿਕ ਜਥੇਬੰਦੀ ਹੈ। ਹਾਲਾਂਕਿ ਇਸ ਦੀ ਖਸਲਤ ਜਿਆਦਾਤਰ ਰਾਜਨੀਤਿਕ ਹੈ, ਪਰ ਇਸ ਜਥੇਬੰਦੀ ਦੀਆਂ ਗਤੀਵਿਧੀਆਂ ਸਿੱਖ ਧਰਮ ਦੀ ਵਿਰਾਸਤ ਅਤੇ ਕਦਰਾਂ-ਕੀਮਤਾਂ ਦੇ ਪ੍ਰਚਾਰ ਤੱਕ ਵੀ ਫੈਲੀਆਂ ਹੋਈਆਂ ਹਨ।ਫੈਡਰੇਸ਼ਨ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਪੂਰੇ ਪੰਜਾਬ ਵਿਚ ਸਿੱਖ ਨੌਜਵਾਨਾਂ ਨੂੰ ਸਕੂਲਾਂ ਅਤੇ ਕਾਲਜਾਂ ਵਿਚ 'ਭੁਜੰਗੀ ਸਭਾ' ਦੇ ਨਾਂ ਹੇਠ ਇਕੱਤਰਤ ਕੀਤਾ ਜਾਂਦਾ ਸੀ ਜੋ ਕਿ ਸਿੱਖ ਕਦਰਾਂ ਕੀਮਤਾਂ, ਵਿਰਾਸਤ ਅਤੇ ਸਮਾਜਿਕ ਸੇਵਾ ਦਾ ਪ੍ਰਚਾਰ ਕਰਦੀ ਸੀ। ਬ੍ਰਿਟਿਸ਼ ਰਾਜ ਦੇ ਪ੍ਰਭਾਵ ਹੇਠ ਸਿੱਖ ਰਾਜਨੇਤਾਵਾਂ ਨੇ ਸਿੱਖ ਨੌਜਵਾਨ ਐਸੋਸੀਏਸ਼ਨ ਨਾਂ ਦੀ ਸੰਸਥਾ ਦਾ ਗਠਨ ਕੀਤਾ ਜਿਸ ਦਾ ਪਹਿਲਾ ਪ੍ਰਧਾਨ ਭਾਈ ਹਰਨਾਮ ਸਿੰਘ ਸੀ। ਆਕਾਰ ਅਤੇ ਗਤੀਵਿਧੀਆਂ ਪੱਖੋਂ ਭਾਵੇਂ ਇਹ ਛੋਟੀ ਸੰਸਥਾ ਸੀ, ਪਰ ਇਹ ਐਸੋਸੀਏਸ਼ਨ 'ਖਾਲਸਾ ਯੰਗਮੈਨਜ਼ ਮੈਗਜ਼ੀਨ' ਛਾਪਦੀ ਸੀ ਅਤੇ ਧਾਰਮਿਕ ਅਤੇ ਸਮਾਜਿਕ ਕੰਮਾਂ ਨੂੰ ਸਰਪ੍ਰਸਤੀ ਦਿੰਦੀ ਸੀ। ਸਿੱਖ ਇਨ੍ਹਾਂ ਸੰਸਥਾਵਾਂ ਦਾ ਅਟੁੱਟ ਅੰਗ ਸਨ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਗਠਨ ਵਿਦਿਆਰਥੀਆਂ ਦੀ ਜੱਥੇਬੰਦੀ ਦੇ ਤੌਰ 'ਤੇ ਹੋਇਆ ਸੀ ਜੋ ਕਿ ਅਜ਼ਾਦ ਰੂਪ ਵਿਚ ਸਿੱਖਾਂ ਦੀ ਰਾਜਨੀਤਿਕ ਪ੍ਰਤੀਨਿਧਤਾ ਲਈ ਪ੍ਰਤੀਬੱਧ ਸੀ।ਇਸ ਤਰਾਂ ਦੀ ਵੱਖਰੀ ਜੱਥੇਬੰਦੀ ਲਈ ਪ੍ਰੇਰਣਾ ਸਿੱਖ ਅਤੇ ਮੁਸਲਿਮ ਭਾਈਚਾਰਿਆਂ ਵਿਚ ਵਧਦੇ ਤਣਾਅ ਵਿਚੋਂ ਪੈਦਾ ਹੋਈ ਸੀ।1937 ਵਿਚ ਵੱਡੀ ਗਿਣਤੀ ਵਿਚ ਮੁਸਲਮਾਨ ਵਿਦਿਆਰਥੀ ਹਿੰਦੂ ਬਹੁਗਿਣਤੀ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਤੋਂ ਵੱਖ ਹੋ ਗਏ ਅਤੇ ਉਨ੍ਹਾਂ ਨੇ ਆਲ ਇੰਡੀਆ ਮੁਸਲਿਮ ਸਟੂਡੈਂਟਸ ਫੈਡਰੇਸ਼ਨ ਬਣਾ ਲਈ ਜਿਸ ਨੇ ਮੁਸਲਿਮ ਲੀਗ ਅਤੇ ਪਾਕਿਸਤਾਨ ਅੰਦੋਲਨ ਵਿਚ ਪ੍ਰਮੁੱਖ ਭੂਮਿਕਾ ਅਦਾ ਕੀਤੀ।

ਸਿੱਖਾਂ ਦੇ ਰਾਜਨੀਤਿਕ ਹੱਕਾਂ ਅਤੇ ਪ੍ਰਤੀਨਿਧਤਾ ਨੂੰ ਸੁਰੱਖਿਅਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1944 ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸਿਰਜਣਾ ਨੂੰ ਸਰਪ੍ਰਸਤੀ ਦਿੱਤੀ।ਇਸ ਦਾ ਪ੍ਰਮੁੱਖ ਦਫਤਰ ਲਾਇਲਪੁਰ/ਫੈਸਲਾਬਾਦ ਵਿਚ ਸੀ ਅਤੇ ਇਹ ਜੱਥੇਬੰਦੀ ਪੰਜਾਬ ਅਤੇ ਉੱਤਰੀ ਭਾਰਤ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਫੈਲ ਗਈ। 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਇਸ ਦਾ ਹੈਡਕਵਾਟਰ ਅੰਮ੍ਰਿਤਸਰ ਬਣਾਇਆ ਗਿਆ।ਵੰਡ ਸਮੇਂ ਹੋਏ ਸੰਪ੍ਰਦਾਇਕ ਦੰਗਿਆਂ ਅਤੇ ਹਿਜਰਤ ਵੇਲੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਪਾਕਿਸਤਾਨ ਤੋਂ ਭਾਰਤ ਆਉਣ ਵਾਲੇ ਹਿੰਦੂ ਅਤੇ ਸਿੱਖ ਸ਼ਰਨਾਰਥੀਆਂ ਦੇ ਮੁੜ ਵਸੇਬੇ ਵਿਚ ਮਦਦ ਕੀਤੀ। ਅਜ਼ਾਦ ਭਾਰਤ ਵਿਚ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਇਸ ਦਾ ਅਕਾਲੀ ਦਲ ਨਾਲ ਡੂੰਘਾ ਜੁੜਾਅ ਹੋ ਗਿਆ।ਹੌਲੀ-ਹੌਲੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੂਰੇ ਭਾਰਤ ਵਿਚ ਫੈਲ ਗਈ ਅਤੇ ਇਕ ਮਹੱਤਵਪੂਰਨ ਵਿਦਿਆਰਥੀ ਜਥੇਬੰਦੀ ਦੇ ਰੂਪ ਵਿਚ ਉੱਭਰੀ। ਇਸ ਨੇ ਭਾਰਤੀ ਯੂਨੀਅਨ ਵਿਚ ਸਿੱਖ ਬਹੁਗਿਣਤੀ ਸਟੇਟ ਬਣਾਉਣ ਦੀ ਰਾਜਨੀਤਿਕ ਮੰਗ ਦਾ ਪੁਰਜ਼ੋਰ ਸਮਰਥਨ ਕੀਤਾ। 80ਵਿਆਂ ਦੇ ਸਿੱਖ ਸੰਘਰਸ਼ ਦੌਰਾਨ ਫੈਡਰੇਸ਼ਨ ਵਿਚ ਬਹੁਤ ਸਾਰੀਆਂ ਅੰਦਰੂਨੀਆਂ ਤਰੇੜਾਂ ਪੈਦਾ ਹੋ ਗਈਆਂ ਅਤੇ ਗਰਮਜੋਸ਼ੀ ਵਾਲਾ ਇਕ ਧੜਾ, ਜੋ ਕਿ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਸਮਰਥਨ ਕਰਦਾ ਸੀ, ਖੜ੍ਹਾ ਹੋਇਆ। 1984 ਵਿਚ ਘਲੂਘਾਰੇ ਤੋਂ ਬਾਅਦ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਦਰਬਾਰ ਸਾਹਿਬ ਉੱਪਰ ਹੋਏ ਫੌਜੀ ਹਮਲੇ ਦੀ ਨਿਖੇਧੀ ਕਰਨ ਲਈ ਅੰਦੋਲਨ ਕੀਤੇ।

ਕਾਨੂੰਨ ਦਾ ਸੀਨੀਅਰ ਵਿਦਿਆਰਥੀ ਸਰਦਾਰ ਸਰੂਪ ਸਿੰਘ ਇਸ ਦਾ ਪਹਿਲਾ ਪ੍ਰਧਾਨ ਸੀ।ਇਸ ਦਾ ਪ੍ਰਮੁੱਖ ਉਦੇਸ਼ ਸਿੱਖ ਨੌਜਵਾਨਾਂ ਵਿਚ ਸਿੱਖ ਸਿਧਾਂਤਾਂ ਅਤੇ ਕਦਰਾਂ ਕੀਮਤਾਂ ਦਾ ਪ੍ਰਚਾਰ ਕਰਨਾ ਸੀ ਅਤੇ ਉਨ੍ਹਾਂ ਵਿਚ ਆਪਣੀ ਅਮੀਰ ਧਾਰਮਿਕ ਵਿਰਾਸਤ ਅਤੇ ਰਾਜਨੀਤਿਕ ਇੱਛਾ ਲਈ ਚੇਤਨਾ ਪੈਦਾ ਕਰਨਾ ਸੀ।ਇਸ ਸਮੇਂ ਭਾਲ ਇਕ ਪ੍ਰਮਾਣਿਕ ਸਿੱਖ ਸ਼ਖ਼ਸੀਅਤ ਦੀ ਸੀ ਅਤੇ ਇਸ ਵੱਲ ਹੀ ਜਥੇਬੰਦੀ ਨੇ ਆਪਣੀ ਸਾਰੀ ਊਰਜਾ ਝੋਕ ਦਿੱਤੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ 20ਵੀਂ ਸਦੀ ਦੇ ਚੌਥੇ ਦਹਾਕੇ ਵਿਚ ਹੋਂਦ ਵਿਚ ਆਈ। ਇਸ ਦਾ ਪ੍ਰਮੁੱਖ ਉਦੇਸ਼ ਸਿੱਖ ਵਿਚਾਰਾਂ ਨੂੰ ਜਾਗ੍ਰਿਤ ਕਰਨਾ ਅਤੇ ਮੁਸਲਮਾਨਾਂ ਅਤੇ ਹਿੰਦੂਆਂ ਦੇ ਵਧਦੇ ਪ੍ਰਭਾਵ ਦਾ ਮੁਕਾਬਲਾ ਕਰਨਾ ਸੀ ਜੋ ਕਿ ਆਪਣੀ ਪਛਾਣ ਦੇ ਮਸਲੇ ਨੂੰ ਬਹੁਤ ਹੀ ਜੋਰ ਸ਼ੋਰ ਨਾਲ ਪ੍ਰਚਾਰ ਰਹੇ ਸਨ। ਸਿੱਖਾਂ ਦਾ ਇਸ ਪ੍ਰਤੀ ਹੁੰਗਾਰਾ ਆਪਣੀ ਰਾਜਨੀਤਿਕ ਜਥੇਬੰਦੀ ਬਣਾਉਣ ਦੇ ਰੂਪ ਵਿਚ ਉੱਭਰਿਆ।ਵੰਡ ਤੋਂ ਬਾਅਦ ਇਸ ਦਾ ਘੇਰਾ ਹੋਰ ਵਿਸ਼ਾਲ ਹੋ ਗਿਆ। ਉਨ੍ਹਾਂ ਦਿਨਾਂ ਵਿਚ ਸਿੱਖ ਨੌਜਵਾਨ ਕੈਂਪ ਆਮ ਗੱਲ ਹੋ ਗਏ।ਸਿੱਖ ਨੌਜਵਾਨਾਂ, ਬਜੁਰਗਾਂ ਅਤੇ ਨੇਤਾਵਾਂ ਨੇ ਉਨ੍ਹਾਂ ਦਾ ਜੋਸ਼ ਨਾਲ ਸਾਥ ਦਿੱਤਾ ਕਿਉਂ ਕਿ ਉਨ੍ਹਾਂ ਨੂੰ ਸਿੱਖ ਰਹੁਰੀਤਾਂ ਵਿਚ ਨਿਪੁੰਨ ਕਰਨਾ ਚਾਹੁੰਦੇ ਸਨ।ਇਸ ਦੀ ਸ਼ੁਰੂਆਤ ਪਾਉਂਟਾ ਸਾਹਿਬ ਵਿਚ ਇਕ ਕੈਂਪ ਨਾਲ ਹੋਈ ਜਿਸ ਦੀ ਬਹੁਤ ਹੀ ਇਤਿਹਾਸਿਕ ਮਹੱਤਤਾ ਹੈ।ਉਸ ਸਮੇਂ ਦੇ ਸੀਨੀਅਰ ਸਿੱਖ ਨੇਤਾਵਾਂ ਨੇ ਵੀ ਇਨ੍ਹਾਂ ਕੈਂਪਾਂ ਵਿਚ ਸ਼ਿਰਕਤ ਕਰਨ ਨੂੰ ਆਪਣਾ ਵੱਡਭਾਗ ਮੰਨਿਆ। ਇਨ੍ਹਾਂ ਕੈਂਪਾਂ ਰਾਹੀ ਸਿੱਖ ਪੰਥ ਨੇ ਇਕ ਨਵੀਂ ਊਰਜਾ ਦਾ ਸੰਚਾਰ ਹੁੰਦਾ ਮਹਿਸੂਸ ਕੀਤਾ ਕਿਉਂ ਕਿ ਉਨ੍ਹਾਂ ਦਾ ਪ੍ਰਭਾਵ ਕਾਫੀ ਵਧ ਚੁੱਕਿਆ ਸੀ।ਸਿੱਖ ਨੌਜਵਾਨਾਂ ਨੇ ਨਵੇਂ ਜੋਸ਼ ਨਾਲ ਇਸ ਵਿਚ ਭਾਗ ਲਿਆ ਜਿਸ ਨਾਲ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਨਵੇਂ ਨਕਸ਼ ਉੱਭਰਦੇ ਦਿਖਾਈ ਦਿੱਤੇ।ਪੁਰਾਣੀ ਪੀੜ੍ਹੀ ਵਿਚੋਂ ਵੀ ਬਹੁਤ ਸਾਰੇ ਸਿੱਖ ਅੱਗੇ ਆਏ ਜਿਨ੍ਹਾਂ ਵਿਚੋਂ ਕਾਨੂੰਨ ਸ਼ਾਸਤਰੀ ਅਤੇ ਸੰਸਦ ਮੈਂਬਰ ਹੁਕਮ ਸਿੰਘ ਪ੍ਰਮੁੱਖ ਸੀ ਜਿਸ ਦੀਆਂ ਯਮੁਨਾ ਵਿਚ ਵਿਚ ਨਹਾਉਂਦੇ ਦੀਆਂ ਤਸਵੀਰਾਂ ਅਜੇ ਵੀ ਦੇਖੀਆਂ ਜਾ ਸਕਦੀਆਂ ਹਨ।

ਹੁਕਮ ਸਿੰਘ ਤੋਂ ਬਾਅਦ ਬਹੁਤ ਸਾਰੇ ਪ੍ਰਤਿਭਾਸ਼ਾਲੀ ਨੇਤਾ ਜਿਵੇਂ ਸੁਰਜੀਤ ਸਿੰਘ ਬਰਨਾਲਾ, ਅਮਰ ਸਿੰਘ ਅੰਬਲਵੀ, ਜਸਵੰਤ ਸਿੰਘ ਨੇਕੀ, ਸਤਬੀਰ ਸਿੰਘ, ਭਾਈ ਹਰਬੰਸ ਲਾਲ ਅਤੇ ਇੰਦੌਰ ਦੇ ਸੰਤੋਖ ਸਿੰਘ ਸਾਹਮਣੇ ਆਏ।ਇਨ੍ਹਾਂ ਤੋਂ ਬਾਅਦ ਵੀ ਹੋਰ ਬਹੁਤ ਸਾਰੇ ਯੋਗ ਵਿਅਕਤੀ ਜਿਵੇਂ ਕਿ ਮਨਮੋਹਨ ਸਿੰਘ, ਜੋ ਕਿ ਦਸ ਸਾਲਾਂ ਲਈ ਭਾਰਤ ਦਾ ਪ੍ਰਧਾਨ ਮੰਤਰੀ ਰਿਹਾ, ਫੈਡਰੇਸ਼ਨ ਦਾ ਹਿੱਸਾ ਬਣੇ। ਅਸਲ ਵਿਚ ਕੋਈ ਵੀ ਪ੍ਰਭਾਵਸ਼ਾਲੀ ਸਿੱਖ ਅਜਿਹਾ ਨਹੀਂ ਸੀ ਜੋ ਕਿ ਫੈਡਰੇਸ਼ਨ ਦੇ ਪ੍ਰਭਾਵ ਤੋਂ ਵਿਰਵਾ ਰਿਹਾ ਹੋਵੇ। ਇਸ ਦੇ ਇਤਿਹਾਸ ਵਿਚ ਇਕ ਹੋਰ ਨਾਮ ਭਾਈ ਅਮਰੀਕ ਸਿੰਘ (1948-84) ਦਾ ਹੈ, ਜੋ ਗਿਆਨੀ ਕਰਤਾਰ ਸਿੰਘ ਖਾਲਸਾ ਦਾ ਪੁੱਤਰ ਸੀ, ਅਤੇ 2 ਜੁਲਾਈ 1978 ਨੂੰ ਇਸ ਦਾ ਪ੍ਰਧਾਨ ਬਣਿਆ।ਉਹ ਨਜ਼ਰਬੰਦੀ ਦੌਰਾਨ ਵੀ ਜੁਲਾਈ 1982 ਤੋਂ ਅਗਸਤ 1983 ਤੱਕ ਇਸ ਦਾ ਪ੍ਰਧਾਨ ਰਿਹਾ ਅਤੇ ਜੂਨ 1984 ਵਿਚ ਆਪਣੀ ਸ਼ਹਾਦਤ ਸਮੇਂ ਵੀ ਉਹ ਜੱਥੇਬੰਦੀ ਦਾ ਪ੍ਰਧਾਨ ਸੀ। ਇਹ ਸਿੱਖ ਪੁਨਰ-ਉਥਾਨ ਦਾ ਸ਼ਾਨਦਾਰ ਸਮਾਂ ਸੀ ਅਤੇ ਸਿੱਖ ਨੌਜਵਾਨ ਇਸ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਇਸ ਦਾ ਪ੍ਰਭਾਵ ਅੱਜ ਤੱਕ ਵੀ ਬਰਕਰਾਰ ਹੈ।

1984 ਅਤੇ ਇਸ ਤੋਂ ਬਾਅਦ ਦਾ ਦ੍ਰਿਸ਼ ਦਿਖਾਉਂਦਾ ਹੈ ਕਿ ਭਾਰਤ ਅਤੇ ਪੰਜਾਬ ਵਿਚ ਰਹਿ ਰਹੇ ਸਿੱਖ ਭਾਰਤੀ ਸਰਕਾਰ ਦੀਆਂ ਉਨ੍ਹਾਂ ਦੇ ਰਾਜਨੀਤਿਕ-ਧਾਰਮਿਕ ਰੁਤਬੇ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਰਹੇ ਹਨ। 1947 ਤੋਂ ਬਾਅਦ ਉਨ੍ਹਾਂ ਨੇ ਭਾਰਤੀ ਹਕੂਮਤ ਹੱਥੋਂ ਧੋਖਾ ਹੀ ਖਾਧਾ ਹੈ ਜਿਸ ਨੂੰ ਵਾਰ-ਵਾਰ ਦੁਹਰਾਇਆ ਗਿਆ ਹੈ ਕਿਉਂਕਿ ਕੇਂਦਰ ਦੀ ਸਰਕਾਰ ਕਿਸੇ ਨਾ ਕਿਸੇ ਬਹਾਨੇ ਸਿੱਖਾਂ ਨੂੰ ਨਿਸ਼ਾਨਾ ਬਣਾਉਂਦੀ ਰਹੀ ਹੈ।ਸਿੱਖ ਰਾਸ਼ਟਰਵਾਦ ਦੇ ਮੁੱਦਈ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ 1947 ਵਿਚ ਭਾਰਤ ਨਾਲ ਨਹੀਂ ਸੀ ਜਾਣਾ ਚਾਹੀਦਾ ਕਿਉਂ ਕਿ ਉਨ੍ਹਾਂ ਨੂੰ ਅਲੱਗ ਸਿੱਖ ਰਾਜ ਦਾ ਲਾਰਾ ਹੀ ਲਗਾਇਆ ਗਿਆ ਸੀ। ਭਾਰਤ ਜਿਹੇ ਖੁਦ-ਘੋਸ਼ਿਤ ਧਰਮ ਨਿਰਪੱਖ ਰਾਜ ਵਿਚ ਮੁਸਲਮਾਨ, ਸਿੱਖ, ਇਸਾਈ ਅਤੇ ਹੋਰ ਘੱਟਗਿਣਤੀਆਂ ਨੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕੀਤਾ ਕਿਉਂ ਕਿ ਉਗਰਵਾਦੀ ਹਿੰਦੂ ਸੰਸਥਾਵਾਂ ਦਾ ਪ੍ਰਭਾਵ ਬਹੁਤ ਜਿਆਦਾ ਰਿਹਾ ਹੈ।

1930ਵਿਆਂ ਅਤੇ 40ਵਿਆਂ ਵਿਚ ਵੀ ਪੰਜਾਬ ਦਾ ਸਿੱਖ ਭਾਈਚਾਰਾ ਸੰਪ੍ਰਦਾਇਕ ਰਾਜਨੀਤੀ ਦੀ ਖੇਡ ਵਿਚ ਬੁਰੀ ਤਰਾਂ ਫਸ ਗਿਆ। ਅੱਜ ਦੇ ਦੌਰ ਵਿਚ ਵੀ ਬਹੁਤ ਸਾਰੇ ਸੂਬੇ ਇਸ ਤਰਾਂ ਦੇ ਨਸਲੀ ਭੇਦਭਾਵ ਦਾ ਸਾਹਮਣਾ ਕਰ ਰਹੇ ਹਨ।ਬਹੁਲਵਾਦੀ ਸਮਾਜਾਂ, ਜਿੱਥੇ ਕਈ ਭਾਈਚਾਰੇ ਮਿਲ ਕੇ ਰਹਿੰਦੇ ਰਹੇ ਹਨ, ਵਿਚ ਇਹ ਖਤਰਾ ਜਿਆਦਾ ਮੰਡਰਾ ਰਿਹਾ ਹੈ। 1947 ਤੋਂ ਬਾਅਦ ਭਾਰਤ ਲਗਾਤਾਰ ਇਸ ਤਰਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਾ ਆ ਰਿਹਾ ਹੈ।ਇਨ੍ਹਾਂ ਦੀ ਲਗਾਤਾਰ ਇਹ ਮੰਗ ਰਹੀ ਹੈ ਕਿ ਉਨ੍ਹਾਂ ਨੂੰ ਕੇਂਦਰੀ ਸਰਕਾਰ ਦੇ ਨਿਯੰਤ੍ਰਣ ਤੋਂ ਅਜ਼ਾਦੀ ਮਿਲ ਸਕੇ। 1984 ਵਿਚ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਸਿੱਖ ਨੌਜਵਾਨ ਸਟੇਟ ਦੇ ਜਬਰ ਦਾ ਸ਼ਿਕਾਰ ਹੋ ਗਏ। ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕਾਰਕੁੰਨਾਂ ਨੇ ਇਸ ਜਬਰ ਦਾ ਸਾਹਮਣਾ ਕੀਤਾ ਅਤੇ ਇਸ ਦਾ ਉਨ੍ਹਾਂ ਨੂੰ ਮਹਿੰਗਾ ਮੁੱਲ ਤਾਰਨਾ ਪਿਆ। 1984 ਤੋਂ ਬਾਅਦ ਫੈਡਰੇਸ਼ਨ ਦੋ ਹਿੱਸਿਆਂ ਵਿਚ ਵੰਡੀ ਗਈ ਅਤੇ ਭਾਈ ਅਮਰੀਕ ਸਿੰਘ ਨੂੰ ਛੱਡ ਕੇ ਜਿਆਦਾ ਲੀਡਰਸ਼ਿਪ ਨੇ ਗੋਡੇ ਟੇਕ ਦਿੱਤੇ। ਉਸ ਤੋਂ ਬਾਅਦ ਇਕ ਨਵੀਂ ਫੈਡਰੇਸ਼ਨ ਸਾਹਮਣੇ ਆਈ ਜਿਸ ਨੇ ਭਾਈ ਅਮਰੀਕ ਸਿੰਘ ਵਾਂਗ ਵਿਰੋਧ ਦਾ ਰਾਹ ਚੁਣਿਆ ਅਤੇ ਸਿੱਖ ਸੰਘਰਸ਼ ਨੂੰ ਅਗਵਾਈ ਦਿੱਤੀ। ਇਸ ਤੋਂ ਬਾਅਦ ਗੋਡੇ ਟੇਕ ਚੁੱਕੀ ਧਿਰ ਟੋਟੇ-ਟੋਟੇ ਹੋ ਗਈ ਅਤੇ ਅਕਾਲੀ ਦਲ ਬਾਦਲ ਦਾ ਹਿੱਸਾ ਬਣ ਕੇ ਰਹਿ ਗਈ ਜਿਸ ਨੇ ਭਾਰਤੀ ਫੌਜ ਅੱਗੇ ਹਥਿਆਰ ਸੁੱਟ ਦਿੱਤੇ ਅਤੇ ਸਿੱਖਾਂ ਨੂੰ ਅਗਵਾਈ ਦੇਣ ਵਿਚ ਨਾਕਾਮਯਾਬ ਰਹੀ। ਭਾਈ ਅਮਰੀਕ ਸਿੰਘ ਦੀ ਫੈਡਰੇਸ਼ਨ ਨੂੰ ਸਟੇਟ ਦੇ ਜਬਰ ਦਾ ਸਾਹਮਣਾ ਕਰਨਾ ਪਿਆ ਅਤੇ ਬਹੁਤ ਸਾਰੇ ਨੇਤਾਵਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਅਕਾਲੀ ਦਲ ਬਾਦਲ ਦੀ ਅਸਫਲਤਾ ਤੋਂ ਬਾਅਦ ਇਸ ਨੂੰ ਮੁੜ ਸੰਗਠਿਤ ਕਰਨ ਦੀਆਂ ਅਵਾਜ਼ਾਂ ਤੇਜ਼ ਹੋਣ ਲੱਗੀਆਂ ਹਨ ਤਾਂ ਕਿ ਸਿੱਖਾਂ ਦੀਆਂ ਰਾਜਨੀਤਿਕ ਇਛਾਵਾਂ ਅਤੇ ਪੰਜਾਬ ਦੇ ਹੱਕਾਂ ਦੀ ਤਰਜਮਾਨੀ ਕੀਤੀ ਜਾ ਸਕੇ।

# ਪੰਜਾਬ 'ਚ ਤਾਕਤ ਹਥਿਆਉਣ ਅਤੇ ਬਣਾਈ ਰੱਖਣ ਦੀ ਖੇਡ





ਗੁਰਮੀਤ ਸਿੰਘ ਪਲਾਹੀ
ਮੋ. 9815802070

ਸੂਬੇ ਪੰਜਾਬ ਵਿੱਚ ਤਾਕਤ ਖੋਹਣ, ਹਥਿਆਉਣ ਅਤੇ ਬਣਾਈ ਰੱਖਣ ਦੀ ਖੇਡ ਚੱਲ ਰਹੀ ਹੈ। ਇਸ ਖੋਹ-ਖਿੱਚ 'ਚ ਇੱਕ ਦੂਜੀ ਧਿਰ ਉਤੇ ਨਾਹਰੇਬਾਜੀ, ਇਲਜ਼ਾਮਬਾਜ਼ੀ ਜਾਰੀ ਹੈ। ਇਹ ਜੰਗ ਉਹਨਾ ਦੋ ਧਿਰਾਂ ਵਿਚਕਾਰ ਹੈ, ਜਿਹੜੀਆਂ ਆਲ ਇੰਡੀਆ ਕਾਂਗਰਸ ਨੂੰ ਆਪਣਾ ਦੁਸ਼ਮਣ ਨੰਬਰ ਇੱਕ ਸਮਝਦੀਆਂ ਹਨ ਅਤੇ ਦੇਸ਼ ਦੇ ਪਰਦੇ ਤੋਂ ਕਾਂਗਰਸ ਨੂੰ ਆਲੋਪ ਕਰਨਾ ਚਾਹੁੰਦੀਆਂ ਹਨ। ਇਹ ਧਿਰਾਂ ਤਾਕਤ ਦੀ ਹੋੜ 'ਚ ਇੱਕ ਦੂਜੇ ਉਤੇ 'ਸ਼ਰੀਕਾਂ' ਵਾਂਗਰ ਹਮਲੇ ਕਰ ਰਹੀਆਂ ਹਨ, ਭਾਵੇਂ ਕਿ ਇੱਕ ਛੋਟੀ, ਨਵੀਂ ਜੰਮੀ ਪਾਰਟੀ 'ਆਪ' ਨੂੰ ਵੀ ਰਾਸ਼ਟਰੀ ਪੱਧਰ ਉਤੇ ਭਾਰਤੀ ਜਨਤਾ ਪਾਰਟੀ ਦੀ ਬੀ ਟੀਮ ਸਿਆਸੀ ਵਿਸ਼ਲੇਸ਼ਕਾਂ ਵਲੋਂ ਸਮਝਿਆ ਜਾਂਦਾ ਹੈ, ਜਿਹੜੀ ਦੇਸ਼ ਵਿੱਚ ਉਹੋ ਅਜੰਡਾ ਲੈ ਕੇ ਸਾਹਮਣੇ ਹੈ, ਜਿਹੜਾ ਰਾਸ਼ਟਰਵਾਦ ਦਾ ਅਜੰਡਾ ਭਾਜਪਾ ਦਾ ਹੈ।

ਭਾਜਪਾ ਅਤੇ ਆਮ ਆਦਮੀ ਪਾਰਟੀ ਵਿਚ ਮੌਜੂਦਾ ਖਿਚੋਤਾਣ ਪਹਿਲਾਂ ਦਿੱਲੀ 'ਚ ਅਪਰੇਸ਼ਨ ਲੋਟਸ ਅਤੇ ਫਿਰ ਪੰਜਾਬ ਵਿੱਚ ਇਸੇ ਅਪਰੇਸ਼ਨ ਕਰਨ ਦੀ ਸ਼ੰਕਾ ਕਾਰਨ ਵਧੀ ਹੈ। ਜਿਥੇ ਭਾਜਪਾ ਅਪਰੇਸ਼ਨ ਲੋਟਸ ਤੋਂ ਇਨਕਾਰ ਕਰ ਰਹੀ ਹੈ, ਉਥੇ ਆਮ ਆਦਮੀ ਪਾਰਟੀ ਦੋਸ਼ ਲਾਉਂਦੀ ਹੈ ਕਿ ਭਾਜਪਾ ਨੇ ਉਹਨਾ ਦੇ ਵਿਧਾਇਕ ਦਿੱਲੀ ਅਤੇ ਪੰਜਾਬ ਵਿੱਚ 25 ਕਰੋੜ ਰੁਪਏ ਪ੍ਰਤੀ ਦੇ ਹਿਸਾਬ ਨਾਲ ਖਰੀਦਣ ਦਾ ਯਤਨ ਕੀਤਾ ਹੈ। ਦਿੱਲੀ ਅਸੰਬਲੀ ਵਿੱਚ ਤਾਂ ਕੇਜਰੀਵਾਲ ਸਰਕਾਰ ਨੇ ਤੱਟ-ਫੱਟ ਭਰੋਸੇ ਦਾ ਵੋਟ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਕੇ ਹਾਸਲ ਕਰ ਲਿਆ। ਪੰਜਾਬ ਵਿੱਚ ਭਰੋਸੇ ਦਾ ਵੋਟ ਹਾਸਲ ਕਰਨ ਲਈ 22 ਸਤੰਬਰ 2022 ਦੀ ਤਰੀਖ ਮਿਥੀ ਗਈ, ਰਾਜਪਾਲ ਪੰਜਾਬ ਬਨਵਾਰੀ ਲਾਲ ਪ੍ਰੋਹਿਤ ਨੇ ਇਹ ਇਜਲਾਸ ਸੱਦਣ ਦੀ ਮਨਜ਼ੂਰੀ ਦੇ ਦਿੱਤੀ ਸੀ, ਪਰ ਪੰਜਾਬ ਦੇ ਵਿਰੋਧੀ ਨੇਤਾਵਾਂ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ, ਸਾਬਕਾ ਸਪੀਕਰ ਬੀਰ ਦੇਵਿੰਦਰ ਸਿੰਘ, ਸੁਖਪਾਲ ਖਹਿਰਾ, ਅਸ਼ਵਨੀ ਸ਼ਰਮਾ ਪ੍ਰਧਾਨ ਪੰਜਾਬ ਵਲੋਂ ਰਾਜਪਾਲ ਕੋਲ ਇਜਲਾਸ ਰੱਦ ਕਰਨ ਦੀ ਕੀਤੀ ਬੇਨਤੀ ਪ੍ਰਵਾਨ ਕਰਦਿਆਂ ਪਹਿਲਾਂ ਦਿੱਤੀ ਵਿਸ਼ੇਸ਼ ਇਲਜਾਸ ਦੀ ਮਨਜ਼ੂਰੀ ਨੂੰ ਰੱਦ ਕਰ ਦਿੱਤਾ। ਰਾਜਪਾਲ ਨੇ ਪੱਤਰ ਵਿੱਚ ਕਿਹਾ ਕਿ ਉਨ੍ਹਾਂ ਨੇ ਭਾਰਤ ਸਰਕਾਰ ਦੇ ਸਾਲਿਸਟਰ ਜਨਲਰ ਸਤਪਾਲ ਜੈਨ ਤੋਂ ਕਾਨੂੰਨੀ ਰਾਏ ਮੰਗੀ ਸੀ। ਜੈਨ ਨੇ ਇਸ ਕਾਨੂੰਨੀ ਰਾਏ ਵਿੱਚ ਕਿਹਾ ਕਿ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਰੂਲ 58(1) ਅਨੁਸਾਰ ਸਦਨ ਚ ਸਿਰਫ਼ ਬੇਭਰੋਸਗੀ ਮਤਾ ਹੀ ਪੇਸ਼ ਕੀਤਾ ਜਾ ਸਕਦਾ ਹੈ।

ਤਾਜ਼ਾ ਘਟਨਾਕ੍ਰਮ ਅਨੁਸਾਰ ਮਾਨ ਸਰਕਾਰ ਨੇ ਫਿਰ 27 ਸਤੰਬਰ ਨੂੰ ਕੁਝ ਮੁੱਦਿਆਂ ਉਤੇ ਵਿਸ਼ੇਸ਼ ਇਜਲਾਸ ਸੱਦਿਆ ਹੈ। 'ਆਪ' ਇਹ ਇਜਲਾਸ ਕਰਨ ਦੀ ਆਗਿਆ ਰੱਦ ਕਰਨ ਨੂੰ ਸੁਪਰੀਮ ਕੋਰਟ 'ਚ ਚੈਲਿੰਜ ਕਰੇਗੀ।

ਭਾਜਪਾ ਅਤੇ ਆਮ ਆਦਮੀ ਪਾਰਟੀ ਦੀ ਲੜਾਈ ਅਸਲ ਵਿੱਚ ਭਾਜਪਾ ਕਾਂਗਰਸ ਦੇ ਵਿਧਾਇਕਾਂ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਦਲ ਬਦਲੀ ਕਰਵਾਕੇ ਪੰਜਾਬ ਦੀ ਆਮ ਆਦਮੀ ਪਾਰਟੀ ਅਤੇ ਪੰਜਾਬ ਕਾਂਗਰਸ ਉਤੇ ਮਨੋਵਿਗਿਆਨਕ ਦਬਾਅ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸੇ ਕਿਸਮ ਦਾ ਦਬਾਅ ਕਾਂਗਰਸ ਉਤੇ ਆਮ ਆਦਮੀ ਪਾਰਟੀ ਬਣਾ ਰਹੀ ਹੈ ਅਤੇ ਸਾਬਕਾ ਕਾਂਗਰਸੀ ਮੰਤਰੀਆਂ ਉਤੇ ਵਿਜੀਲੈਂਸ ਪੰਜਾਬ ਰਾਹੀਂ ਕੇਸ ਦਰਜ਼ ਕਰ ਰਹੀ ਹੈ।

ਭਾਜਪਾ ਦਾ ਪੂਰਾ ਜ਼ੋਰ ਪੰਜਾਬ ਦੀ ਹਕੂਮਤ ਹਥਿਆਉਣ 'ਤੇ ਲੱਗਿਆ ਹੋਇਆ ਹੈ, ਵਿਧਾਨ ਸਭਾ ਪੰਜਾਬ ਚੋਣਾਂ 'ਚ ਭਾਜਪਾ ਵਲੋਂ ਚੋਣ ਮੁਹਿੰਮ 'ਤੇ 36.69 ਕਰੋੜ ਰੁਪਏ ਖ਼ਰਚੇ ਸਨ ਅਤੇ ਪੰਜਾਬ ਉਨ੍ਹਾਂ ਪੰਜਾਂ ਰਾਜਾਂ ਵਿਚੋਂ ਇੱਕ ਸੀ ਜਿਥੇ ਚੋਣ ਮੁਹਿੰਮ 'ਤੇ ਵੱਧ ਖ਼ਰਚ ਕੀਤਾ ਹੈ। ਪੰਜਾਂ ਰਾਜਾਂ ਦੀ ਚੋਣ ਮੁਹਿੰਮ ਉਤੇ 340 ਕਰੋੜ ਰੁਪਏ ਭਾਜਪਾ ਨੇ ਖ਼ਰਚੇ, ਜਿਸ ਵਿੱਚ ਯੂ.ਪੀ. ਤੇ 221 ਕਰੋੜ ਖ਼ਰਚੇ ਸਨ।

ਜਿਥੇ ਭਾਜਪਾ ਧੜਾਧੜ ਕਾਂਗਰਸੀ , ਅਕਾਲੀ ਦਲ ਦੇ ਨੇਤਾਵਾਂ ਨੂੰ ਭਾਜਪਾ ਵਿੱਚ ਸ਼ਾਮਲ ਕਰ ਰਹੀ ਹੈ, ਉਥੇ ਉਸ ਵਲੋਂ ਇੱਕ ਚਰਚਿਤ ਸਿੱਖ ਚਿਹਰੇ ਅਮਰਿੰਦਰ ਸਿੰਘ ਦੀ ਪਾਰਟੀ 'ਲੋਕ ਕਾਂਗਰਸ' ਭਾਜਪਾ 'ਚ ਰਲੇਂਵਾਂ ਕਰਕੇ, ਆਪਣੀ ਤਾਕਤ ਲਗਾਤਾਰ ਵਧਾਉਣ ਦੇ ਆਹਰ ਵਿੱਚ ਹੈ।

ਉਂਜ ਵੀ ਭਾਜਪਾ ਨੇਤਾ 'ਆਪ' ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਕੇ ਰਾਜ 'ਚ ਧਰਨੇ ਪ੍ਰਦਰਸ਼ਨ ਕਰਕੇ ਆਪਣੀ ਹੋਂਦ ਵਿਖਾਉਣ ਦਾ ਯਤਨ ਕਰ ਰਹੇ ਹਨ। ਭਾਜਪਾ ਲਈ ਕਿਉਂਕਿ 2024 ਲੋਕ ਸਭਾ ਚੋਣਾਂ ਵਿੱਚ ਵਿਰੋਧੀ ਧਿਰਾਂ ਵਲੋਂ ਵੱਡਾ ਚੈਲਿੰਜ ਮਿਲ ਰਿਹਾ ਹੈ, ਇੱਕ ਪਾਸੇ ਜਿਥੇ ਕਾਂਗਰਸ ਦੇ ਭਾਰਤ ਜੋੜੋ ਯਾਤਰਾ ਨਾਲ ਦੇਸ਼ ਵਿਆਪੀ ਹਲਚਲ ਮਚੀ ਹੋਈ ਹੈ ਉਥੇ ਨਤੀਸ਼ ਕੁਮਾਰ ਮੁੱਖ ਮੰਤਰੀ ਬਿਹਾਰ ਵਲੋਂ ਕੌਮੀ ਪੱਧਰ 'ਤੇ ਤੀਜਾ ਮੋਰਚਾ ਬਣਾਉਣ ਲਈ ਪਹਿਲਕਦਮੀ ਕਾਰਨ ਵੀ ਭਾਜਪਾ ਪ੍ਰੇਸ਼ਾਨ ਹੈ। ਇਸੇ ਲਈ ਵੱਖੋ-ਵੱਖਰੇ ਰਾਜਾਂ 'ਚ ਜਿਥੇ 2024 ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਉਥੇ ਸਥਾਨਕ ਭਾਜਪਾ ਮੁੱਖ ਮੰਤਰੀ ਦੇ ਕਾਰਗੁਜ਼ਾਰੀ ਦੀ ਥਾਂ ਭਾਜਪਾ ਨਰੇਂਦਰ ਮੋਦੀ ਦੇ ਨਾਮ ਉਤੇ ਚੋਣ ਲੜਨ ਜਾ ਰਹੀ ਹੈ ਅਤੇ ਉਸਦੀਆਂ ਪ੍ਰਾਪਤੀਆਂ ਦੇ ਆਸਰੇ ਵਿਧਾਨ ਸਭਾ ਚੋਣਾਂ ਵਿਚ ਚੰਗਾ ਪ੍ਰਦਰਸ਼ਨ ਦਿਖਾਉਣਾ ਚਾਹੁੰਦੀ ਹੈ ਤਾਂ ਕਿ 2024 'ਚ ਦੇਸ਼ ਦੀ ਹਕੂਮਤ ਉਤੇ ਮੁੜ ਕਬਜ਼ਾ ਕੀਤਾ ਜਾਵੇ।

ਇਸੇ ਦਿਸ਼ਾ ਵਿੱਚ ਪੰਜਾਬ ਜੋ ਕਿ ਸਰਹੱਦੀ ਸੂਬਾ ਹੈ, ਜਿਹੜਾ ਸਦਾ ਭਾਜਪਾ ਹਕੂਮਤ ਦੀ ਅੱਖ 'ਚ ਹੀ ਨਹੀਂ, ਕਾਂਗਰਸ ਦੀ ਅੱਖ 'ਚ ਵੀ ਰੜਕਦਾ ਰਿਹਾ ਹੈ, ਕਿਉਂਕਿ ਪੰਜਾਬ ਦੇ ਲੋਕਾਂ ਨੇ ਐਮਰਜੈਂਸੀ ਵੇਲੇ ਕਾਂਗਰਸ ਨੂੰ, ਤਿੰਨੇ ਖੇਤੀ ਕਾਨੂੰਨਾਂ ਦੇ ਖ਼ਾਤਮੇ ਲਈ ਅੰਦੋਲਨ ਕਰਕੇ ਭਾਜਪਾ ਨੂੰ, ਵੱਡਾ ਚੈਲਿੰਜ ਦਿੱਤਾ। ਇਸੇ ਤਿੱਖੀ ਸੁਰ ਨੂੰ ਖੁੰਡਾ ਕਰਨ ਲਈ ਭਾਜਪਾ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ। ਇਕ ਪਾਸੇ ਉਸ ਵਲੋਂ ਪੰਜਾਬ ਦੀ ਮੁੱਖ ਧਿਰ, ਕਿਸਾਨ ਜੱਥੇਬੰਦੀਆਂ ਜੋ ਭਾਜਪਾ ਹਕੂਮਤ ਵਿਰੋਧੀ ਰਹੀਆਂ ਹਨ, 'ਚ ਫੁਟ ਪਾਉਣ ਦਾ ਯਤਨ ਕੀਤਾ ਹੈ। ਲਗਭਗ ਹਰ ਪਾਰਟੀ ਵਿਚੋਂ ਨੇਤਾਵਾਂ ਨੂੰ ਆਪਣੀ ਬੁਕਲ 'ਚ ਸਮੋਇਆ ਹੈ, ਇਥੋਂ ਤੱਕ ਕਿ ਸਿੱਖ ਬੁੱਧੀਜੀਵੀਆਂ ਨੂੰ ਲਗਾਤਾਰ ਭਾਜਪਾ 'ਚ ਸ਼ਾਮਲ ਕਰਨ ਲਈ ਭਰਪੂਰ ਕੋਸ਼ਿਸ਼ ਕੀਤੀਆਂ ਹਨ ਅਤੇ ਹੁਣ ਵੀ ਕਰ ਰਹੀ ਹੈ।

ਪੰਜਾਬ ਨੂੰ ਕਰਜ਼ੇ ਹੇਠ ਦਬਾਈ ਰੱਖਣ, ਪੰਜਾਬ ਦੀ ਆਵਾਜ਼ ਨੂੰ ਬੰਦ ਕਰੀ ਰੱਖਣ ਲਈ, ਭਾਜਪਾ ਵਲੋਂ ਸਿਰਤੋੜ ਯਤਨ ਹੋ ਰਹੇ ਹਨ। ਨਾ ਪਿਛਲੀ ਕਾਂਗਰਸ ਸਰਕਾਰ ਵੇਲੇ ਅਤੇ ਨਾ ਹੀ ਅਕਾਲੀ-ਭਾਜਪਾ ਸਰਕਾਰ ਵੇਲੇ ਅਤੇ ਨਾ ਹੀ ਮੌਜੂਦਾ 'ਆਪ' ਸਰਕਾਰ ਵੇਲੇ ਪੰਜਾਬ ਨੂੰ ਕੋਈ ਵਿਸ਼ੇਸ਼ ਪੈਕਿਜ਼ ਦਿੱਤਾ। ਭਾਜਪਾ ਹਾਕਮ ਨਰੇਂਦਰ ਮੋਦੀ ਵਲੋਂ ਪੰਜਾਬ ਦੇ ਦੌਰੇ ਤਾਂ ਕੀਤੇ ਜਾਂਦੇ ਹਨ, ਪਰ ਕਿਸੇ ਵੀ ਖੇਤਰ ਲਈ ਕੋਈ ਵੱਡੀ ਗ੍ਰਾਂਟ ਨਹੀਂ ਦਿੱਤੀ ਗਈ ਹਾਲਾਂਕਿ ਪੰਜਾਬ ਦੇ ਲੋਕ ਅਤੇ ਮੌਜੂਦਾ ਸਰਕਾਰ ਉਹਨਾ ਤੋਂ ਵੱਡੀਆਂ ਆਸਾਂ ਲਾਈ ਬੈਠੇ ਸਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਤਾਂ ਪਿਛਲੇ ਪੰਜਾਬ ਦੌਰੇ ਸਮੇਂ ਪ੍ਰਧਾਨ ਮੰਤਰੀ ਦੇ ਕਸੀਦੇ ਵੀ ਇਸ ਆਸ ਨਾਲ ਪੜ੍ਹੇ ਸਨ ਕਿ ਮੋਦੀ ਜੀ ਪੰਜਾਬ ਲਈ ਕੁਝ ਦੇਣਗੇ ਪਰ ਉਹ ਖਾਲੀ ਹੱਥ ਝਾੜ ਕੇ ਚਲਦੇ ਬਣੇ। ਇਹ ਪ੍ਰਤੱਖ ਹੈ ਜਿਸਨੂੰ ਪ੍ਰਮਾਣ ਦੀ ਲੋੜ ਨਹੀਂ ਕਿ ਜਿਹਨਾ ਸੂਬਿਆਂ 'ਚ ਵਿਰੋਧੀ ਸਰਕਾਰਾਂ ਸਨ, ਉਹਨਾ ਨੂੰ ਵਿਸ਼ੇਸ਼ ਗ੍ਰਾਂਟਾਂ ਦੇਣ ਵਿਚ ਆਨਾਕਾਨੀ ਹੋ ਰਹੀ ਹੈ, ਇਵੇਂ ਹੀ ਪੰਜਾਬ 'ਚ ਵੀ ਕੀਤਾ ਜਾ ਰਿਹਾ ਹੈ। ਪੰਜਾਬ ਨੂੰ ਪੰਗੂ ਬਣਾਇਆ ਜਾ ਰਿਹਾ ਹੈ।

ਭਾਜਪਾ ਨੇ ਵਿਰੋਧੀ ਸਰਕਾਰ ਨੂੰ ਹਿਲਾਉਣ ਲਈ ਅਪਰੇਸ਼ਨ ਕੀਤੇ। ਮੱਧ ਪ੍ਰਦੇਸ਼, ਫਿਰ ਮਹਾਂਰਾਸ਼ਟਰ ਵਿੱਚ, ਇਹ ਅਪਰੇਸ਼ਨ ਕਾਮਯਾਬੀ ਨਾਲ ਕੀਤੇ। ਸਰਕਾਰਾਂ, ਦਲ ਬਦਲੀ ਕਰਵਾਕੇ ਬਦਲ ਦਿੱਤੀਆਂ ਗਈਆਂ ਅਤੇ ਬਹਾਨਾ ਲਗਾਇਆ ਗਿਆ ਕਿ ਇਥੇ ਵਿਰੋਧੀ ਸਰਕਾਰਾਂ ਲੋਕਾਂ ਅਤੇ ਸੂਬੇ ਦਾ ਵਿਕਾਸ ਨਹੀਂ ਕਰਵਾ ਸਕੀਆਂ ਅਤੇ ਇਹ ਜਤਾਇਆ ਜਾਣ ਲੱਗਾ ਕਿ ਡਬਲ ਇੰਜਣ ਸਰਕਾਰਾਂ ਹੀ ਕਲਿਆਣਕਾਰੀ ਕੰਮ ਕਰ ਸਕਦੀਆਂ ਹਨ ਅਤੇ ਸੂਬੇ ਦਾ ਵਿਕਾਸ ਕਰਵਾ ਸਕਦੀਆਂ ਹਨ ਭਾਵ ਉਪਰ ਮੋਦੀ ਸਰਕਾਰ ਅਤੇ ਹੇਠਾਂ ਭਾਜਪਾ ਸਰਕਾਰ।



ਪੰਜਾਬ ਵਿਚ ਵੀ ਇਹੋ ਕੁਝ ਦੁਹਰਾਉਣ ਲਈ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨੇ ਆਮ ਆਦਮੀ ਪਾਰਟੀ, ਜਿਸ ਤੋਂ ਉਹ ਖ਼ਾਸ ਤੌਰ 'ਤੇ ਦਿੱਲੀ 'ਚ ਪ੍ਰੇਸ਼ਾਨ ਹੈ ਅਤੇ ਜੋ ਭਾਜਪਾ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਧਾਨ ਸਭਾ ਚੋਣਾਂ 'ਚ 'ਆਪ' ਤੋਂ ਵੱਡਾ ਚੈਲਿੰਜ ਦੇ ਰਹੀ ਹੈ, ਉਸਨੂੰ ਪੰਜਾਬ ਅਤੇ ਦਿੱਲੀ ਤੋਂ ਹਰ ਹੀਲੇ ਰੁਖ਼ਸਤ ਕਰਨ ਦਾ ਜਿਵੇਂ ਨਿਰਣਾ ਹੀ ਲੈ ਲਿਆ ਗਿਆ ਹੈ।

ਭਾਜਪਾ ਲੀਡਰਸ਼ਿਪ ਇਸ ਸਮੇਂ ਉਤਸ਼ਾਹਿਤ ਵੀ ਹੈ, ਕਿਉਂਕਿ 'ਆਪ' ਨੇ ਪਿਛਲੇ ਛੇ ਮਹੀਨਿਆਂ 'ਚ ਕੋਈ ਚੰਗੀ ਕਾਰਗੁਜ਼ਾਰੀ ਨਹੀਂ ਕੀਤੀ, ਲੋਕਾਂ ਦੇ ਦਿਲਾਂ ਵਿਚ ਕੋਈ ਨਿਵੇਕਲੀ ਛਾਪ ਨਹੀਂ ਛੱਡੀ ਜਿਸ ਦੀ ਤਵੱਕੋ ਪੰਜਾਬ ਦੇ ਲੋਕ ਉਸ ਤੋਂ ਕਰ ਰਹੇ ਸਨ। ਭਾਜਪਾ ਕਿਉਂਕਿ ਸਮਝਦੀ ਹੈ ਕਿ ਪੰਜਾਬ 'ਚ ਕਾਂਗਰਸ ਆਪਣੇ ਭਾਰ ਥੱਲੇ ਦੱਬ ਚੁੱਕੀ ਹੈ, ਸ਼੍ਰੋਮਣੀ ਅਕਾਲੀ ਦਲ (ਬ) ਦਾ ਲੋਕਾਂ 'ਚ ਅਧਾਰ ਖੁਸ ਗਿਆ ਹੈ। ਭਾਜਪਾ ਆਮ ਆਦਮੀ ਪਾਰਟੀ ਸਰਕਾਰ ਨੂੰ ਖੂੰਜੇ ਲਾ ਕੇ 2024 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ 'ਚ ਆਪਣਾ ਰਾਜ ਸਥਾਪਿਤ ਕਰਨ ਦੇ ਆਹਰ ਵਿਚ ਹੈ।

> ਭਾਜਪਾ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਲਈ ਗਿਆਰਾਂ ਨੁਕਾਤੀ ਪ੍ਰੋਗਰਾਮ ਲੈ ਕੇ ਆਈ ਸੀ, ਜਿਸ ਵਿੱਚ ਸ਼ਾਂਤੀ ਅਤੇ ਸਦਭਾਵਨਾ, ਮਾਫੀਆ ਮੁਕਤ ਪੰਜਾਬ, ਨਸ਼ਾਮੁਕਤ ਪੰਜਾਬ, ਸਭ ਲਈ ਰੁਜ਼ਗਾਰ, ਪੰਜਾਬ ਦਾ ਉਦਯੋਗੀਕਰਨ, ਬਿਨਾਂ ਬੀਮਾਰੀ ਸਿਹਤਮੰਦ ਪੰਜਾਬ, ਸਭ ਲਈ ਸਿੱਖਿਆ, ਬੁਨਿਆਦੀ ਢਾਂਚੇ 'ਚ ਸੁਧਾਰ, ਔਰਤਾਂ ਦਾ ਸਨਮਾਨ 'ਤੇ ਸੁਰੱਖਿਆ ਅਤੇ ਸਭਦਾ ਸਾਥ ਸਭਦਾ ਵਿਕਾਸ ਪ੍ਰਮੁੱਖ ਸਨ।

ਭਾਜਪਾ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਲਈ ਗਿਆਰਾਂ ਨੁਕਾਤੀ ਪ੍ਰੋਗਰਾਮ ਲੈ ਕੇ ਆਈ ਸੀ, ਜਿਸ ਵਿੱਚ ਸ਼ਾਂਤੀ ਅਤੇ ਸਦਭਾਵਨਾ, ਮਾਫੀਆ ਮੁਕਤ ਪੰਜਾਬ, ਨਸ਼ਾਮੁਕਤ ਪੰਜਾਬ, ਸਭ ਲਈ ਰੁਜ਼ਗਾਰ, ਪੰਜਾਬ ਦਾ ਉਦਯੋਗੀਕਰਨ, ਬਿਨਾਂ ਬੀਮਾਰੀ ਸਿਹਤਮੰਦ ਪੰਜਾਬ, ਸਭ ਲਈ ਸਿੱਖਿਆ, ਬੁਨਿਆਦੀ ਢਾਂਚੇ 'ਚ ਸੁਧਾਰ, ਔਰਤਾਂ ਦਾ ਸਨਮਾਨ 'ਤੇ ਸੁਰੱਖਿਆ ਅਤੇ ਸਭਦਾ ਸਾਥ ਸਭਦਾ ਵਿਕਾਸ ਪ੍ਰਮੁੱਖ ਸਨ। ਮੋਦੀ ਜੀ ਵੀ ਉਸ ਸਮੇਂ ਪੰਜਾਬ ਆਏ ਸਨ, ਜਦਕਿ ਸੁਰੱਖਿਆ ਕਾਰਨਾਂ ਕਰਕੇ ਉਨ੍ਹਾਂ ਨੂੰ ਵਾਪਿਸ ਮੁੜਨਾ ਪਿਆ। ਕਿਉਂਕਿ ਅਕਾਲੀ-ਭਾਜਪਾ ਗੱਠਜੋੜ ਟੁੱਟ ਚੁੱਕਾ ਸੀ, ਭਾਜਪਾ ਸੂਬੇ 'ਚ ਇਕੱਲੀ ਚੋਣਾਂ ਲੜੀ ਅਤੇ ਸਿਰਫ਼ ਦੋ ਵਿਧਾਨ ਸਭਾ ਸੀਟਾਂ ਜਿੱਤ ਸਕੀ, ਬਾਵਜੂਦ ਇਸਦੇ ਉਸ ਵਲੋਂ ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕਰਕੇ ਟਿਕਟ ਦਿੱਤੇ ਸਨ।

ਭਾਜਪਾ ਪੂਰੇ ਦੇਸ਼ ਵਿੱਚ ਆਪਣਾ ਅਧਾਰ ਬਨਾਉਣ ਲਈ ਯਤਨਸ਼ੀਲ ਹੈ। ਰਾਸ਼ਟਰਵਾਦ ਦੀ ਮੁਦੱਈ ਬਣਕੇ, ਕਈ ਥਾਈਂ ਉਹ ਫਿਰਕੂ ਪੱਤਾ ਖੇਡਣ ਤੋਂ ਵੀ ਦਰੇਗ ਨਹੀਂ ਕਰਦੀ। ਭਾਜਪਾ ਦੀ ਲਗਨ ਅਤੇ ਇੱਛਾ ਸ਼ਕਤੀ ਵੇਖੋ ਕਿ ਤਿਲੰਗਾਨਾ ਵਰਗੇ ਸੂਬੇ, ਜਿਥੇ ਤੇਲੰਗਾਨਾ ਰਾਸ਼ਟਰੀ ਪਾਰਟੀ ਹਾਕਮ ਹੈ, ਨੂੰ ਖਿਲਾਰਕੇ ਮੁੱਖ ਵਿਰੋਧੀ ਪਾਰਟੀ ਦੇ ਰੂਪ ਵਿੱਚ ਸਥਾਪਿਤ ਹੋਣਾ ਚਾਹੁੰਦੀ ਹੈ। ਹਾਲਾਂਕਿ ਭਾਜਪਾ ਦਾ ਉਥੇ ਇਸ ਵੇਲੇ ਸਿਰਫ਼ ਇੱਕ ਵਿਧਾਇਕ ਹੀ ਹੈ।

ਇਹੋ ਖੇਡ ਉਹ ਪੰਜਾਬ 'ਚ ਖੇਡਣਾ ਚਾਹੁੰਦੀ ਹੈ। ਉਹ ਰਾਜ 'ਚ ਨਵੀਂ ਲੀਡਰਸ਼ਿਪ ਤਿਆਰ ਕਰ ਰਹੀ ਹੈ ਤਾਂ ਕਿ ਆਮ ਆਦਮੀ ਪਾਰਟੀ ਨੂੰ ਵੱਡੀ ਟੱਕਰ ਦੇ ਸਕੇ। ਦੂਜੇ ਪਾਸੇ ਆਮ ਆਦਮੀ ਪਾਰਟੀ ਪੰਜਾਬ 'ਚ ਵੱਡੀ ਸਫਲਤਾ ਪ੍ਰਾਪਤ ਕਰਨ ਦੇ ਬਾਵਜੂਦ ਪਾਰਟੀ ਸੰਗਠਨ ਹੁਣ ਤੱਕ ਵੀ ਨਹੀਂ ਬਣਾ ਸਕੀ ਅਤੇ ਖਿੰਡਰੇ-ਪੁੰਡਰੇ ਪਾਰਟੀ ਕਾਰਕੁੰਨਾਂ ਨੂੰ ਪਾਰਟੀ ਵਲੋਂ ਆਪਣੇ ਰਹਿਮੋ-ਕਰਮ 'ਤੇ ਛੱਡਿਆ ਹੋਇਆ ਹੈ।

## ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਾਮਲਾ

# ਕੀ ਸੁਪਰੀਮ ਕੋਰਟ ਦਾ ਫ਼ੈਸਲਾ ਗੁਰਦੁਆਰਾ ਐਕਟ-1925 ਦੀ ਉਲੰਘਣਾ ਹੈ?





ਤਲਵਿੰਦਰ ਸਿੰਘ ਬੁੱਟਰ
ਮੋ. 98780-70008

ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਇਕ ਇਤਿਹਾਸਕ ਘਟਨਾਕ੍ਰਮ ਤਹਿਤ ਸਿੱਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਖ਼ਤਿਆਰਾਂ ਵਿਚ ਕਟੌਤੀ ਕਰਦਿਆਂ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਸਬੰਧੀ ਹਰਿਆਣਾ ਵਿਧਾਨ ਸਭਾ ਵਲੋਂ 2014 ਵਿਚ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਸਮੇਂ ਪਾਸ ਕੀਤੇ ਗਏ ਐਕਟ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਇਸ ਫ਼ੈਸਲੇ ਤੋਂ ਬਾਅਦ ਸਿੱਖ ਜਗਤ ਵਿਚ ਰੋਸ ਪੈਦਾ ਹੋਣਾ ਸੁਭਾਵਿਕ ਹੈ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਇਕ ਸਦੀ ਪਹਿਲਾਂ ਸਿੱਖਾਂ ਨੇ ਅਸਹਿ ਤੇ ਅਕਹਿ ਕੁਰਬਾਨੀਆਂ ਦੇ ਕੇ ਕੀਤਾ ਸੀ।

15 ਨਵੰਬਰ 1920 ਨੂੰ ਸ਼੍ਰੋਮਣੀ ਕਮੇਟੀ ਦੇ ਗਠਨ ਦੇ ਨਾਲ ਸਿੱਖਾਂ ਨੇ 'ਗੁਰਦੁਆਰਾ ਸੁਧਾਰ ਲਹਿਰ' ਰਾਹੀਂ ਅੰਗਰੇਜ਼ਾਂ ਦੇ ਪਿੱਠੂ ਭ੍ਰਿਸ਼ਟ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣ ਦਾ ਬੀੜਾ ਚੁੱਕਿਆ ਸੀ। ਜਦੋਂ ਸਿੱਖਾਂ ਨੇ ਗੁਰਦੁਆਰਿਆਂ ਨੂੰ ਮਹੰਤਾਂ ਕੋਲੋਂ ਛੁਡਾ ਕੇ ਪ੍ਰਬੰਧ ਪੰਥ ਹਵਾਲੇ ਕਰਨ ਵਾਲੇ 'ਕੁੰਜੀਆਂ ਦੇ ਮੋਰਚੇ' ਵਿਚ ਜਿੱਤ ਹਾਸਲ ਕੀਤੀ ਤਾਂ ਜਨਵਰੀ 1922 ਵਿਚ ਮਹਾਤਮਾ ਗਾਂਧੀ ਨੇ ਇਸ ਨੂੰ 'ਅਜ਼ਾਦੀ ਦੀ ਲੜਾਈ ਦੀ ਪਹਿਲੀ ਜਿੱਤ' ਕਰਾਰ ਦਿੰਦਿਆਂ ਬਾਬਾ ਖੜਕ ਸਿੰਘ ਨੂੰ ਵਧਾਈ ਦੀ ਤਾਰ ਭੇਜੀ ਸੀ?

'ਗੁਰਦੁਆਰਾ ਸੁਧਾਰ ਲਹਿਰ' ਦੌਰਾਨ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸਿੱਖਾਂ ਨੇ ਅਠਾਰਵੀਂ ਸਦੀ ਵਿਚ ਮੀਰ ਮੰਨੂੰ ਤੇ ਜ਼ਕਰੀਆ ਦੇ ਜਬਰ ਦਾ ਸਬਰ ਨਾਲ ਮੁਕਾਬਲਾ ਕਰਨ ਵਾਲਾ ਇਤਿਹਾਸ ਦੁਹਰਾ ਦਿੱਤਾ ਸੀ। ਸਿੱਖਾਂ ਦੇ ਇਸ ਸਿਦਕ ਦੀ ਚਰਚਾ ਦੇਸ਼ ਭਰ 'ਚ ਤਾਂ ਹੋਈ ਹੀ, ਸਗੋਂ ਸੀ.ਐਫ਼.ਐਂਡਰੀਊਜ਼ ਦੇ ਮੂੰਹੋਂ ਵੀ ਨਿਕਲਿਆ ਸੀ ਕਿ, 'ਮੈਂ ਜ਼ਿੰਦਗੀ ਵਿਚ ਸਬਰ ਦੀ ਇੰਨੀ ਦ੍ਰਿੜ੍ਹ ਲੜਾਈ ਕਦੇ ਨਹੀਂ ਦੇਖੀ। ਇਥੇ ਇਕ ਨਹੀਂ, ਆਪਣੇ ਸਾਹਮਣੇ ਮੈਂ ਅਨੇਕਾਂ ਹੀ 'ਈਸਾ' ਸੂਲੀ 'ਤੇ ਚੜ੍ਹਦੇ ਦੇਖੇ।' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਵਾਸਤੇ 500 ਸਿੱਖਾਂ ਨੂੰ ਅਸਹਿ ਤੇ ਅਕਹਿ ਤਸੀਹੇ ਝਲਦਿਆਂ ਸ਼ਹੀਦੀਆਂ ਦੇਣੀਆਂ ਪਈਆਂ, 20 ਹਜ਼ਾਰ ਦੇ ਕਰੀਬ ਜੇਲ੍ਹਾਂ ਵਿਚ ਡੱਕੇ ਗਏ ਅਤੇ ਲੱਖਾਂ ਸਿੱਖਾਂ ਨੂੰ ਆਪਣੀਆਂ ਜਾਇਦਾਦਾਂ ਤੱਕ ਜ਼ਬਤ ਕਰਵਾਉਣੀਆਂ ਪਈਆਂ ਅਤੇ ਹੋਰ ਨੁਕਸਾਨ ਝੱਲਣੇ ਪਏ।

> *"ਸਿੱਖ ਰਾਜ ਦੇ ਖ਼ਾਤਮੇ ਤੋਂ ਬਾਅਦ ਜਦੋਂ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਵਿਚਾਲੇ ਚੜ੍ਹਾਵੇ ਨੂੰ ਲੈ ਕੇ ਝਗੜੇ ਹੋਣ ਲੱਗੇ ਤਾਂ ਗੁਰਦੁਆਰਿਆਂ ਅੰਦਰ ਅੰਗਰੇਜ਼ ਸਰਕਾਰ ਦੇ ਸਿੱਧੇ ਦਖ਼ਲ ਦਾ ਰੁਝਾਨ ਵਧਦਾ ਵੇਖਦਿਆਂ 1881 ਵਿਚ (ਜਦੋਂ ਅਜੇ ਸਿੰਘ ਸਭਾ ਬਣੀ ਹੀ ਸੀ) ਸਿੱਖ ਆਗੂਆਂ ਨੇ ਸਰਕਾਰ ਤੱਕ ਪਹੁੰਚ ਕਰਕੇ ਗੁਰਦੁਆਰਿਆਂ ਦੇ ਗੁਰਮਤਿ ਅਨੁਸਾਰੀ ਪ੍ਰਬੰਧਾਂ ਲਈ ਇਕ ਕਮੇਟੀ ਦੇ ਗਠਨ ਦੀ ਮੰਗ ਕੀਤੀ ਸੀ"*

ਬੇਸ਼ੱਕ ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਵਾਲੀ ਇਕ ਸਮਰੱਥ ਸੰਸਥਾ ਹੈ ਪਰ ਇਹ ਸਿੱਖ ਸਿਆਸਤ ਦਾ ਧੁਰਾ ਵੀ ਹੈ। ਇਸ ਦਾ ਸੁਭਾਅ ਇਕ ਰਿਆਸਤ ਦੇ ਅੰਦਰ ਇਕ ਰਿਆਸਤ ਵਰਗਾ ਹੈ। ਇਹ ਸਿੱਖਾਂ ਦੀ ਧਾਰਮਿਕ ਤੇ ਰਾਜਸੀ ਸ਼ਕਤੀ ਦਾ ਸੋਮਾ ਵੀ ਹੈ। ਇਸੇ ਕਾਰਨ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਹਮੇਸ਼ਾ ਇਸ ਸੰਸਥਾ ਨੂੰ ਕਮਜ਼ੋਰ ਕਰਨ ਅਤੇ ਸਿੱਖਾਂ ਵਿਚ ਇਸ ਦਾ ਆਧਾਰ ਖ਼ਤਮ ਕਰਨ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ। ਸਿੱਖ ਰਾਜ ਦੇ ਖ਼ਾਤਮੇ ਤੋਂ ਬਾਅਦ ਜਦੋਂ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਵਿਚਾਲੇ ਚੜ੍ਹਾਵੇ ਨੂੰ ਲੈ ਕੇ ਝਗੜੇ ਹੋਣ ਲੱਗੇ ਤਾਂ ਗੁਰਦੁਆਰਿਆਂ ਅੰਦਰ ਅੰਗਰੇਜ਼ ਸਰਕਾਰ ਦੇ ਸਿੱਧੇ ਦਖ਼ਲ ਦਾ ਰੁਝਾਨ ਵਧਦਾ ਵੇਖਦਿਆਂ 1881 ਵਿਚ (ਜਦੋਂ ਅਜੇ ਸਿੰਘ ਸਭਾ ਬਣੀ ਹੀ ਸੀ) ਸਿੱਖ ਆਗੂਆਂ ਨੇ ਸਰਕਾਰ ਤੱਕ ਪਹੁੰਚ ਕਰਕੇ ਗੁਰਦੁਆਰਿਆਂ ਦੇ ਗੁਰਮਤਿ ਅਨੁਸਾਰੀ ਪ੍ਰਬੰਧਾਂ ਲਈ ਇਕ ਕਮੇਟੀ ਦੇ ਗਠਨ ਦੀ ਮੰਗ ਕੀਤੀ ਸੀ, ਜਿਸ 'ਤੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਆਰ.ਈ. ਈਗਰਟਨ ਨੇ ਭਾਰਤ ਦੇ ਵਾਇਸਰਾਏ ਨੂੰ ਚਿੱਠੀ ਲਿਖ ਕੇ ਖ਼ਬਰਦਾਰ ਕਰ ਦਿੱਤਾ ਸੀ ਕਿ, 'ਸਿੱਖ ਗੁਰਦੁਆਰਿਆਂ ਦਾ ਇੰਤਜ਼ਾਮ ਸਰਕਾਰੀ ਦਖ਼ਲ ਤੋਂ ਮੁਕਤ, ਕਿਸੇ ਕਮੇਟੀ ਦੇ ਹੱਥ ਵਿਚ ਦੇਣਾ ਸਿਆਸੀ ਪੱਖ ਤੋਂ ਖ਼ਤਰਨਾਕ ਹੋਵੇਗਾ।'

ਕਿਉਂਕਿ ਅੰਗਰੇਜ਼ ਸਰਕਾਰ ਸਿੱਖਾਂ ਨੂੰ ਗੁਰਦੁਆਰਿਆਂ 'ਚੋਂ ਮਿਲਣ ਵਾਲੀ ਰੂਹਾਨੀ ਅਤੇ ਰਾਜਸੀ ਸ਼ਕਤੀ ਤੋਂ ਚੰਗੀ ਤਰ੍ਹਾਂ ਜਾਣੂ ਸੀ। ਇਸੇ ਕਾਰਨ ਹੀ ਜਦੋਂ ਗੁਰਦੁਆਰਿਆਂ ਦੇ ਸੁਚੱਜੇ ਤੇ ਗੁਰਮਤਿ ਭਾਵਨਾ ਦੇ ਅਨੁਸਾਰੀ ਪ੍ਰਬੰਧਾਂ ਲਈ ਇਕ ਕੇਂਦਰੀ ਸੰਸਥਾ ਦੇ ਗਠਨ ਲਈ ਪੰਥ ਨੇ 15 ਨਵੰਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਤਰਤਾ ਦਾ ਸੱਦਾ ਦਿੱਤਾ ਤਾਂ ਸਰਕਾਰ ਨੇ ਇਸ ਤੋਂ ਪਹਿਲਾਂ ਹੀ ਇਕ 36 ਮੈਂਬਰੀ ਅਸਥਾਈ ਸਲਾਹਕਾਰ ਕਮੇਟੀ ਬਣਾ ਕੇ ਸਿੱਖਾਂ ਨੂੰ ਕੇਂਦਰੀ ਜਥੇਬੰਦੀ ਬਣਾਉਣ ਤੋਂ ਰੋਕਣ, ਉਨ੍ਹਾਂ ਵਿਚ ਫੁੱਟ ਪਾਉਣ ਅਤੇ ਆਪਣੇ ਵਫ਼ਾਦਾਰਾਂ ਰਾਹੀਂ ਗੁਰਦੁਆਰਿਆਂ 'ਤੇ ਕਾਬਜ਼ ਹੋਣ ਦੀ ਕੋਸ਼ਿਸ਼ ਕੀਤੀ ਸੀ।

15 ਨਵੰਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ 10 ਹਜ਼ਾਰ ਦੇ ਲਗਭਗ ਰਹਿਤਵਾਨ ਸਿੱਖ (ਬਾਕੀ ਸਫ਼ਾ 30 'ਤੇ)

# ਪੰਥਕ ਸਿਆਸਤ 'ਚ ਅੰਮ੍ਰਿਤਪਾਲ ਸਿੰਘ ਰਾਹੀਂ ਨਵੀਂ ਲੀਡਰਸ਼ਿਪ ਦਾ ਉਭਾਰ

**☛ ਦੀਪ ਸਿੱਧੂ ਦੀ ਜਥੇਬੰਦੀ 'ਵਾਰਸ ਪੰਜਾਬ ਦੇ' ਬਣਾਏ ਜਾਣਗੇ ਮੁਖੀ ☛ 29 ਸਤੰਬਰ ਨੂੰ ਕੀਤੀ ਜਾਵੇਗੀ ਦਸਤਾਰਬੰਦੀ ☛ ਸਿੱਖਾਂ ਦੇ ਈਸਾਈਕਰਨ ਬਾਰੇ ਸਿੱਖ ਪੰਥ ਨੂੰ ਇਕਜੁੱਟ ਹੋਣ ਦਾ ਸੱਦਾ ☛ ਈਸਾਈ ਪਾਸਟਰਾਂ ਦੇ ਪੰਜਾਬ ਬੰਦ ਸੱਦੇ ਦੇ ਵਿਰੋਧ ਕਾਰਨ ਮਚੀ ਹਲਚਲ ☛ ਸਰਕਾਰ ਦੀ ਦਖਲਅੰਦਾਜੀ ਕਾਰਨ ਈਸਾਈ ਪਾਸਟਰਾਂ ਨੇ ਬੰਦ ਦਾ ਸੱਦਾ ਵਾਪਸ ਲਿਆ**

## ਕੇਂਦਰ ਉੱਪਰ ਨਿਰਭਰਤਾ ਘਟਾਉਣ ਲਈ ਕੰਮ ਕਰਾਂਗੇ ਅਤੇ ਹਰ ਪਿੰਡ ਨੂੰ ਆਤਮ-ਨਿਰਭਰ ਬਣਾਉਣ ਦੀ ਕੋਸ਼ਿਸ਼ ਕਰਾਂਗੇ : ਅੰਮ੍ਰਿਤਪਾਲ ਸਿੰਘ

### ਵਿਸ਼ੇਸ਼ ਰਿਪੋਰਟ

ਪ੍ਰਗਟ ਸਿੰਘ ਜੰਡਿਆਲਾ ਗੁਰੂ





ਪੰਜਾਬ ਦੀ ਸਿਆਸਤ ਵਿੱਚ ਪਿਛਲੇ ਕੁਝ ਹਫ਼ਤਿਆਂ ਤੋਂ ਇੱਕ ਨਾਮ ਚਰਚਾ ਵਿੱਚ ਹੈ। ਇਹ ਨਾਂ ਹੈ ਅੰਮ੍ਰਿਤਪਾਲ ਸਿੰਘ ਹੈ, ਜੋ ਮਰਹੂਮ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਵਲੋਂ ਬਣਾਈ ਗਈ 'ਵਾਰਸ ਪੰਜਾਬ ਦੇ' ਜਥੇਬੰਦੀ ਦਾ ਨਵਾਂ ਜਥੇਦਾਰ ਹੈ। ਅੰਮ੍ਰਿਤਪਾਲ ਸਿੰਘ ਦੀ 'ਵਾਰਸ ਪੰਜਾਬ ਦੇ' ਮੁਖੀ ਵਜੋਂ ਦਸਤਾਰਬੰਦੀ ਜਥੇਬੰਦੀ ਦੀ ਪਹਿਲੀ ਵਰ੍ਹੇਗੰਢ ਮੌਕੇ 29 ਸਤੰਬਰ ਨੂੰ ਕੀਤੀ ਜਾ ਰਹੀ ਹੈ। ਇਸ ਦਸਤਾਰਬੰਦੀ ਪ੍ਰੋਗਰਾਮ ਸਬੰਧੀ ਪੋਸਟਰ 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਇੰਸਟਾਗ੍ਰਾਮ ਹੈਂਡਲ ਉੱਪਰ ਹੈ। ਦਰਅਸਲ ਇਸ ਦਿਨ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜਨਮ ਦਿਨ ਵੀ ਹੈ। ਅੰਮ੍ਰਿਤਪਾਲ ਸਿੰਘ ਪੰਥਕ ਹਲਕਿਆਂ ਤੇ ਸਿਆਸਤ ਵਿਚ ਉਭਰ ਰਿਹਾ ਨਵਾਂ ਨਾਮ ਹੈ। ਉਨ੍ਹਾਂ ਨੇ ਸਿੱਖ ਅਵਾਮ ਤੇ ਨੌਜਵਾਨੀ ਨੂੰ ਅਨੰਦਪੁਰ ਧਰਤੀ ਤੇ ਅਨੰਦਪੁਰ ਮਿਸ਼ਨ ਨਾਲ ਜੋੜਿਆ ਹੈ। ਦੂਸਰਾ ਉਨ੍ਹਾਂ ਚਮਤਕਾਰਾਂ ਰਾਹੀਂ ਧਰਮ ਬਦਲੀ ਨੂੰ ਚੁਣੌਤੀ ਦਿੰਦਿਆਂ ਈਸਾਈ ਪਾਸਟਰਾਂ ਦਾ ਵਿਰੋਧ ਕੀਤਾ ਹੈ। ਈਸਾਈ ਪਾਸਟਰਾਂ ਵਲੋਂ ਪੰਜਾਬ ਬੰਦ ਦੇ ਸੱਦੇ ਦਾ ਵੀ ਸਖਤ ਵਿਰੋਧ ਕੀਤਾ ਸੀ। ਯਾਦ ਰਹੇ ਈਸਾਈ ਆਗੂਆਂ ਵੱਲੋਂ 27 ਸਤੰਬਰ ਨੂੰ ਪੰਜਾਬ ਬੰਦ ਦਾ ਦਿੱਤਾ ਸੀ। ਵਾਰਿਸ ਪੰਜਾਬ ਜਥੇਬੰਦੀ ਦੇ ਮੁੱਖ ਸੇਵਾਦਾਰ ਗਿਆਨੀ ਅੰਮ੍ਰਿਤਪਾਲ ਸਿੰਘ ਨੇ ਕਿਹਾ ਸੀ ਕਿ ਈਸਾਈ ਧਰਮ ਨਾਲ ਸਬੰਧਤ ਪੂਰੇ ਸੰਸਾਰ ਅੰਦਰ ਬਹੁਤ ਜ਼ਿਆਦਾ ਦੇਸ਼ ਹਨ ਪਰ ਸਿੱਖਾਂ ਲਈ ਪੰਜਾਬ ਹੀ ਇਕ ਅਜਿਹਾ ਸੂਬਾ ਹੈ, ਜਿਸ ਨੂੰ ਉਹ ਸਹੀ ਮਾਅਨਿਆਂ ਵਿੱਚ ਆਪਣਾ ਕਹਿ ਸਕਦੇ ਹਨ। ਇਸ ਲਈ ਇੱਥੇ ਕਿਸੇ ਦੀ ਵੀ ਮਨਮਾਨੀ ਨਹੀਂ ਚੱਲਣ ਦਿੱਤੀ ਜਾਵੇਗੀ। ਉਨ੍ਹਾਂ ਦੋਸ਼ ਲਗਾਇਆ ਕਿ ਸਮੇਂ ਦੀਆਂ ਹਕੂਮਤਾਂ ਨਸ਼ਿਆਂ ਰਾਹੀਂ ਪੰਜਾਬੀਆਂ ਨੂੰ ਖ਼ਤਮ ਕਰਨ ਦੇ ਰਾਹ 'ਤੇ ਤੁਲੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਈਸਾਈ ਪਾਸਟਰਾਂ ਨੂੰ ਪਿੰਡਾਂ ਵਿਚ ਵੜਨ ਨਹੀਂ ਦਿੱਤਾ ਜਾਵੇਗਾ ਜੋ ਗਰੀਬ ਸਿੱਖਾਂ ਦੇ ਘਰਾਂ ਵਿਚ ਜਾ ਕੇ ਲਾਲਚ ਦੇ ਕੇ ਚਮਤਕਾਰਾਂ ਦਾ ਦਾਅਵਾ ਕਰਕੇ ਈਸਾਈਕਰਨ ਕਰਾ ਰਹੇ ਹਨ। ਅੰਮ੍ਰਿਤਪਾਲ ਸਿੰਘ ਦੀ ਖੁਲੀ ਚੁਣੌਤੀ ਤੋਂ ਬਾਅਦ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਵਲੋਂ ਪੱਟੀ ਅਤੇ ਡੱਡੂਆਣਾ ਘਟਨਾ ਵਿਚ ਸ਼ਾਮਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਦਿੱਤੇ ਭਰੋਸੇ ਤੋਂ ਬਾਅਦ ਈਸਾਈ ਭਾਈਚਾਰੇ ਨੇ 27 ਸਤੰਬਰ ਨੂੰ ਬੰਦ ਦਾ ਸੱਦਾ ਵਾਪਸ ਲੈ ਲਿਆ ਹੈ। ਮੀਟਿੰਗ ਦੌਰਾਨ ਕ੍ਰਿਸ਼ਚੀਅਨ ਯੂਨਾਈਟਿਡ ਫੈਡਰੇਸ਼ਨ ਦੇ ਪ੍ਰਧਾਨ ਅਲਬਰਟ ਦੂਆ ਨੇ ਦੱਸਿਆ ਕਿ 23 ਸਤੰਬਰ ਨੂੰ ਚੰਡੀਗੜ੍ਹ ਵਿਖੇ ਏ.ਡੀ.ਜੀ.ਪੀ. ਕਾਨੂੰਨ ਵਿਵਸਥਾ ਨਾਲ ਮੀਟਿੰਗ ਹੋਈ ਸੀ ਜਿਸ ਵਿਚ ਸੀਨੀਅਰ ਪੁਲਿਸ ਅਧਿਕਾਰੀਆਂ ਵਲੋਂ ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕਰਨ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਹ ਅਤੇ ਹੋਰ ਜਥੇਬੰਦੀਆਂ ਦੇ ਨੁਮਾਇੰਦੇ ਏ.ਡੀ.ਜੀ.ਪੀ. ਕਾਨੂੰਨ ਵਿਵਸਥਾ ਦੇ ਭਰੋਸੇ ਤੋਂ ਸੰਤੁਸ਼ਟ ਹਨ ਅਤੇ ਧਰਨਾ ਸਮਾਪਤ ਕਰਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਸੁਰਜੀਤ ਥਾਪਰ, ਰਮਨ ਹੰਸ ਮਨਿਸਟਰੀਜ਼, ਕਨਵੀਨਰ ਮਸੀਹ ਮਹਾਂਸਭਾ ਆਗਸਟੀਨ ਦਾਸ, ਗੁਰਦਾਸਪੁਰ ਤੋਂ ਰਾਕੇਸ਼ ਵਿਲੀਅਮ, ਫਤਹਿਗੜ੍ਹ ਚੂੜੀਆਂ ਕੈਥੋਲਿਕ ਚਰਚ ਐਕਸ਼ਨ ਕਮੇਟੀ ਤੋਂ ਰੋਸ਼ਨ ਜੋਸਫ਼, ਹਾਮਿਦ ਮਸੀਹ, ਰੋਹਿਤ ਪਾਲ, ਅਵਤਾਰ ਸਿੰਘ, ਬਜਿੰਦਰ ਸਿੰਘ ਮਨਿਸਟਰੀਜ਼, ਅੰਕੁਰ ਨਰੂਲਾ ਮਨਿਸਟਰੀਜ਼ ਤੋਂ ਜਤਿੰਦਰ ਰੰਧਾਵਾ, ਪੈਂਟੀਕੋਸਟਲ ਪ੍ਰਬੰਧਕ ਕਮੇਟੀ ਤੋਂ ਧਰਮਿੰਦਰ ਬਾਜਵਾ, ਬਿਸ਼ਪ ਸੋਹਲ ਲਾਲ ਮੋਰਿੰਡਾ ਆਦਿ ਹਾਜ਼ਰ ਸਨ।

ਅੰਮ੍ਰਿਤਪਾਲ ਸਿੰਘ ਦਾ ਜਨਮ ਤੇ ਪਾਲਣ-ਪੋਸ਼ਣ ਅੰਮ੍ਰਿਤਸਰ ਦੇ ਜੱਦੂਖੇੜ੍ਹਾ ਪਿੰਡ ਵਿੱਚ ਹੋਇਆ ਹੈ। ਉੱਥੇ ਹੀ ਸਕੂਲੀ ਪੜ੍ਹਾਈ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੇ ਦੱਸਣ ਮੁਤਾਬਕ ਉਹ ਰੁਜ਼ਗਾਰ ਦੀ ਭਾਲ ਵਿੱਚ ਅਰਬ ਚਲੇ ਗਏ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਜਲਦੀ ਕਿਤੇ ਲੋਕਾਂ ਵਿੱਚ ਘੁਲਦੇ ਮਿਲਦੇ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਦੇ ਬਹੁਤ ਜ਼ਿਆਦਾ ਦੋਸਤ ਹਨ।

ਪੜ੍ਹਨ ਬਾਰੇ ਉਹ ਦੱਸਦੇ ਹਨ ਕਿ ਉਨ੍ਹਾਂ ਨੇ ਤਿੰਨ ਸਾਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਪਰ ਕਦੇ ਡਿਗਰੀ ਨਹੀਂ ਮਿਲੀ ਅਤੇ ਉਸ ਤੋਂ ਬਾਅਦ ਦੁਬਈ ਚਲੇ ਗਏ। ਅੰਮ੍ਰਿਤਪਾਲ ਦਾ ਇੱਕ ਸਿਰ ਮੰਗਣ ਦਾ ਬਿਆਨ ਚਰਚਾ ਵਿੱਚ ਆਇਆ ਸੀ। ਉਸ ਬਾਰੇ ਉਹ ਕਹਿੰਦੇ ਹਨ ਕਿ, 'ਸਿੱਖੀ ਤਾਂ ਪਹਿਲਾਂ ਸਿਰ ਮੰਗਦੀ ਹੈ। ਜਦੋਂ ਤੱਕ ਤੁਸੀਂ ਪੂਰਾ ਸਰੈਂਡਰ ਨਹੀਂ ਕਰਦੇ ਉਦੋਂ ਤੱਕ ਗੱਲ ਨਹੀਂ ਬਣਦੀ।' ਅੰਮ੍ਰਿਤਪਾਲ ਸਿੰਘ ਕਹਿੰਦੇ ਹਨ ਕਿ ਪੁਰਾਣੀਆਂ ਜੱਥੇਬੰਦੀਆਂ ਨਵੇਂ ਬੰਦੇ ਖ਼ਾਸ ਕਰਕੇ ਅਜ਼ਾਦ ਖਿਆਲ ਨੂੰ ਥਾਂ ਨਹੀਂ ਦਿੰਦੇ। ਅਕਾਲੀ ਦਲ ਬਾਰੇ ਉਹ ਕਹਿੰਦੇ ਹਨ ਕਿ ਅਕਾਲੀ ਦਲ ਪੰਥ ਦਾ ਹੈ ਅਤੇ ਇਹ ਪੰਥ ਨੂੰ ਵਾਪਸ ਮਿਲਣਾ ਚਾਹੀਦਾ ਹੈ।

(ਬਾਕੀ ਸਫ਼ਾ 31 'ਤੇ)

ਪੰਥ ਨੂੰ ਫਿਰ ਖ਼ਤਰਾ

ਵਿਸ਼ੇਸ਼ ਰਿਪੋਰਟ

# ਹਰਿਆਣੇ ਦੇ ਸਿੱਖ 52 ਗੁਰਦੁਆਰਿਆਂ ਦੀਆਂ ਗੋਲਕਾਂ ਖੋਹ ਕੇ ਲੈ ਗਏ ਸ਼੍ਰੋਮਣੀ ਕਮੇਟੀ ਤੋਂ

➢ ਸ਼੍ਰੋਮਣੀ ਕਮੇਟੀ ਨੂੰ ਬਚਾਉਣ ਲਈ ਹਰ ਕੁਰਬਾਨੀ ਦੇਵਾਂਗੇ : ਸੁਖਬੀਰ ਬਾਦਲ

➢ ਪਾਕਿ ਨੇ ਹਰਿਆਣਾ ਕਮੇਟੀ ਨੂੰ ਜਥੇ ਲਿਆਉਣ ਲਈ ਦਿੱਤਾ ਖੁੱਲ੍ਹਾ ਸੱਦਾ

ਸੁਪਰੀਮ ਕੋਰਟ ਦੇ ਫੈਸਲੇ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਾਇਰਾ ਸੁੰਗੜ ਗਿਆ ਹੈ, ਜੋ ਬਾਦਲ ਅਕਾਲੀ ਦਲ ਲਈ ਬੇਹੱਦ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਸੁਪਰੀਮ ਕੋਰਟ ਵਲੋਂ ਹਰਿਆਣਾ ਗੁਰਦੁਆਰਾ ਐਕਟ ਨੂੰ ਜਾਇਜ਼ ਕਰਾਰ ਦੇਣ ਮਗਰੋਂ ਇਕ ਵਾਰ ਫਿਰ ਬਾਦਲ ਦਲ ਵਲੋਂ ਪੰਥ ਖ਼ਤਰੇ ਵਿਚ' ਦਾ ਨਾਹਰਾ, ਲਗਾਇਆ ਜਾ ਰਿਹਾ ਹੈ।ਯਾਦ ਰਹੇ ਕਿ ਪਹਿਲਾਂ ਹੀ ਕਈ ਰਾਜਾਂ ਦੇ ਸਿੱਖ, ਆਪਣੇ ਆਪਣੇ ਰਾਜਾਂ ਦੇ ਗੁਰਦਵਾਰਿਆਂ ਦਾ ਪ੍ਰਬੰਧ, ਆਪਣੀਆਂ ਚੁਣੀਆਂ ਹੋਈਆਂ ਕਮੇਟੀਆਂ ਰਾਹੀਂ ਕਰ ਰਹੇ ਹਨ। ਪਰ ਬਾਦਲ ਦਲ ਨੇ ਆਲ ਇੰਡੀਆ ਗੁਰਦੁਆਰਾ ਐਕਟ ਦੀ ਕਦੇ ਗਲ ਨਹੀਂ ਕੀਤੀ। ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਵੀ ਪਹਿਲਾਂ ਪੰਜਾਬ ਦੀ ਸ਼੍ਰੋਮਣੀ ਕਮੇਟੀ ਹੇਠ ਸੀ। 1966 ਮਗਰੋਂ ਜਦ ਪੰਜਾਬ ਦੇ ਅਕਾਲੀ 'ਹਾਕਮ' ਬਣ ਗਏ ਤਾਂ ਉਨ੍ਹਾਂ ਦੇ ਲੀਡਰ, ਹਰਿਆਣੇ ਦੀਆਂ ਗੋਲਕਾਂ ਦੀ 150 ਕਰੋੜ ਸਾਲਾਨਾ ਆਮਦਨ ਨੂੰ ਆਪਣਾ ਅਧਿਕਾਰ ਸਮਝਣ ਲੱਗ ਪਏ। ਹਰਿਆਣੇ ਦੇ ਸਿੱਖ ਰੋਸ ਪ੍ਰਗਟ ਕਰਦੇ ਰਹੇ ਕਿ ਹਰਿਆਣੇ ਦੇ ਗੁਰਦਵਾਰਿਆਂ ਦੀ ਆਮਦਨ ਤਾਂ ਪੰਜਾਬ ਦੇ ਲੀਡਰ ਵਰਤ ਲੈਂਦੇ ਹਨ। ਹੌਲੀ-ਹੌਲੀ ਉਹ ਇਸ ਨਤੀਜੇ 'ਤੇ ਪੁੱਜੇ ਕਿ ਹਰਿਆਣਾ ਦੇ ਗੁਰਦਵਾਰਿਆਂ ਦੇ ਪ੍ਰਬੰਧ ਲਈ ਪੰਜਾਬ ਵਾਂਗ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨੀ ਚਾਹੀਦੀ ਹੈ। ਇਸ ਤਰ੍ਹਾਂ ਇਹ ਹਰਿਆਣਵੀ ਸਿੱਖਾਂ ਦੀ ਮੰਗ ਸੀ ਕਿ ਉਨ੍ਹਾਂ ਦੀ ਵੱਖਰੀ ਗੁਰਦੁਆਰਾ ਕਮੇਟੀ ਬਣਾਈ ਜਾਏ ਜਿਸ ਦੇ ਮੈਂਬਰ, ਪੰਜਾਬ ਵਾਂਗ, ਹਰਿਆਣੇ ਦੇ ਸਿੱਖ, ਵੋਟਾਂ ਪਾ ਕੇ ਚੁਣਨ। ਹੁਣ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਹਰਿਆਣਵੀ ਗੁਰਦੁਆਰਿਆਂ ਦੀਆਂ 52 ਗੋਲਕਾਂ ਦਾ ਧਨ, ਹਰਿਆਣਵੀ ਸਿੱਖਾਂ ਦੇ ਚੁਣੇ ਹੋਏ ਪ੍ਰਤੀਨਿਧ ਹੀ ਖ਼ਰਚਣਗੇ। ਇਸ ਫ਼ੈਸਲੇ ਨਾਲ ਹਰਿਆਣਾ ਦੇ 58 ਇਤਿਹਾਸਕ ਗੁਰਧਾਮ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠੋਂ ਨਿਕਲ ਗਏ ਹਨ। ਸਿੱਖ ਬੋਧਿਕ ਹਲਕਿਆਂ ਅਨੁਸਾਰ ਨਾ ਅੰਮ੍ਰਿਤਸਰ ਕਮੇਟੀ ਦਾ ਵੋਟ-ਪ੍ਰਬੰਧ ਸਿੱਖਾਂ ਦਾ ਕੁੱਝ ਸੁਆਰ ਸਕਿਆ ਹੈ, ਨਾ ਦਿੱਲੀ ਦਾ ਤੇ ਨਾ ਹੀ ਹਰਿਆਣੇ ਦਾ ਕੁੱਝ ਸੁਆਰ ਸਕੇਗਾ। ਜੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਕੋਲੋਂ 51 ਗੋਲਕਾਂ ਖੁਸ ਗਈਆਂ ਹਨ ਤਾਂ ਪੰਥ ਨੂੰ ਖ਼ਤਰਾ ਕਿਵੇਂ ਹੋ ਗਿਆ ? ਕੀ ਹਰਿਆਣਵੀ ਗੁਰਦੁਆਰਾ ਪ੍ਰਬੰਧ, ਸਿੱਖਾਂ ਦੇ ਚੁਣੇ ਹੋਏ ਪ੍ਰਤੀਨਿਧ ਨਹੀਂ ਸੰਭਾਲਣਗੇ ?

ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਸ ਦੀ ਜੂਨ 1984 ਦੇ ਫ਼ੌਜੀ ਐਕਸ਼ਨ ਨਾਲ ਤੁਲਨਾ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਸਾਲ 2014 ਵਿਚ ਹਰਿਆਣਾ ਵਿਧਾਨ ਸਭਾ ਵਲੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਬਣਾਏ ਕਾਨੂੰਨ ਨੂੰ ਮਾਨਤਾ ਦੇਣ ਦੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਸਿੱਖ ਕੌਮ 'ਤੇ ਹੁਣ ਤੱਕ ਦਾ ਸਭ ਤੋਂ ਵੱਡਾ ਹਮਲਾ ਕਰਾਰ ਦਿੰਦੇ ਹੋਏ ਇਸ ਨੂੰ ਆਲ ਇੰਡੀਆ ਗੁਰਦੁਆਰਾ ਐਕਟ 1925 ਦੀ ਵੀ ਉਲੰਘਣਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰਦੁਆਰਾ ਐਕਟ ਮੁਤਾਬਿਕ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਅਧਿਕਾਰ ਕੇਵਲ ਕੇਂਦਰ ਸਰਕਾਰ ਕੋਲ ਹੈ ਨਾ ਕਿ ਕੋਈ ਸੂਬਾ ਸਰਕਾਰ ਇਸ ਤਰ੍ਹਾਂ ਦਾ ਕੋਈ ਕਾਨੂੰਨ ਆਪਣੇ ਪੱਧਰ 'ਤੇ ਬਣਾ ਸਕਦੀ ਹੈ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕੇਂਦਰ ਦੇ ਦਖਲ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵੀ ਕੇਂਦਰ ਸਰਕਾਰ ਵਲੋਂ ਕਰਵਾਈਆਂ ਜਾਂਦੀਆਂ ਹਨ ਤੇ ਇਸ ਦੇ ਮੈਂਬਰ ਜਿੱਥੇ ਪੰਜੇ ਤਖਤਾਂ ਦੇ ਜਥੇਦਾਰ ਸਾਹਿਬਾਨ ਹੁੰਦੇ ਹਨ, ਉੱਥੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਵਸਦੇ ਸਿੱਖਾਂ ਨੂੰ ਨੁਮਾਇੰਦਗੀ ਦੇਣ ਲਈ ਸ਼੍ਰੋਮਣੀ ਕਮੇਟੀ ਵਿਚ ਦੇਸ਼ ਭਰ ਤੋਂ 15 ਮੈਂਬਰਾਂ ਨੂੰ ਨਾਮਜਦ ਕਰਨ ਦੀ ਵੀ ਵਿਵਸਥਾ ਹੈ। ਡਾ. ਚੀਮਾ ਨੇ ਕਿਹਾ ਕਿ ਰਾਜਾਂ ਦੇ ਪੁਨਰਗਠਨ ਐਕਟ ਤਹਿਤ ਸ਼੍ਰੋਮਣੀ ਕਮੇਟੀ ਸਮੇਤ ਕੁੱਝ ਹੋਰਨਾਂ ਸੰਸਥਾਵਾਂ ਨੂੰ ਇੰਟਰ ਸਟੇਟ ਕਾਰਪੋਰੇਟ ਦਾ ਦਰਜਾ ਦਿੱਤਾ ਗਿਆ, ਜਿਸ ਤਹਿਤ ਅਜਿਹੀ ਕੋਈ ਕਮੇਟੀ ਨਹੀਂ ਬਣਾਈ ਜਾ ਸਕਦੀ। ਇਸ ਮੌਕੇ ਉਨ੍ਹਾਂ ਵੱਖਰੀ ਹਰਿਆਣਾ ਕਮੇਟੀ ਸਬੰਧੀ ਆਏ ਅਦਾਲਤ ਦੇ ਫੈਸਲੇ ਲਈ ਜਿੱਥੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਉਸ ਸਮੇਂ ਦੀ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ, ਉੱਥੇ ਮੌਜੂਦਾ ਭਗਵੰਤ ਮਾਨ ਦੀ ਸਰਕਾਰ ਦੀ ਵੀ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ ਕਿ ਕਾਂਗਰਸ ਦੀ ਤਰ੍ਹਾਂ 'ਆਪ' ਸਰਕਾਰ ਵੀ ਪੰਜਾਬ ਦੇ ਹਿੱਤਾਂ ਤੇ ਖਾਸ ਕਰਕੇ ਗੁਰੂਘਰਾਂ ਦੀ ਰਾਖੀ ਕਰਨ ਵਿਚ ਅਸਫਲ ਸਾਬਤ ਹੋਈ ਹੈ ਤੇ ਦੋਵਾਂ ਸਰਕਾਰਾਂ ਵਲੋਂ ਅਦਾਲਤ ਵਿਚ ਵੱਖਰੀ ਕਮੇਟੀ ਬਣਾਉਣ ਦੇ ਹੱਕ ਵਿਚ ਲਿਖ ਕੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵਲੋਂ ਪਹਿਲਾਂ ਹੀ ਇਸ ਫੈਸਲਾ ਦਾ ਵਿਰੋਧ ਕੀਤਾ ਜਾ ਰਿਹਾ ਹੈ ਤੇ ਸ਼੍ਰੋਮਣੀ ਕਮੇਟੀ ਵਲੋਂ ਵੀ ਇਸ ਦੇ ਖਿਲਾਫ ਰੀਵਿਊ ਪਟੀਸ਼ਨ ਪਾਉਣ ਦਾ ਫੈਸਲਾ ਕੀਤਾ ਗਿਆ ਹੈ। ਡਾ. ਚੀਮਾ ਨੇ ਕਿਹਾ ਕਿ ਵੱਖਰੀ ਕਮੇਟੀ ਬਣਾਉਣ ਦਾ ਫੈਸਲਾ ਸਿੱਖ ਸਮਾਜ ਨੂੰ ਧੜਿਆਂ 'ਚ ਵੰਡਣ ਅਤੇ ਰਾਜਨੀਤਕ ਤੌਰ 'ਤੇ ਕਮਜ਼ੋਰ ਕਰਨ ਦੀ ਇਕ ਵੱਡੀ ਸਾਜਿਸ਼ ਦਾ ਹਿੱਸਾ ਹੈ, ਜਿਸ ਤੋਂ ਦੇਸ਼-ਵਿਦੇਸ਼ ਵਿਚ ਵਸਦੇ ਸਿੱਖ ਭਾਈਚਾਰੇ ਨੂੰ ਸੁਚੇਤ ਤੇ ਲਾਮਬੰਦ ਹੋਣ ਦੀ ਲੋੜ ਹੈ।

## ਪਾਕਿਸਤਾਨ ਗੁਰਦੁਆਰਾ ਕਮੇਟੀ ਵਲੋਂ ਹਰਿਆਣਾ ਕਮੇਟੀ ਨੂੰ ਸੱਦਾ

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਪਾਕਿ ਸਿੱਖ ਆਗੂ ਬਿਸ਼ਨ ਸਿੰਘ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਕਮੇਟੀ ਦੇ ਹੋਰਨਾਂ ਮੈਂਬਰਾਂ ਨੂੰ ਪਾਕਿ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਲਾਹੌਰ ਤੋਂ ਬਿਸ਼ਨ ਸਿੰਘ ਨੇ ਕਿਹਾ ਕਿ ਐਚ.ਐਸ.ਜੀ.ਪੀ.ਸੀ. ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਮਾਨਤਾ ਦਿੱਤੀ ਹੈ, ਇਸ ਲਈ ਉਸ ਦੇ ਪ੍ਰਧਾਨ ਭਾਵੇਂ ਬਲਜੀਤ ਸਿੰਘ ਦਾਦੂਵਾਲ ਬਣਨ ਜਾਂ ਜਗਦੀਸ਼ ਸਿੰਘ ਝੀਂਡਾ, ਪਾਕਿ ਨੇ ਦੋਵਾਂ ਨੂੰ ਜਥੇ ਸਮੇਤ ਆਉਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਚੱਲ ਰਿਹਾ ਆਪਸੀ ਮਤਭੇਦ ਉਨ੍ਹਾਂ ਦਾ ਨਿੱਜੀ ਮਾਮਲਾ ਹੈ ਅਤੇ ਪਾਕਿ ਸਿੱਖ ਭਾਈਚਾਰਾ ਜਾਂ ਕਮੇਟੀ ਇਸ ਵਿਚ ਕੋਈ ਦਖ਼ਲਅੰਦਾਜ਼ੀ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪਾਕਿ ਪਹੁੰਚਣ 'ਤੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਹੋਰ ਭਾਰਤੀ ਸਿੱਖ ਜਥਿਆਂ ਦਾ ਨਿੱਘਾ ਸਵਾਗਤ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਹਰਿਆਣਾ ਕਮੇਟੀ ਦੇ ਜਥੇ ਨੂੰ ਵੀ ਸਨਮਾਨ ਦਿੱਤਾ ਜਾਵੇਗਾ।

## ਸੁਖਬੀਰ ਵਲੋਂ ਤਿੱਖਾ ਵਿਰੋਧ

ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਖ਼ਾਲਸਾ ਪੰਥ ਸ਼੍ਰੋਮਣੀ ਕਮੇਟੀ ਨੂੰ ਟੁੱਟਣ ਤੋਂ ਬਚਾਉਣ ਲਈ ਹਰ ਕੁਰਬਾਨੀ ਕਰੇਗਾ ਅਤੇ ਇਸ ਫ਼ੈਸਲੇ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਵਿੱਢੇਗਾ। ਇਹ ਐਲਾਨ ਉਨ੍ਹਾਂ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਵਿਖੇ ਸ਼੍ਰੋਮਣੀ ਕਮੇਟੀ ਦੇ ਪੰਜਾਬ ਅਤੇ ਹਰਿਆਣਾ ਤੋਂ ਪੁੱਜੇ ਮੈਂਬਰਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਦੌਰਾਨ ਕੀਤਾ।

ਉਨ੍ਹਾਂ ਕਿਹਾ ਕਿ ਕਾਂਗਰਸ ਦੀ ਹੁੱਡਾ ਸਰਕਾਰ ਨੇ ਹਰਿਆਣਾ ਵਿੱਚ ਵੱਖਰੀ ਸਿੱਖ ਗੁਰਦੁਆਰਾ ਕਮੇਟੀ ਦੇ ਗਠਨ ਲਈ ਕਾਨੂੰਨ ਬਣਾਇਆ ਸੀ ਜਦਕਿ ਪੰਜਾਬ ਦੀ ਪਿਛਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਤੇ ਮੌਜੂਦਾ ਭਗਵੰਤ ਮਾਨ ਦੀ ਸਰਕਾਰ ਨੇ ਅਦਾਲਤ ਵਿੱਚ ਗਲਤ ਦਲੀਲਾਂ ਪੇਸ਼ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਤੋੜਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਭਾਜਪਾ ਨੇ ਆਪਣੇ ਕਬਜ਼ੇ ਹੇਠ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ, ਹਰਿਆਣਾ ਕਮੇਟੀ ਦੇ ਮਾਮਲੇ ਨੂੰ ਅਦਾਲਤ ਵਿੱਚ ਲਿਜਾਣ ਤੋਂ ਇਲਾਵਾ ਜਨਤਕ ਤੌਰ 'ਤੇ ਵੀ ਲੋਕਤੰਤਰੀ ਤਰੀਕੇ ਨਾਲ ਸੰਘਰਸ਼ ਕਰੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ 30 ਸਤੰਬਰ ਨੂੰ ਹੋਣ ਵਾਲੇ ਆਮ ਇਜਲਾਸ ਵਿੱਚ ਸੰਘਰਸ਼ ਦੀ ਰੂਪ ਰੇਖਾ ਉਲੀਕੀ ਜਾਵੇਗੀ।

# ਪੰਜਾਬ ਦਾ ਖਜ਼ਾਨਾ ਮਾਲੀ ਘਾਟੇ ਦਾ ਸ਼ਿਕਾਰ ਕਿਉਂ ?

ਭਖਦਾ ਮਸਲਾ

ਬਿਕਰਮ ਸਿੰਘ ਵਿਰਕ

ਕਰਜ਼ਾ ਭਾਵੇਂ ਸਰਕਾਰ ਦਾ ਹੋਵੇ ਜਾਂ ਫਿਰ ਕਿਸੇ ਜਨ-ਸਧਾਰਨ, ਪਰਿਵਾਰ ਜਾਂ ਸੰਸਥਾ ਦਾ, ਕਾਰਨ ਇਕੋ ਹੀ ਹੋਇਆ ਕਰਦਾ ਹੈ, ਘੱਟ ਆਮਦਨ ਦੇ ਮੁਕਾਬਲੇ ਵਧੇਰੇ ਖ਼ਰਚ। ਪੰਜਾਬ ਸਿਰ ਚੜ੍ਹੇ ਕਰਜ਼ ਦਾ ਵੀ ਇਹੀ ਪ੍ਰਮੁੱਖ ਕਾਰਨ ਸੀ। ਇਸ ਲੇਖ ਵਿਚ ਪਿਛਲੇ 25 ਸਾਲਾਂ ਦੌਰਾਨ ਵੱਖ-ਵੱਖ ਸਰਕਾਰਾਂ ਦੇ ਕਾਰਜਕਾਲ ਦੀਆਂ ਮਾਲੀ ਪ੍ਰਾਪਤੀਆਂ ਅਤੇ ਮਾਲੀ ਖ਼ਰਚ ਦਾ ਵੇਰਵਾ ਦਿੱਤਾ ਗਿਆ ਹੈ, ਤਾਂ ਜੋ ਵਿਸ਼ਲੇਸ਼ਣ ਉਪਰੰਤ ਸੂਬੇ ਸਿਰ ਚੜ੍ਹੇ ਕਰਜ਼ ਦੇ ਕਾਰਨ ਲੱਭੇ ਜਾ ਸਕਣ। ਭਾਰਤ ਦੇ ਸੰਘੀ ਢਾਂਚੇ ਦੇ ਵਿੱਤੀ ਨਿਜ਼ਾਮ ਅਨੁਸਾਰ ਕੁਝ ਟੈਕਸ ਸੂਬਾ ਸਰਕਾਰਾਂ ਦੀਆਂ ਸ਼ਕਤੀਆਂ ਅਧੀਨ ਹਨ ਅਤੇ ਕੁਝ ਕੇਂਦਰ ਸਰਕਾਰ ਅਧੀਨ ਆਉਂਦੇ ਹਨ, ਜਿਨ੍ਹਾਂ ਤੋਂ ਉਹ ਟੈਕਸ ਉਗਰਾਹ ਕੇ ਸੂਬਿਆਂ ਵਿਚ ਇਕ ਨਿਸਚਿਤ ਫਾਰਮੂਲੇ ਅਨੁਸਾਰ ਵੰਡਦੀ ਹੈ। ਇੰਜ ਸੂਬਿਆਂ ਦੀਆਂ ਕੁਲ ਮਾਲੀ ਪ੍ਰਾਪਤੀਆਂ ਦੋ ਭਾਗਾਂ ਵਿਚ ਵੰਡੀਆਂ ਜਾ ਸਕਦੀਆਂ ਹਨ, ਪਹਿਲੀ ਆਪਣੇ ਟੈਕਸਾਂ ਤੋਂ ਅਤੇ ਦੂਸਰੀ ਕੇਂਦਰ ਸਰਕਾਰ ਤੋਂ ਪ੍ਰਾਪਤ ਟੈਕਸਾਂ ਅਤੇ ਗ੍ਰਾਂਟਾਂ ਤੋਂ ਹੋਣ ਵਾਲੀਆਂ ਪ੍ਰਾਪਤੀਆਂ। ਇਸ ਆਮਦਨ ਵਿਚੋਂ ਹੀ ਫਿਰ ਸਰਕਾਰਾਂ ਮਾਲੀ ਅਤੇ ਪੂੰਜੀਗਤ ਖ਼ਰਚ ਕਰਦੀਆਂ ਹਨ। ਜੇਕਰ ਮਾਲੀ ਪ੍ਰਾਪਤੀਆਂ ਮਾਲੀ ਖ਼ਰਚ ਨਾਲੋਂ ਵੱਧ ਹੋਣ ਤਾਂ ਉਸ ਨੂੰ 'ਮਾਲੀ ਵਾਧਾ' ਕਿਹਾ ਜਾਂਦਾ ਹੈ ਅਤੇ ਜੇਕਰ ਮਾਲੀ ਖ਼ਰਚ ਮਾਲੀ ਪ੍ਰਾਪਤੀਆਂ ਤੋਂ ਵਧੇਰੇ ਹੋਣ ਤਾਂ ਇਸ ਨੂੰ 'ਮਾਲੀ ਘਾਟਾ' ਕਿਹਾ ਜਾਂਦਾ ਹੈ। ਪੰਜਾਬ ਵਿਚ ਪਿਛਲੇ 25 ਸਾਲਾਂ ਦੌਰਾਨ ਕੋਈ ਇਕ ਵਰ੍ਹਾ ਵੀ ਅਜਿਹਾ ਨਹੀਂ ਆਇਆ, ਜਿਸ ਵਿਚ ਮਾਲੀ ਪ੍ਰਾਪਤੀਆਂ ਮਾਲੀ ਖ਼ਰਚ ਨਾਲੋਂ ਵਧੀਆਂ ਹੋਣ, ਬਲਕਿ ਹਰ ਸਾਲ ਹੀ ਸੂਬੇ ਦਾ ਖਜ਼ਾਨਾ ਮਾਲੀ ਘਾਟੇ ਦਾ ਸ਼ਿਕਾਰ ਰਿਹਾ ਅਤੇ ਸਾਲ ਦਰ ਸਾਲ ਇਹ ਮਾਲੀ ਘਾਟਾ ਵਧਦਾ ਹੀ ਗਿਆ, ਜਿਸ ਕਾਰਨ ਸੂਬੇ ਦੇ ਸਿਰ ਕਰਜ਼ੇ ਦੀ ਪੰਡ ਵੀ ਹਰ ਸਾਲ ਵੱਡੀ ਹੁੰਦੀ ਗਈ।



### 1997 ਤੋਂ 2002 ਤੱਕ ਦੀ ਸਥਿਤੀ

ਇਸ ਸਰਕਾਰ ਦੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਕੁਲ ਮਾਲੀ ਪ੍ਰਾਪਤੀਆਂ 37,876 ਕਰੋੜ ਰੁਪਏ ਹੋਈਆਂ ਅਤੇ ਇਨ੍ਹਾਂ ਵਿਚ 9.9 ਫੀਸਦੀ ਦੀ ਦਰ ਨਾਲ ਸਾਲਾਨਾ (317R) ਵਾਧਾ ਹੋਇਆ। ਦੂਸਰੇ ਪਾਸੇ ਇਨ੍ਹਾਂ ਪੰਜ ਸਾਲਾਂ ਦੌਰਾਨ ਕੁਲ ਮਾਲੀ ਖ਼ਰਚ 52,887 ਕਰੋੜ ਰੁਪਏ ਸੀ ਅਤੇ ਇਸ ਦੀ ਸਾਲ ਦਰ ਸਾਲ ਔਸਤ ਵਾਧਾ ਦਰ 16.3 ਫੀਸਦੀ ਬਣਦੀ ਹੈ। ਇੰਜ ਇਨ੍ਹਾਂ ਪੰਜ ਸਾਲਾਂ ਵਿਚ ਮਾਲੀ ਪ੍ਰਾਪਤੀਆਂ ਅਤੇ ਮਾਲੀ ਖ਼ਰਚ ਵਿਚ 15,011 ਕਰੋੜ ਰੁਪਏ ਦਾ ਪਾੜਾ (ਮਾਲੀ ਘਾਟਾ) ਰਿਹਾ, ਜੋ ਕਿ ਕਰਜ਼ ਲੈ ਕੇ ਪੂਰਿਆ ਗਿਆ। ਸਰਕਾਰ ਦੇ ਆਖਰੀ ਸਾਲ ਜਾਂ ਚੋਣ ਵਰ੍ਹੇ 2001-02 ਵਿਚ ਜਿਥੇ ਇਕ ਪਾਸੇ ਪਿਛਲੇ ਸਾਲ ਦੇ ਮੁਕਾਬਲੇ ਮਾਲੀ ਪ੍ਰਾਪਤੀਆਂ ਵਿਚ 448 ਕਰੋੜ ਰੁਪਏ ਦੀ ਕਮੀ ਆਈ, ਉੱਥੇ ਹੀ ਮਾਲੀ ਖ਼ਰਚ ਵਿਚ 3,047 ਕਰੋੜ ਰੁਪਏ ਦਾ ਵਾਧਾ ਹੋਇਆ, ਜੋ ਕਿ ਪਿਛਲੇ ਸਾਲ 1518 ਕਰੋੜ ਦੇ ਵਾਧੇ ਦੇ ਮੁਕਾਬਲੇ ਦੁੱਗਣਾ ਬਣਦਾ ਹੈ। ਜ਼ਾਹਿਰਾ ਤੌਰ 'ਤੇ ਆਖ਼ਰੀ ਸਾਲ ਵਿਚ ਸਰਕਾਰ ਵਲੋਂ ਵੋਟਰਾਂ ਨੂੰ ਖ਼ੁਸ਼ ਕਰਨ ਲਈ ਇਕ ਪਾਸੇ ਆਮਦਨ ਉਗਰਾਹੀ ਵਿਚ ਢਿੱਲ ਦਿੱਤੀ ਗਈ ਅਤੇ ਦੂਸਰੇ ਪਾਸੇ ਸਬਸਿਡੀਆਂ, ਰਿਆਇਤਾਂ ਅਤੇ ਹੋਰ ਮੁਫ਼ਤ ਸਹੂਲਤਾਂ 'ਤੇ ਵਧ-ਚੜ੍ਹ ਕੇ ਖ਼ਰਚ ਕੀਤਾ ਗਿਆ।

### 2002 ਤੋਂ 2007 ਤੱਕ ਦੀ ਸਥਿਤੀ

ਜਦੋਂ ਫਰਵਰੀ 2002 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਨੇ ਸੱਤਾ ਸੰਭਾਲੀ ਤਾਂ ਉਨ੍ਹਾਂ ਕਈ ਮਹੀਨੇ ਤੱਕ ਕੇਵਲ ਇਹੀ ਰਾਗ ਅਲਾਪਿਆ ਕਿ ਪਿਛਲੀ ਸਰਕਾਰ ਤਾਂ ਖਜ਼ਾਨਾ ਹੀ ਖਾਲੀ ਕਰ ਗਈ ਹੈ ਅਤੇ ਉਨ੍ਹਾਂ ਕੋਲ ਤਾਂ ਖ਼ਰਚ ਕਰਨ ਲਈ ਕੁਝ ਵੀ ਨਹੀਂ ਬਚਿਆ। ਹਾਲਾਂਕਿ ਇਹ ਮੁਹਾਰਨੀ ਸੱਤਾ ਸੰਭਾਲਣ ਵਾਲੀ ਹਰ ਸਰਕਾਰ ਵਲੋਂ ਹੀ ਦੁਹਰਾਈ ਜਾਂਦੀ ਹੈ, ਬਸ਼ਰਤੇ ਕਿ ਪਿਛਲੀ ਸਰਕਾਰ ਉਨ੍ਹਾਂ ਦੀ ਪਾਰਟੀ ਦੀ ਨਾ ਰਹੀ ਹੋਵੇ। ਕੁਝ ਵੀ ਹੋਵੇ ਇਸ ਸਰਕਾਰ ਦੇ ਪੰਜ ਸਾਲ ਦੇ ਸਮੇਂ ਵਿਚ ਸਰਕਾਰੀ ਖਜ਼ਾਨੇ ਵਿਚ ਕੁਝ ਸੁਧਾਰ ਹੋਇਆ। ਜਿਥੇ ਇਕ ਪਾਸੇ ਮਾਲੀ ਪ੍ਰਾਪਤੀਆਂ ਵਿਚ ਚੌਖਾ ਵਾਧਾ ਦਰਜ ਕੀਤਾ ਗਿਆ, ਉੱਥੇ ਹੀ ਮਾਲੀ ਖ਼ਰਚ ਨੂੰ ਵੀ ਕੰਟਰੋਲ ਕੀਤਾ ਗਿਆ। ਪੰਜ ਸਾਲਾਂ ਵਿਚ ਸਰਕਾਰ ਦੀਆਂ ਕੁਲ ਮਾਲੀ ਪ੍ਰਾਪਤੀਆਂ 70,778 ਕਰੋੜ ਰੁਪਏ ਦੀਆਂ ਸਨ, ਜੋ ਕਿ ਪਿਛਲੀ ਸਰਕਾਰ ਦੇ 37,876 ਕਰੋੜ ਰੁਪਏ ਨਾਲੋਂ 32,902 ਕਰੋੜ ਰੁਪਏ (87 ਫੀਸਦੀ) ਵੱਧ ਰਹੀਆਂ ਅਤੇ ਇਨ੍ਹਾਂ ਵਿਚ ਸਾਲ ਦਰ ਸਾਲ ਔਸਤਨ 13.5 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਦੂਸਰੇ ਪਾਸੇ ਪੰਜਾਂ ਸਾਲਾਂ ਦਾ ਕੁਲ ਮਾਲੀ ਖ਼ਰਚ 89,065 ਕਰੋੜ ਰੁਪਏ ਸੀ, ਜੋ ਕਿ ਪਿਛਲੀ ਸਰਕਾਰ ਦੇ 52,887 ਕਰੋੜ ਰੁਪਏ ਨਾਲੋਂ 36,138 ਕਰੋੜ ਰੁਪਏ (68 ਫੀਸਦੀ) ਵੱਧ ਸੀ ਅਤੇ ਇਸ ਵਿਚ ਸਾਲ ਦਰ ਸਾਲ ਔਸਤਨ 4.6 ਫੀਸਦੀ ਵਾਧਾ ਦਰ ਵੇਖਣ ਨੂੰ ਮਿਲੀ ਜੋ ਕਿ ਮਾਲੀ ਪ੍ਰਾਪਤੀਆਂ ਦੇ ਮੁਕਾਬਲੇ ਕਾਫੀ ਘਟ ਸੀ। ਇਨ੍ਹਾਂ ਪੰਜਾਂ ਸਾਲਾਂ ਦਾ ਸਮੁੱਚਾ ਮਾਲੀ ਘਾਟਾ 18,287 ਕਰੋੜ ਰੁਪਏ ਰਿਹਾ, ਜੋ ਕਿ ਪਿਛਲੀ ਸਰਕਾਰ ਦੇ ਪੰਜ ਸਾਲ ਦੇ 15,011 ਕਰੋੜ ਰੁਪਏ ਦੇ ਮਾਲੀ ਘਾਟੇ ਨਾਲੋਂ 3,276 ਕਰੋੜ ਰੁਪਏ ਹੀ ਵੱਧ ਸੀ ਅਤੇ ਪੰਜ ਸਾਲ ਦੌਰਾਨ ਇਸ ਵਿਚ ਇਹ ਵਾਧਾ 22 ਫੀਸਦੀ ਬਣਦਾ ਹੈ। ਇੰਜ ਇਨ੍ਹਾਂ ਪੰਜ ਸਾਲਾਂ ਦੌਰਾਨ ਮਾਲੀ ਆਮਦਨ ਵਿਚ ਮਾਲੀ ਖ਼ਰਚ ਦੇ ਮੁਕਾਬਲੇ ਜ਼ਿਆਦਾ ਵਾਧਾ ਹੋਇਆ ਅਤੇ ਨਤੀਜਨ ਖੜ੍ਹੇ ਕਰਜ਼ ਵਿਚਲਾ ਇਜ਼ਾਫਾ ਵੀ ਘੱਟ ਰਿਹਾ।

### 2007 ਤੋਂ 2012 ਤੱਕ ਦੀ ਸਥਿਤੀ

ਇਸ ਸਮੇਂ ਦੀ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਦੀਆਂ ਕੁਲ ਮਾਲੀ ਪ੍ਰਾਪਤੀਆਂ 1,15,948 ਕਰੋੜ ਰੁਪਏ ਦੀਆਂ ਰਹੀਆਂ, ਜੋ ਕਿ ਪਿਛਲੀ ਸਰਕਾਰ ਦੇ ਪੰਜ ਸਾਲ ਦੇ 70,778 ਕਰੋੜ ਰੁਪਏ ਦੇ ਮਾਲੀਏ ਨਾਲੋਂ 45,170 ਕਰੋੜ ਰੁਪਏ ਵਧੀਆਂ ਅਤੇ ਪੰਜ ਸਾਲਾਂ ਦੌਰਾਨ ਇਹ ਵਾਧਾ 64 ਫੀਸਦੀ ਰਿਹਾ। ਪੰਜ ਸਾਲਾਂ ਦੌਰਾਨ ਸਾਲ ਦਰ ਸਾਲ ਔਸਤਨ ਵਾਧਾ ਦਰ 9.3 ਫੀਸਦੀ ਰਹੀ। ਦੂਸਰੇ ਪਾਸੇ ਇਨ੍ਹਾਂ ਪੰਜਾਂ ਸਾਲਾਂ ਦੌਰਾਨ ਸੂਬੇ ਦਾ ਕੁਲ ਮਾਲੀ ਖ਼ਰਚ 1,40,980 ਕਰੋੜ ਰੁਪਏ ਸੀ, ਜੋ ਕਿ ਪਿਛਲੀ ਸਰਕਾਰ ਦੇ 89,065 ਕਰੋੜ ਰੁਪਏ ਨਾਲੋਂ 51,915 ਕਰੋੜ ਰੁਪਏ ਵਧਿਆ ਅਤੇ ਇਹ ਵਾਧਾ 58 ਫੀਸਦੀ ਸੀ ਅਤੇ ਮਾਲੀ ਖ਼ਰਚ ਵਿਚ 12.2 ਫੀਸਦੀ ਦੀ ਸਾਲ ਦਰ ਸਾਲ ਔਸਤ ਵਾਧਾ ਦਰ ਦਰਜ ਕੀਤੀ ਗਈ। (ਬਾਕੀ ਸਫ਼ਾ 31 'ਤੇ)

# ਕੇਸਗੜ੍ਹ ਸਾਹਿਬ ਦੇ ਪਵਿੱਤਰ ਕੰਪਲੈਕਸ ਅਤੇ ਇਰਦ-ਗਿਰਦ ਉਤਸ਼ਾਹ ਅਤੇ ਜੋਸ਼ ਦੇ ਅਲੌਕਿਕ ਰੰਗ

## ਭਾਈ ਅੰਮ੍ਰਿਤਪਾਲ ਸਿੰਘ ਅਤੇ ਸੈਂਕੜੇ ਸਾਥੀ ਅੰਮ੍ਰਿਤਧਾਰੀ ਫੌਜ ਵਿੱਚ ਦਾਖ਼ਲ

### ਸੁਤੰਤਰ ਰਾਜਨੀਤੀ ਦਾ ਨਵਾਂ ਆਗਾਜ਼ ਹੋਵੇਗਾ ?

ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ

ਕੇਸਗੜ੍ਹ ਸਾਹਿਬ ਦੇ ਪਵਿੱਤਰ ਕੰਪਲੈਕਸ ਅਤੇ ਇਸਦੇ ਆਲੇ ਦੁਆਲੇ ਵਿਚ ਅੱਜ ਵੱਖਰੀ ਤਰ੍ਹਾਂ ਦਾ ਉਤਸ਼ਾਹ, ਨਿਵੇਕਲੇ ਰੰਗਾਂ ਦੀ ਰੌਣਕ ਅਤੇ ਅਲੌਕਿਕ ਜੋਸ਼ ਤੇ ਜਜ਼ਬਾ ਵੇਖਣ ਵਿੱਚ ਆਇਆ। ਵੈਸੇ ਹਰ ਐਤਵਾਰ ਨੂੰ ਛੁੱਟੀ ਕਾਰਨ ਸ਼ਰਧਾਲੂਆਂ, ਆਮ ਸੰਗਤਾਂ ਅਤੇ ਸੈਲਾਨੀ ਇਸ ਪਵਿੱਤਰ ਅਸਥਾਨ ਤੇ ਵੱਡੀ ਗਿਣਤੀ ਵਿੱਚ ਨਤਮਸਤਕ ਹੁੰਦੇ ਹਨ, ਪਰ 25 ਸਤੰਬਰ ਦਾ ਐਤਵਾਰ ਕੋਈ ਹੋਰ ਸੰਦੇਸ਼ ਵੀ ਦੇ ਰਿਹਾ ਸੀ ਜੋ ਹੋਰਨਾਂ ਦਿਨਾਂ ਨਾਲੋਂ ਵੱਖਰਾ ਸੀ। ਇਹ ਵੱਖਰਾ ਕਿਸ ਤਰ੍ਹਾਂ ਦਾ ਹੈ, ਇਸੇ ਦੀ ਪੰਜਾਬ ਦੇ ਲੋਕਾਂ ਨੂੰ ਉਡੀਕ ਸੀ।

ਜਿਨ੍ਹਾਂ ਨੂੰ ਧੁਰ ਅੰਦਰ ਤਕ ਉਤਰ ਜਾਣ ਵਾਲੇ ਸ਼ਬਦਾਂ ਦੀ ਪਿਆਸ ਲੱਗੀ ਹੋਵੇ, ਉਹ ਹੀ ਇਹ ਮਹਿਸੂਸ ਕਰ ਸਕਦੇ ਹਨ ਕਿ ਜਿਨ੍ਹਾਂ 950 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ,ਉਨ੍ਹਾਂ ਦੇ ਚਿਹਰਿਆਂ ਤੇ ਕਿਹੋ ਜਿਹਾ ਖੇੜਾ ਅਤੇ ਰੌਣਕ ਸੀ ਅਤੇ ਉਨ੍ਹਾਂ ਅੰਦਰ ਭਵਿੱਖ ਦੇ ਨਕਸ਼ ਘੜਨ ਲਈ ਕਿਸ ਤਰ੍ਹਾਂ ਦੇ ਬੇਸ਼ਬਦ ਵਲਵਲੇ ਸਨ।ਇਹ ਖੇੜਾ ਕੁਝ ਇਸ ਤਰ੍ਹਾਂ ਦਾ ਸੀ ਜਿਵੇਂ ਤੁਸੀਂ ਭਰ ਜੋਬਨ ਵਿਚ ਖਿੜੀ ਕਪਾਹ ਦੇ ਕਿਸੇ ਖੇਤ ਵਿਚੋਂ ਲੰਘ ਰਹੇ ਹੋਵੋ। ਮੈਂ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਰਘਬੀਰ ਸਿੰਘ ਨਾਲ ਫੋਨ ਉੱਤੇ ਸੰਪਰਕ ਕੀਤਾ ਤਾਂ ਜੋ ਇਸ ਵੱਖਰੇ ਖੇੜੇ ਦਾ ਭੇਤ ਜਾਣਿਆ ਜਾਵੇ,ਪਰ ਬਦਕਿਸਮਤੀ ਨਾਲ ਉਨ੍ਹਾਂ ਦਾ ਫੋਨ ਸਵਿੱਚ ਆਫ ਕੀਤਾ ਹੋਇਆ ਸੀ ।ਪਤਾ ਨਹੀਂ ਕਿਉਂ ?

ਆਖਿਰਕਾਰ ਇਹ ਅੰਮ੍ਰਿਤ ਛਕਣ ਵਾਲੇ ਕੌਣ ਸਨ ? ਅਤੇ ਕਿਸ ਦੇ ਸੱਦੇ ਉੱਤੇ ਆਏ ? ਉਸ ਸੱਦੇ ਵਿੱਚ ਕਿਹੜੀ ਵੱਡੀ ਗੱਲ ਸੀ ਕਿ ਉਦਾਸ ਪੰਜਾਬ ਦੇ ਨੌਜਵਾਨ ਵਹੀਰਾਂ ਘੱਤ ਕੇ ਆਨੰਦਪੁਰ ਦੀ ਧਰਤੀ ਵੱਲ ਹੋ ਤੁਰੇ ਅਤੇ ਦੋ ਦਿਨਾਂ ਤੋਂ ਲਗਾਤਾਰ ਵਰ੍ਹਦਾ ਮੀਂਹ ਤੇ ਸ਼ੂਕਦੀਆਂ ਹਵਾਵਾਂ ਵੀ ਉਨ੍ਹਾਂ ਦੇ ਹੌਸਲੇ ਨੂੰ, ਉਨ੍ਹਾਂ ਦੇ ਸਿਦਕ ਨੂੰ ਅਤੇ ਉਨ੍ਹਾਂ ਦੇ ਦ੍ਰਿੜ ਇਰਾਦਿਆਂ ਨੂੰ ਬੰਨ੍ਹ ਨਹੀਂ ਮਾਰ ਸਕੀਆਂ।

ਉਹ ਸੀ ਦੀਪ ਸਿੱਧੂ ਦਾ ਵਾਰਸ ਭਾਈ ਅੰਮ੍ਰਿਤਪਾਲ ਸਿੰਘ ਅਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁੱਖ ਸੇਵਾਦਾਰ।ਉਸ ਦੇ ਇਕ ਸੰਦੇਸ਼ ਨੇ ਨੌਜਵਾਨਾਂ ਦੀਆਂ ਧਾਰਮਿਕ ਤੇ ਰਾਜਨੀਤਕ ਜ਼ਮੀਰਾਂ ਨੂੰ ਜਗਾ ਦਿੱਤਾ ਕਿ ਅੱਜ ਫਿਰ ਦਸਮੇਸ਼ ਪਿਤਾ ਸੀਸ ਮੰਗਦੇ ਨੇ, ਆਓ ਆਨੰਦਪੁਰ ਦੀ ਧਰਤੀ ਵੱਲ ਮੂੰਹ ਕਰੀਏ ਅਤੇ ਅੰਮ੍ਰਿਤ ਛਕ ਕੇ ਪੰਜਾਬ ਦੀ ਤਕਦੀਰ ਨੂੰ ਬਦਲ ਦਈਏ, ਇਤਿਹਾਸ ਦੇ ਸੱਚੇ ਵਾਰਸ ਬਣੀਏ ਅਤੇ ਆਜ਼ਾਦੀ ਦੇ ਅਹਿਸਾਸ ਦਾ ਦੀਪ ਹਰ ਘਰ ਵਿੱਚ ਜਗਾ ਦਈਏ। ਇਹੋ ਜਿਹਾ ਸੰਦੇਸ਼ ਪਹਿਲਾਂ ਕਿਸੇ ਨੇ ਘੱਟੋ ਘੱਟ ਇਸ ਅੰਦਾਜ਼ ਵਿੱਚ,ਇਸ ਸੰਜੀਦਗੀ ਅਤੇ ਈਮਾਨਦਾਰੀ ਨਾਲ ਨਹੀਂ ਸੀ ਦਿੱਤਾ।

ਅੰਮ੍ਰਿਤਪਾਲ ਸਿੰਘ ਦੇ ਬੇਬਾਕ ਬਿਆਨਾਂ, ਉਸਦੀਆਂ ਨਿਰਵੈਰ ਟਿੱਪਣੀਆਂ ਅਤੇ ਨਿਰਭਉ ਅੰਦਾਜ਼ ਨੇ ਇਕ ਝਟਕੇ ਵਿਚ ਪੰਜਾਬ ਦੇ ਰਾਜਨੀਤਕ ਪਾਣੀਆਂ ਵਿਚ ਇਕ ਭੂਚਾਲ ਲੈ ਆਂਦਾ ਹੈ ਅਤੇ ਸੱਚ ਤਾਂ ਇਹ ਹੈ ਕਿ ਭਾਵੇਂ ਕੋਈ ਮੰਨੇ, ਭਾਵੇਂ ਨਾ ਮੰਨੇ ਕਿ 'ਦਿਸ ਰਹੇ ਰਾਜਨੀਤਕ ਖਿਡਾਰੀਆਂ' ਨੂੰ ਉਸ ਨੇ ਬੇਅਸਰ ਕਰ ਦਿੱਤਾ ਹੈ। ਉਸ ਦੀ ਇਸ ਅਚਨਚੇਤ ਚੜ੍ਹਤ ਨੂੰ ਵੇਖਦਿਆਂ ਉਹ ਅਚਾਨਕ ਬੌਂਦਲੇ ਹੋਏ ਲੱਗਦੇ ਹਨ।ਉਨ੍ਹਾਂ ਦੀ ਖ਼ਾਮੋਸ਼ੀ ਵਿੱਚ ਉਨ੍ਹਾਂ ਦੀ ਅਯੋਗਤਾ ਤੇ ਬੇਬਸੀ ਦੇਖੀ ਜਾ ਸਕਦੀ ਹੈ।



ਅੰਮ੍ਰਿਤਪਾਲ ਸਿੰਘ ਦੀਆਂ ਗੱਲਾਂ ਵਿਚ ਇਕ ਲੋਅ ਹੈ, ਇਕ ਚਾਨਣ ਹੈ। ਉਸ ਨੇ ਪੰਜਾਬ ਦੇ ਦਰਦ ਨੂੰ ਇੱਕ ਸੁਚੱਜੀ ਤਰਤੀਬ ਦਿੱਤੀ ਹੈ, ਉਸ ਨੇ ਵਿਰਾਸਤ ਨੂੰ ਯਾਦਾਂ ਵਿੱਚ ਵਸਾ ਦਿੱਤਾ ਹੈ। ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਉਸ ਦੇ ਇਕ ਸੱਦੇ 'ਤੇ ਅਤੇ ਉਹ ਵੀ ਥੋੜ੍ਹੇ ਹੀ ਦਿਨਾਂ ਦੇ ਨੋਟਿਸ ਅਤੇ ਸੀਮਤ ਸਾਧਨਾਂ 'ਤੇ ਏਨੀ ਵੱਡੀ ਗਿਣਤੀ ਵਿਚ ਆਨੰਦਪੁਰ ਸਾਹਿਬ ਨੌਜਵਾਨ ਇਕੱਠੇ ਹੋ ਗਏ ਹੋਣ। ਸ਼ਾਇਦ ਹੀ ਕਿਸੇ ਵੱਡੀ ਤੋਂ ਵੱਡੀ ਸਿੱਖਾਂ ਦੀ ਰਾਜਨੀਤਕ ਪਾਰਟੀ ਦੇ ਸੱਦੇ ਤੇ ਏਨੀ ਵੱਡੀ ਗਿਣਤੀ ਵਿੱਚ ਕਦੇ ਲੋਕ ਅੰਮ੍ਰਿਤ ਛਕਣ ਲਈ ਤਿਆਰ ਹੋਏ ਹੋਣ ਅਤੇ ਉਹ ਵੀ ਸੁਚੇਤ ਜਜ਼ਬਿਆਂ ਅਤੇ ਰੂਹਾਨੀ ਜੋਸ਼ ਅਤੇ ਹੋਸ਼ ਨਾਲ। ਇਹ ਇਕ ਚਮਤਕਾਰ ਤੋਂ ਘੱਟ ਨਹੀਂ।

ਜਿਨ੍ਹਾਂ ਵਿਅਕਤੀਆਂ ਨੇ ਅੱਜ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੈ,ਉਨ੍ਹਾਂ ਬਾਰੇ ਸਿੱਖ ਇਤਿਹਾਸ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਅੰਮ੍ਰਿਤਧਾਰੀਆਂ ਦਾ ਇਤਿਹਾਸ ਵਿਚ ਵੱਖਰਾ ਰੋਲ ਹੋਵੇਗਾ। ਇਸ ਵੱਖਰੇ ਰੋਲ ਬਾਰੇ ਇਸ਼ਾਰੇ ਅੰਮ੍ਰਿਤਪਾਲ ਸਿੰਘ ਦੇ ਬਿਆਨਾਂ ਅਤੇ ਟਿੱਪਣੀਆਂ ਤੋਂ ਵੀ ਮਿਲਦੇ ਹਨ ਜੋ ਉਨ੍ਹਾਂ ਨੇ ਅੰਮ੍ਰਿਤ ਛਕਣ ਤੋਂ ਪਹਿਲਾਂ ਦਿੱਤੇ ਹਨ।

ਹੁਣ ਤੱਕ ਅੰਮ੍ਰਿਤ ਛਕਣ ਦੀ ਪਵਿੱਤਰ ਰਸਮ ਵਿਚ 'ਪੀਰੀ' ਸੰਕਲਪ ਦੀ ਤਾਂ ਯਾਦ ਕਰਾਈ ਜਾਂਦੀ ਹੈ ਪਰ 'ਮੀਰੀ' ਦੇ ਸੰਕਲਪ ਦੀ ਦ੍ਰਿੜ੍ਹਤਾ ਨਹੀਂ ਕਰਵਾਈ ਜਾਂਦੀ, ਜਦਕਿ ਮੀਰੀ ਤੇ ਪੀਰੀ ਦੇ ਮਿਲਾਪ ਨਾਲ ਹੀ ਸਿੱਖ ਕੌਮ ਆਪਣੀ ਆਜ਼ਾਦ ਰਾਜਨੀਤੀ ਦੇ ਵਿਹੜੇ ਵਿੱਚ ਦਾਖ਼ਲ ਹੋ ਸਕਦੀ ਹੈ। ਇਹ ਆਜ਼ਾਦ ਰਾਜਨੀਤੀ ਕੀ ਹੋ ਸਕਦੀ ਹੈ, ਇਸ ਦੀ ਰੂਪ-ਰੇਖਾ, ਲੱਛਣ ਅਤੇ ਨਿਸ਼ਾਨੀਆਂ ਛੇਤੀ ਹੀ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਪ੍ਰੋਗਰਾਮ ਵਿੱਚ ਪੇਸ਼ ਹੋਣਗੀਆਂ। ਇਸ ਰਾਜਨੀਤੀ ਵਿਚ ਅੰਮ੍ਰਿਤਧਾਰੀ ਸਿੰਘ ਭਾਰਤੀ ਰਾਜਨੀਤੀ ਦੇ ਅਧੀਨ ਹੋ ਕੇ ਜਾਂ ਭਾਰਤੀ ਰਾਜਨੀਤੀ ਦੇ ਅਨੁਸਾਰੀ ਹੋ ਕੇ ਆਪਣੀਆਂ ਨੀਤੀਆਂ ਨਹੀਂ ਬਣਾਉਣਗੇ, ਸਗੋਂ ਆਪਣੀ ਵੱਖਰੀ ਰਣਨੀਤੀ ਘੜਨਗੇ ਜੋ ਅਜ਼ਾਦੀ ਦੀ ਮੰਜ਼ਿਲ ਵੱਲ ਆਪਣਾ ਰੁਖ਼ ਅਖ਼ਤਿਆਰ ਕਰੇਗੀ। ਇਹ ਰਾਜਨੀਤੀ ਜਥੇਬੰਦੀ ਦੇ ਸੰਘਰਸ਼ ਵਿਚ ਸਪੱਸ਼ਟ ਨਜ਼ਰ ਆਵੇਗੀ। ਹੋ ਸਕਦੈ 29 ਸਤੰਬਰ ਨੂੰ ਦਸਤਾਰਬੰਦੀ ਦੇ ਸਮਾਗਮ ਵਿੱਚ ਅੰਮ੍ਰਿਤਪਾਲ ਸਿੰਘ ਕੁਝ ਇਹੋ ਜਿਹੇ ਐਲਾਨ ਕਰਨਗੇ ਜਿਸ ਨਾਲ ਇਸ ਜਥੇਬੰਦੀ ਦੀ ਜੱਦੋ- ਜਹਿਦ ਦੇ ਢੰਗ ਤਰੀਕੇ, ਇਸ ਦੇ ਉਦੇਸ਼ ਅਤੇ ਇਸ ਦੀਆਂ



ਜ਼ਿੰਮੇਵਾਰੀਆਂ ਸਪੱਸ਼ਟ ਰੂਪ ਵਿੱਚ ਸਾਹਮਣੇ ਆਉਣਗੀਆਂ। ਇਹ ਵੀ ਹੋ ਸਕਦਾ ਕਿ ਇਹ ਜਥੇਬੰਦੀ ਪੰਜਾਬ ਦੇ ਪਿੰਡਾਂ ਵਿਚ ਵੱਡੇ ਜਥੇ ਦੇ ਰੂਪ ਵਿਚ ਮਾਰਚ ਕਰੇਗੀ ਅਤੇ ਨੌਜਵਾਨਾਂ ਨੂੰ ਆਪਣੀ ਜਥੇਬੰਦੀ ਵਿੱਚ ਸ਼ਾਮਲ ਕਰਨ ਦੀ ਮੁਹਿੰਮ ਚਲਾਏਗੀ।

# ਮਹਾਨ ਕੋਸ਼ 'ਚ ਹੇਰਾਫੇਰੀਆਂ ਕਾਰਨ ਕੇਂਦਰੀ ਸਿੰਘ ਸਭਾ ਦਾ ਵਫ਼ਦ ਮੀਤ ਹੇਅਰ ਨੂੰ ਮਿਲਿਆ



ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਮਹਾਨ ਕੋਸ਼ ਵਿੱਚ ਵਧੇਰੇ ਗ਼ਲਤੀਆਂ ਹੋਣ ਕਰ ਕੇ ਕੇਂਦਰੀ ਸਿੰਘ ਸਭਾ ਦੇ ਵਫ਼ਦ ਨੇ ਪੰਜਾਬ ਦੇ ਉਚੇਰੀ ਸਿੱਖਿਆ ਵਿਭਾਗ ਦੇ ਮੰਤਰੀ ਮੀਤ ਹੇਅਰ ਨਾਲ ਮੁਲਾਕਾਤ ਕੀਤੀ। ਇਸ ਵਫ਼ਦ ਵਿੱਚ ਡਾ. ਖ਼ੁਸ਼ਹਾਲ ਸਿੰਘ, ਡਾ. ਪਿਆਰੇ ਲਾਲ ਗਰਗ, ਜਸਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਧਵਨ, ਰਾਜਵਿੰਦਰ ਸਿੰਘ ਰਾਹੀ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਨੇ ਮਹਾਨ ਕੋਸ਼ ਦੇ ਚਾਰ-ਚਾਰ ਜਿਲਦਾਂ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਸੰਸਕਰਨ ਪ੍ਰਕਾਸ਼ਿਤ ਕੀਤੇ ਅਤੇ ਹਿੰਦੀ ਅਨੁਵਾਦ ਦੀ ਪਹਿਲੀ ਜਿਲਦ ਸੀ। ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਇਹ ਤਿੰਨੋ ਸੰਸਕਰਨ ਗ਼ਲਤੀਆਂ ਨਾਲ ਭਰੇ ਹੋਏ ਹਨ, ਜਿਸ ਵਿੱਚ ਤੱਥ ਵੀ ਤੋੜ-ਮਰੋੜ ਦਿੱਤੇ ਗਏ ਹਨ। ਇਸ ਦਾ ਵਿਰੋਧ ਹੋਣ 'ਤੇ ਯੂਨੀਵਰਸਿਟੀ ਨੇ ਜੁਲਾਈ 2017 ਤੋਂ ਇਨ੍ਹਾਂ ਦੀ ਵਿਕਰੀ 'ਤੇ ਪੱਕੀ ਰੋਕ ਲਗਾਈ ਹੋਈ ਹੈ। ਕੇਂਦਰੀ ਸਿੰਘ ਸਭਾ ਦੇ ਆਗੂਆਂ ਨੇ ਦੱਸਿਆ ਕਿ ਮਹਾਨ ਕੋਸ਼ ਦਾ ਪੰਜਾਬੀ ਸੰਸਕਰਨ 'ਵਰਸਿਟੀ ਨੇ 2009 ਤੋਂ 2015 ਦੌਰਾਨ ਤਿਆਰ ਕਰ ਕੇ ਪ੍ਰਕਾਸ਼ਿਤ ਕਰ ਦਿੱਤਾ ਸੀ ਪਰ ਇਸ ਦੀ ਸੁਧਾਈ ਲਈ ਰੀਵਿਊ ਕਮੇਟੀ ਬਣਾਇਆਂ ਪੰਜ ਸਾਲ ਬੀਤਣ 'ਤੇ ਵੀ 'ਵਰਸਿਟੀ ਗ਼ਲਤੀਆਂ ਦੀ ਸੋਧ ਨਹੀਂ ਕਰ ਸਕੀ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਭਾਈ ਰਣਜੀਤ ਸਿੰਘ ਤੇ ਬਾਬੇ ਬੇਦੀ ਦੀ ਅਗਵਾਈ 'ਚ ਪੰਥਕ ਅਕਾਲੀ ਲਹਿਰ ਵੱਲੋਂ ਰੋਸ ਮਾਰਚ



ਮੁਹਾਲੀ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਾ ਕਰਵਾਉਣ ਦੇ ਰੋਸ ਵਜੋਂ ਪੰਥਕ ਅਕਾਲੀ ਲਹਿਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਤੇ ਪੰਥਕ ਆਗੂ ਦੀ ਅਗਵਾਈ ਹੇਠ ਮੁਹਾਲੀ ਵਿੱਚ ਵਰ੍ਹਦੇ ਮੀਂਹ ਦੌਰਾਨ ਵਿਸ਼ਾਲ ਰੋਸ ਮਾਰਚ ਕੀਤਾ ਗਿਆ। ਪੰਜਾਬ ਭਰ ਵਿਚੋਂ ਸਿੱਖ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਵਿਖੇ ਬੱਸਾਂ, ਕਾਰਾਂ ਦੇ ਕਾਫ਼ਲਿਆਂ ਵਿੱਚ ਪਹੁੰਚੇ। ਬੁਲਾਰਿਆਂ ਨੇ ਸਿੱਖ ਮਸਲਿਆਂ 'ਤੇ ਚਰਚਾ ਕਰਨ ਮਗਰੋਂ ਭਾਈ ਰਣਜੀਤ ਸਿੰਘ ਦੀ ਅਗਵਾਈ ਹੇਠ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਦੇਣ ਲਈ ਚੰਡੀਗੜ੍ਹ ਵੱਲ ਚਾਲੇ ਪਾ ਦਿੱਤੇ। ਉਥੇ ਹੀ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਐਂਟਰੀ ਪੁਆਇੰਟ ਬੈਰੀਕੇਡ ਲਗਾ ਕੇ ਬੰਦ ਕੀਤੇ ਗਏ ਸਨ। ਇਸ ਦੌਰਾਨ ਫੇਜ਼-7 ਦੇ ਲਾਲ ਬੱਤੀ ਚੌਕ 'ਤੇ ਮੁਹਾਲੀ ਦੇ ਐੱਸਡੀਐੱਮ ਸਰਬਜੀਤ ਕੌਰ ਨੂੰ ਮੰਗ ਪੱਤਰ ਸੌਂਪਿਆ ਗਿਆ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਨੇ ਜਲਦੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਕਰਵਾਈਆਂ ਤਾਂ ਉਹ ਆਪਣੇ ਪੁਰਖਿਆਂ ਦੇ ਇਤਿਹਾਸ ਤੋਂ ਸੇਧ ਲੈ ਕੇ ਅਗਲੀ ਰਣਨੀਤੀ ਉਲੀਕਣ ਲਈ ਮਜਬੂਰ ਹੋਣਗੇ। ਉਨ੍ਹਾਂ ਕਿਹਾ ਕਿ ਇੱਕ ਸਿਆਸੀ ਪਰਿਵਾਰ ਦੇ ਨਾਜਾਇਜ਼ ਕਬਜ਼ੇ ਵਿਚੋਂ ਗੁਰੂਘਰਾਂ ਨੂੰ ਆਜ਼ਾਦ ਕਰਵਾਉਣ ਲਈ ਜੈਤੋ ਦੇ ਮੋਰਚੇ ਵਾਂਗ ਕੁਰਬਾਨੀ ਲਹਿਰ ਸ਼ੁਰੂ ਕੀਤੀ ਜਾਵੇਗੀ ਅਤੇ ਸਭ ਤੋਂ ਪਹਿਲਾਂ ਉਹ ਖ਼ੁਦ ਕੁਰਬਾਨੀ ਦੇਣਗੇ। ਇਸ ਮੌਕੇ ਸੰਤ ਕਸ਼ਮੀਰਾ ਸਿੰਘ, ਜਸਵੰਤ ਸਿੰਘ ਪੁੜੈਣ, ਨਿਰਮੈਲ ਸਿੰਘ ਜੌਲਾ ਆਦਿ ਹਾਜ਼ਰ ਸਨ।

# ਮੋਦੀ ਸਰਕਾਰ ਨੇ 10 ਯੂ-ਟਿਊਬ ਚੈਨਲਾਂ 'ਤੇ ਪਈਆਂ 45 ਵੀਡੀਓਜ਼ ਕੀਤੀਆਂ ਬਲਾਕ

## ਵੀਡੀਓਜ਼ ਵਿੱਚ ਫਿਰਕੂ ਨ਼ਫਰਤ ਫੈਲਾਉਣ ਵਾਲੀ ਸਮੱਗਰੀ ਸੀ

ਨਵੀਂ ਦਿੱਲੀ/ਏ.ਟੀ.ਨਿਊਜ਼ :- ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਸਰਕਾਰ ਨੇ 10 ਯੂ-ਟਿਊਬ ਚੈਨਲਾਂ 'ਤੇ ਪਈਆਂ ਵੀਡੀਓਜ਼ ਬਲਾਕ ਕਰ ਦਿੱਤੀਆਂ ਹਨ। ਇਨ੍ਹਾਂ ਵੀਡੀਓਜ਼ ਵਿੱਚ ਵੱਖ-ਵੱਖ ਧਰਮਾਂ ਦੇ ਫਿਰਕਿਆਂ ਵਿਚਾਲੇ ਨ਼ਫਰਤ ਫੈਲਾਉਣ ਦੇ ਮਕਸਦ ਨਾਲ ਫ਼ਰਜ਼ੀ ਖ਼ਬਰਾਂ ਅਤੇ ਹੋਰ ਛੇੜਛਾੜ ਕੀਤੀ ਸਮੱਗਰੀ ਸੀ। ਬਲਾਕ ਕੀਤੀਆਂ ਗਈਆਂ ਇਨ੍ਹਾਂ ਵੀਡੀਓਜ਼ ਦੇ 1.30 ਕਰੋੜ ਤੋਂ ਵੱਧ ਦਰਸ਼ਕ ਸਨ। ਇਨ੍ਹਾਂ ਵੀਡੀਓਜ਼ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਸਰਕਾਰ ਨੇ ਕੁਝ ਫਿਰਕਿਆਂ ਦੇ ਧਾਰਮਿਕ ਹੱਕ ਖੋਹ ਲਏ ਹਨ। ਸ੍ਰੀ ਠਾਕੁਰ ਨੇ ਕਿਹਾ, 'ਇਨ੍ਹਾਂ ਚੈਨਲਾਂ ਵਿੱਚ ਅਜਿਹੀ ਸਮੱਗਰੀ ਸੀ ਜਿਨ੍ਹਾਂ ਨਾਲ ਫਿਰਕਿਆਂ ਵਿੱਚ ਡਰ ਤੇ ਗਲਤਫਹਿਮੀ ਪੈਦਾ ਹੋਵੇ।' ਸਰਕਾਰੀ ਬਿਆਨ ਮੁਤਾਬਕ ਕੌਮੀ ਸੁਰੱਖਿਆ ਅਤੇ ਭਾਰਤ ਦੇ ਹੋਰ ਮੁਲਕਾਂ ਨਾਲ ਦੋਸਤਾਨਾ ਸਬੰਧਾਂ ਦੇ ਨਜ਼ਰੀਏ ਨਾਲ ਵੀਡੀਓਜ਼ ਦੀ ਸਮੱਗਰੀ ਗਲਤ ਤੇ ਸੰਵੇਦਨਸ਼ੀਲ ਪਾਈ ਗਈ। ਵੀਡੀਓਜ਼ ਬਲਾਕ ਕਰਨ ਦੇ ਇਹ ਹੁਕਮ 23 ਸਤੰਬਰ ਨੂੰ ਸੂਚਨਾ ਤਕਨਾਲੋਜੀ ਦੇ ਪ੍ਰਬੰਧਾਂ ਅਧੀਨ ਜਾਰੀ ਕੀਤੇ ਗਏ ਹਨ।

# ਵਿਧਾਨ ਸਭਾ ਵਿੱਚ ਮਾਨ ਸਰਕਾਰ ਵੱਲੋਂ 'ਭਰੋਸਗੀ ਮਤਾ' ਪੇਸ਼

➢ ਮੁੱਖ ਮੰਤਰੀ ਵੱਲੋਂ ਕਾਂਗਰਸ ਤੇ ਭਾਜਪਾ 'ਤੇ ਤਿੱਖੇ ਹਮਲੇ ➢ ਭਾਜਪਾ 'ਤੇ ਸਰਕਾਰ ਡੇਗਣ ਦੀ ਕੋਸ਼ਿਸ਼ ਦਾ ਦੋਸ਼ ਲਾਇਆ ➢ ਭਾਜਪਾ ਨੇ ਵੱਖ-ਵੱਖ ਮੁੱਦਿਆਂ 'ਤੇ 'ਆਪ' ਸਰਕਾਰ ਨੂੰ ਘੇਰਿਆ ➢ ਸਪੀਕਰ ਦੇ ਹੁਕਮਾਂ 'ਤੇ ਮਾਰਸ਼ਲਾਂ ਨੇ ਕਾਂਗਰਸੀ ਵਿਧਾਇਕਾਂ ਨੂੰ ਸਦਨ 'ਚੋਂ ਕੱਢਿਆ ➢ ਭਰੋਸੇ ਦੇ ਵੋਟ 'ਤੇ ਅਕਾਲੀ ਖ਼ਾਮੋਸ਼, ਰਾਣਾ ਤੇ ਪਰਗਟ ਸਿੰਘ ਗ਼ੈਰ ਹਾਜ਼ਰ ➢ ਸਦਨ ਵਿਚ 'ਆਪ' ਅਤੇ ਕਾਂਗਰਸ ਵਿਧਾਇਕਾਂ ਦਰਮਿਆਨ ਤਿੱਖੀਆਂ ਝੜਪਾਂ ➢ ਭਾਜਪਾ ਨੇ ਵੱਖ-ਵੱਖ ਮੁੱਦਿਆਂ 'ਤੇ 'ਆਪ' ਸਰਕਾਰ ਨੂੰ ਘੇਰਿਆ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਰੋਸੇ ਦਾ ਵੋਟ ਹਾਸਲ ਕਰਨ ਲਈ ਮਤਾ ਪੇਸ਼ ਕਰਨ ਮੌਕੇ ਹਾਕਮ ਧਿਰ ਅਤੇ ਕਾਂਗਰਸ ਦਰਮਿਆਨ ਤਿੱਖੀਆਂ ਝੜਪਾਂ ਹੋਈਆਂ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਭਰੋਸਗੀ ਮਤੇ ਨੂੰ ਗੈਰਕਾਨੂੰਨੀ ਤੇ ਗੈਰਸੰਵਿਧਾਨਕ ਕਰਾਰ ਦਿੱਤਾ ਗਿਆ। ਰੌਲੇ-ਰੱਪੇ ਕਰਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸਦਨ ਦੀ ਕਾਰਵਾਈ ਤਿੰਨ ਵਾਰੀ ਮੁਲਤਵੀ ਕਰਨੀ ਪਈ ਤੇ ਆਖਿਰ ਨੂੰ ਕਾਂਗਰਸ ਦੇ ਸਾਰੇ ਮੈਂਬਰਾਂ ਨੂੰ ਸਦਨ ਵਿੱਚੋਂ ਕੱਢਣ ਦੇ ਹੁਕਮ ਦਿੱਤੇ। ਇਸ ਦੌਰਾਨ ਇਕ ਦਿਨ ਲਈ ਸੱਦੇ ਇਜਲਾਸ ਦੀ ਮਿਆਦ 3 ਅਕਤੂਬਰ ਤੱਕ ਵਧਾ ਦਿੱਤੀ ਗਈ ਹੈ ਤੇ ਉਸੇ ਦਿਨ ਮੁੱਖ ਮੰਤਰੀ ਭਗਵੰਤ ਮਾਨ ਭਰੋਸਗੀ ਮਤੇ 'ਤੇ ਬਹਿਸ ਦਾ ਜਵਾਬ ਦੇਣਗੇ। ਵਿਧਾਨ ਸਭਾ ਵੱਲੋਂ ਜਾਰੀ ਪ੍ਰੋਗਰਾਮ ਮੁਤਾਬਕ 29, 30 ਸਤੰਬਰ ਅਤੇ 3 ਅਕਤੂਬਰ ਨੂੰ ਸਦਨ ਜੁੜੇਗਾ ਤੇ ਵਿਸ਼ੇਸ਼ ਇਜਲਾਸ ਦੀਆਂ ਕੁੱਲ ਚਾਰ ਬੈਠਕਾਂ ਹੋਣਗੀਆਂ। ਇਸ ਦੌਰਾਨ ਸਰਕਾਰ ਵੱਲੋਂ ਕੁਝ ਬਿਲ ਵੀ ਪੇਸ਼ ਕੀਤੇ ਜਾਣਗੇ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਜਿਵੇਂ ਹੀ ਸਦਨ ਵਿੱਚ ਭਰੋਸਗੀ ਮਤਾ ਪੇਸ਼ ਕਰਨ ਲਈ ਖੜ੍ਹੇ ਹੋਏ ਤਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਸ ਕਾਰਵਾਈ ਨੂੰ ਵਿਧਾਨ ਸਭਾ ਦੀ ਨਿਯਮਾਂਵਲੀ ਅਤੇ ਸੰਵਿਧਾਨ ਦੀ ਖਿਲਾਫਵਰਜੀ ਕਰਾਰ ਦਿੰਦਿਆਂ ਵਿਰੋਧ ਕੀਤਾ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਜਦੋਂ ਮਤੇ 'ਤੇ ਬੋਲਣਾ ਸ਼ੁਰੂ ਕੀਤਾ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਪਹਿਲਾਂ ਤਾਂ ਸਿਫਰ ਕਾਲ ਦੀ ਮੰਗ ਕੀਤੀ ਜਦੋਂ ਸਪੀਕਰ ਨੇ ਇਜਾਜ਼ਤ ਨਾ ਦਿੱਤੀ, ਤਾਂ ਸਦਨ ਵਿੱਚ ਮਾਹੌਲ ਅਸ਼ਾਂਤ ਬਣਦਾ ਦੇਖ ਸਪੀਕਰ ਨੇ ਸਦਨ ਦੀ ਕਾਰਵਾਈ ਮੁਲਤਵੀ ਕਰ ਦਿੱਤੀ। ਸਦਨ ਮੁੜ ਜੁੜਿਆ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਸ਼ੋਰ-ਸ਼ਰਾਬਾ ਸ਼ੁਰੂ ਕਰ ਦਿੱਤਾ। ਹਾਕਮ ਧਿਰ ਦੇ ਮੈਂਬਰਾਂ ਨੇ ਵੀ ਵਿਰੋਧੀ ਧਿਰ ਖਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਭਾਰੀ ਸ਼ੋਰ-ਸ਼ਰਾਬੇ ਦੌਰਾਨ ਜਦੋਂ ਸਦਨ ਦੀ ਕਾਰਵਾਈ ਵਿੱਚ ਵਿਘਨ ਪਿਆ ਤਾਂ ਸਪੀਕਰ ਵੱਲੋਂ ਕਾਂਗਰਸੀ ਮੈਂਬਰਾਂ ਨੂੰ ਲਗਾਤਾਰ ਤਾੜਨਾ ਕੀਤੀ ਜਾਣ ਲੱਗੀ। ਅਖੀਰ ਕਾਂਗਰਸ ਦੇ ਸਾਰੇ ਮੈਂਬਰਾਂ ਖਿਲਾਫ਼ ਕਾਰਵਾਈ ਕਰਦਿਆਂ ਮਾਰਸ਼ਲਾਂ ਨੂੰ ਹੁਕਮ ਦਿੱਤੇ ਕਿ ਕਾਂਗਰਸ ਦੇ ਸਾਰੇ ਵਿਧਾਇਕਾਂ ਨੂੰ ਸਦਨ ਵਿੱਚੋਂ ਬਾਹਰ ਕੱਢਿਆ ਜਾਵੇ। ਮਾਰਸ਼ਲ ਜਦੋਂ ਹੁਕਮਾਂ ਦੀ ਤਾਮੀਲ ਕਰਵਾਉਣ ਵਿੱਚ ਕਾਮਯਾਬ ਨਾ ਹੋਏ ਤਾਂ ਸਪੀਕਰ ਨੂੰ ਮੁੜ ਤੋਂ ਸਦਨ ਉਠਾਉਣਾ ਪਿਆ। ਸਦਨ ਮੁਲਤਵੀ ਹੋਣ ਸਮੇਂ ਵੀ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦਰਮਿਆਨ ਤਣਾਅ ਬਣਿਆ ਰਿਹਾ। ਅਖੀਰ ਹਰਪਾਲ ਸਿੰਘ ਚੀਮਾ ਅਤੇ ਅਮਨ ਅਰੋੜਾ ਵੱਲੋਂ ਆਪਣੀ ਪਾਰਟੀ ਦੇ ਵਿਧਾਇਕਾਂ ਨੂੰ ਸ਼ਾਂਤ ਕੀਤੇ ਜਾਣ ਮਗਰੋਂ ਕਾਂਗਰਸ ਦੇ ਵਿਧਾਇਕ ਸਦਨ ਵਿੱਚੋਂ ਬਾਹਰ ਗਏ। ਇਸ ਸਮੇਂ ਦੌਰਾਨ ਦੋਵਾਂ ਪਾਰਟੀਆਂ ਦੇ ਵਿਧਾਇਕਾਂ ਦਰਮਿਆਨ ਤਲਖੀ ਵੀ ਹੋਈ। ਸਦਨ ਵਿੱਚ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਵਿਧਾਇਕ ਹੀ ਮੌਜੂਦ ਸਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਮਗਰੋਂ ਕਾਂਗਰਸੀ ਵਿਧਾਇਕਾਂ ਦੀ ਗੈਰਹਾਜਰੀ ਵਿੱਚ ਭਰੋਸੇ ਦਾ ਵੋਟ ਹਾਸਲ ਕਰਨ ਲਈ ਮਤਾ ਪੇਸ਼ ਕਰਦਿਆਂ ਕਿਹਾ ਕਿ 'ਇਹ ਸਦਨ ਮੰਤਰੀ ਮੰਡਲ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕਰਦਾ ਹੈ'। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਅਮਨ ਅਰੋੜਾ ਨੇ ਮੁੱਖ ਮੰਤਰੀ ਵੱਲੋਂ ਪੇਸ਼ ਮਤੇ ਦੀ ਤਾਈਦ ਕੀਤੀ। ਮੁੱਖ ਮੰਤਰੀ ਨੇ ਸਦਨ ਵਿੱਚ ਬੋਲਦਿਆਂ ਕਾਂਗਰਸ ਨੂੰ ਭਾਰਤੀ ਜਨਤਾ ਪਾਰਟੀ ਦੀ 'ਬੀ' ਟੀਮ ਕਰਾਰ ਦਿੰਦਿਆਂ ਦੋਵਾਂ ਪਾਰਟੀਆਂ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੇਸ਼ ਭਰ ਵਿੱਚ ਪਿਛਲੇ ਦਰਵਾਜ਼ਿਓ ਆਪਣੀਆਂ ਸਰਕਾਰਾਂ ਬਣਾਉਣ ਲਈ ਦਲ-ਬਦਲੀ ਵਿਰੋਧੀ ਕਾਨੂੰਨ ਦੀ ਵਰਤੋਂ ਨਵੇਂ ਹਥਿਆਰ ਵਜੋਂ ਕਰ ਰਹੀ ਹੈ ਅਤੇ ਬਦਕਿਸਮਤੀ ਨਾਲ ਇਸ ਦੀ ਸਭ ਤੋਂ ਵੱਡੀ ਪੀੜਤ ਹੋਣ ਦੇ ਬਾਵਜੂਦ ਕਾਂਗਰਸ ਇਸ ਦੀ ਹਮਾਇਤ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਨੇ ਵਿਧਾਇਕਾਂ ਨੂੰ ਲੁਭਾ ਕੇ ਮੱਧ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਤੇ ਹੋਰ ਸੂਬਿਆਂ ਵਿੱਚ ਚੁਣੀਆਂ ਹੋਈਆਂ ਸਰਕਾਰਾਂ ਭੰਗ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਤਿੰਨ ਦਫ਼ਾ ਸਰਕਾਰ ਭੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਅਤੇ ਹੁਣ ਪੰਜਾਬ ਵਿੱਚ ਪੈਸੇ ਨਾਲ ਵਿਧਾਇਕਾਂ ਨੂੰ ਖਰੀਦਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਸੂਬੇ ਵਿੱਚ ਸੱਤਾ ਹਾਸਲ ਕਰਨ ਦੀ ਮ੍ਰਿਗ ਤ੍ਰਿਸ਼ਨਾ ਪਿੱਛੇ ਭੱਜ ਰਹੀ ਹੈ ਅਤੇ ਇਸ ਕਦਮ ਰਾਹੀਂ ਉਹ 'ਦੁੱਕੀਆਂ ਨਾਲ 'ਆਪ' ਦੇ ਯੱਕੇ ਖਰੀਦਣ' ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਲੀਡਰਸ਼ਿਪ ਨੇ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ 'ਭਾਰਤ ਜੋੜੋ ਯਾਤਰਾ' ਸ਼ੁਰੂ ਕੀਤੀ ਹੈ, ਪਰ ਰਾਜਸਥਾਨ ਵਿੱਚ ਕਾਂਗਰਸ ਖ਼ਤਮ ਹੋਣ ਕੰਢੇ ਹੈ। ਇਸ ਯਾਤਰਾ ਦੌਰਾਨ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਤੋਂ ਜਾਣਬੁੱਝ ਕੇ ਦੂਰੀ ਰੱਖੀ ਗਈ ਹੈ ਤਾਂ ਕਿ ਚੋਣਾਂ ਵਿੱਚ ਪੂਰੀ ਤਰ੍ਹਾਂ ਭਾਜਪਾ ਨੂੰ ਲਾਹਾ ਦਿੱਤਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਵਿੱਚ ਦਲ-ਬਦਲੂ ਰਾਜ ਕਰ ਰਹੇ ਹਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਭਾਜਪਾ ਦੇ ਇਸ਼ਾਰੇ ਉਤੇ ਚੱਲ ਰਹੇ ਸਨ, ਨੇ ਹੁਣ ਰਸਮੀ ਤੌਰ 'ਤੇ ਭਾਜਪਾ ਦਾ ਪੱਲਾ ਫੜ ਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੋਕਤੰਤਰ ਵਿੱਚ ਸਰਕਾਰ ਲੋਕਾਂ ਦੀ, ਲੋਕਾਂ ਵੱਲੋਂ ਅਤੇ ਲੋਕਾਂ ਲਈ ਹੁੰਦੀ ਹੈ ਪਰ ਭਾਜਪਾ ਅਤੇ ਕਾਂਗਰਸ 'ਅਪਰੇਸ਼ਨ ਲੋਟਸ' ਰਾਹੀਂ ਲੋਕਾਂ ਦੇ ਫਤਵੇ ਦਾ ਅਪਮਾਨ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ।



## ਮਤਾ ਪੇਸ਼ ਕਰਨ ਦਾ ਮਕਸਦ ਭਖਦੇ ਮਸਲਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨਾ : ਇਯਾਲੀ

ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਵਿਧਾਨ ਸਭਾ ਵਿਚ ਸਰਕਾਰ ਵਲੋਂ ਭਰੋਸਗੀ ਮਤਾ ਪੇਸ਼ ਕਰਨ ਦਾ ਵਿਰੋਧ ਤੇ ਨਿਖੇਧੀ ਕੀਤੀ ਹੈ। ਅਕਾਲੀ ਦਲ ਦੇ ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਵਿਸ਼ਵਾਸ ਮਤਾ ਪੇਸ਼ ਕਰਨ ਦਾ ਮਕਸਦ ਪੰਜਾਬ ਦੇ ਭਖਦੇ ਮਸਲਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨਾ ਹੈ।



## ਮੈਨੂੰ ਮੁੱਖ ਮੰਤਰੀ ਨੇ ਕਦੇ ਸੰਪਰਕ ਨਹੀਂ ਕੀਤਾ, ਮੇਰਾ ਟੈਲੀਫ਼ੋਨ ਹਮੇਸ਼ਾ ਚੱਲਦਾ ਹੈ : ਚੰਨੀ



ਚੰਡੀਗੜ੍ਹ : ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਜਿਨ੍ਹਾਂ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਵਿਚ ਕਿਹਾ ਸੀ ਕਿ ਉਹ ਲਾਪਤਾ ਹਨ, ਨੇ ਕਿਹਾ ਕਿ ਮੇਰਾ ਟੈਲੀਫ਼ੋਨ ਹਮੇਸ਼ਾ ਚੱਲਦਾ ਰਹਿੰਦਾ ਹੈ ਤੇ ਮੈਨੂੰ ਕਦੇ ਮੁੱਖ ਮੰਤਰੀ ਜਾਂ ਉਨ੍ਹਾਂ ਦੇ ਸਟਾਫ਼ ਦਾ ਟੈਲੀਫ਼ੋਨ ਨਹੀਂ ਆਇਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮੇਰੇ ਨਾਲ ਕਦੇ ਵੀ ਗੱਲ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮੈਂ ਭਗਵੰਤ ਮਾਨ ਨੂੰ ਮੁੱਖ ਮੰਤਰੀ ਬਣਨ ਤੋਂ ਬਾਅਦ ਮਿਲਿਆ ਵੀ ਸੀ ਅਤੇ ਇਹ ਕਹਿ ਕੇ ਆਇਆ ਸੀ ਕਿ ਉਹ ਮੇਰੇ ਨਾਲ ਕਦੇ ਵੀ ਸੰਪਰਕ ਕਰ ਸਕਦੇ ਹਨ। ਸ. ਚੰਨੀ ਨੇ ਕਿਹਾ ਕਿ ਮੇਰੀ ਸਰਕਾਰ ਵਲੋਂ ਜੋ ਵੀ ਚੰਗੇ ਫ਼ੈਸਲੇ ਕੀਤੇ ਗਏ ਸਨ, ਮੌਜੂਦਾ ਸਰਕਾਰ ਵਲੋਂ ਉਹ ਵਾਪਸ ਲੈ ਲਏ ਗਏ ਹਨ।

## ਕਾਂਗਰਸ ਹੀ ਦੱਸ ਦੇਵੇ ਚੰਨੀ ਕਿੱਥੇ ਹੈ : ਮਾਨ

ਮੁੱਖ ਮੰਤਰੀ ਭਗਵੰਤ ਮਾਨ ਨੇ ਦੋਸ਼ ਲਾਇਆ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਾਂਗਰਸ ਸਰਕਾਰ ਦੇ ਆਖਰੀ ਦਿਨਾਂ ਦੌਰਾਨ ਕਈ ਅਜਿਹੇ ਫੈਸਲੇ ਲਏ, ਜਿਨ੍ਹਾਂ ਕਰਕੇ ਮੌਜੂਦਾ ਸਰਕਾਰ ਸਾਹਮਣੇ ਸੰਕਟ ਖੜ੍ਹਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ, ਚੰਨੀ ਤੋਂ ਜਾਣਨਾ ਚਾਹੁੰਦੀ ਹੈ ਆਖਰੀ ਦਿਨਾਂ ਦੌਰਾਨ ਲਏ ਗਏ ਫੈਸਲੇ ਕਿਉਂ ਅਤੇ ਕਿਵੇਂ ਲਏ ਗਏ ਅਤੇ ਇਨ੍ਹਾਂ ਦਾ ਨਿਪਟਾਰਾ ਕਿਵੇਂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਦਾ ਕੋਈ ਖੁਰਾ-ਖੋਜ ਨਹੀਂ ਲੱਭ ਰਿਹਾ.....ਕਾਂਗਰਸ ਪਾਰਟੀ ਹੀ ਦੱਸ ਦੇਵੇ ਕਿ ਉਸ ਦਾ ਸਾਬਕਾ ਮੁੱਖ ਮੰਤਰੀ ਅਤੇ ਲੰਘੀਆਂ ਚੋਣਾਂ ਦੌਰਾਨ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਇਸ ਸਮੇਂ ਕਿੱਥੇ ਹੈ? ਇਸ ਦੌਰਾਨ ਕਾਂਗਰਸ ਦੇ ਦੋ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਪਰਗਟ ਸਿੰਘ ਸਮੇਤ ਆਜ਼ਾਦ ਵਿਧਾਇਕ ਰਾਣਾ ਇੰਦਰ ਸਿੰਘ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਗੈਰਹਾਜ਼ਰ ਰਹੇ। ਪਰਗਟ ਸਿੰਘ ਅੱਜ ਕੱਲ੍ਹ ਆਸਟ੍ਰੇਲੀਆ ਗਏ ਹੋਏ ਹਨ ਤੇ ਰਾਣਾ ਵੀ ਪੰਜਾਬ ਤੋਂ ਬਾਹਰ ਸਨ। ਇਸ ਵਿਧਾਨ ਸਭਾ ਦੇ ਵਿਸੇਸ ਇਜਲਾਸ ਦਾ ਭਾਜਪਾ ਵਲੋਂ ਸਖਤ ਵਿਰੋਧ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਭਾਜਪਾ ਵਲੋਂ ਸੈਕਟਰ 37 ਵਿਖੇ ਸਥਿਤ ਪੰਜਾਬ ਭਾਜਪਾ ਦੇ ਮੁੱਖ ਦਫਤਰ ਨੇੜੇ 'ਜਨਤਾ ਦੀ ਵਿਧਾਨ ਸਭਾ' ਲਗਾਈ ਗਈ। ਜਿਸ ਵਿਚ ਭਾਜਪਾ ਦੇ ਸਾਰੇ ਨੇਤਾ ਪਹੁੰਚੇ। ਇਸ ਮੌਕੇ ਅਜਾਇਬ ਸਿੰਘ ਭੱਟੀ ਨੂੰ ਸਪੀਕਰ ਵਜੋਂ ਚੁਣਿਆ ਗਿਆ। ਇਸ ਜਨਤਾ ਦੀ ਵਿਧਾਨ ਸਭਾ ਵਿਚ ਪੰਜਾਬ ਨਾਲ ਜੁੜੇ 6 ਮੁੱਦੇ ਉਠਾਏ ਗਏ।

ਇਨ੍ਹਾਂ ਵਿਚ ਭ੍ਰਿਸ਼ਟਾਚਾਰ, ਅਧੂਰੇ ਵਾਅਦੇ, ਖੇਤੀ-ਕਿਸਾਨੀ, ਵੱਧਦੀ ਨਸਾਖੋਰੀ, ਐਸ.ਸੀ./ ਓ.ਬੀ.ਸੀ., ਕਾਨੂੰਨ ਅਤੇ ਵਿਵਸਥਾ ਦੀ ਖਰਾਬ ਹੋ ਰਹੀ ਸਥਿਤੀ ਸ਼ਾਮਲ ਸੀ। ਕਾਂਗਰਸ ਪਾਰਟੀ ਨੂੰ ਛੱਡ ਕੇ ਕੁਝ ਮਹੀਨੇ ਪਹਿਲਾਂ ਭਾਜਪਾ ਵਿਚ ਸ਼ਾਮਲ ਹੋਏ ਸੁਨੀਲ ਜਾਖੜ ਨੇ ਭਗਵੰਤ ਮਾਨ ਸਰਕਾਰ ਦੇ ਕਾਰਜਕਾਲ ਵਿਚ ਪੰਜਾਬ ਵਿਚ ਵਧੇ ਭ੍ਰਿਸ਼ਟਾਚਾਰ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਸਰਕਾਰ ਨੇ ਆਪਣੀ ਨਾਕਾਮੀ ਨੂੰ ਛੁਪਾਉਣ ਲਈ 'ਆਪ੍ਰੇਸ਼ਨ ਲੋਟਸ' ਵਰਗੇ ਬਹਾਨੇ ਬਣਾਏ ਹਨ। ਸੂਬੇ ਨੂੰ ਕਰਜੇ ਤੋਂ ਉਭਾਰਨ ਲਈ ਸਰਕਾਰ ਕੋਲ ਕੋਈ ਯੋਜਨਾ ਨਹੀਂ ਹੈ। ਇਸ ਤੋਂ ਪਹਿਲਾਂ ਪੰਜਾਬ ਭਾਜਪਾ ਪ੍ਰਧਾਨ ਅਤੇ ਵਿਧਾਇਕ ਅਸ਼ਵਨੀ ਸ਼ਰਮਾ ਅਤੇ ਜੰਗੀ ਲਾਲ ਮਹਾਜਨ ਵਿਧਾਨ ਸਭਾ ਗਏ। ਸਦਨ ਦੀ ਕਾਰਵਾਈ ਸੂਰੂ ਹੋਣ ਦੇ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਜਿਵੇਂ ਹੀ ਵਿਸਵਾਸ ਮਤਾ ਪੇਸ਼ ਕੀਤਾ ਤਾਂ ਭਾਜਪਾ ਦੇ ਦੋਵੇਂ ਵਿਧਾਇਕ ਇਸਦਾ ਵਿਰੋਧ ਕਰਦੇ ਹੋਏ ਸਦਨ ਦਾ ਬਾਈਕਾਟ ਕਰਕੇ ਬਾਹਰ ਆ ਗਏ।

ਇਸ ਤੋਂ ਬਾਅਦ ਦੋਵੇਂ ਵਿਧਾਇਕ ਸੈਕਟਰ 37 ਵਿਚ ਪਾਰਟੀ ਦੀ 'ਜਨਤਾ ਦੀ ਵਿਧਾਨ ਸਭਾ' ਵਿਚ ਪਹੁੰਚੇ । ਇਸ ਮੌਕੇ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸੁਨੀਲ ਜਾਖੜ, ਮਨੋਰੰਜਨ ਕਾਲੀਆ, ਤੀਕਸ਼ਣ ਸੂਦ, ਰਾਜ ਕੁਮਾਰ ਵੇਰਕਾ, ਰਾਣਾ ਗੁਰਜੀਤ ਸਿੰਘ ਸੋਢੀ, ਫਹਿਤਜੰਗ ਸਿੰਘ ਬਾਜਵਾ, ਵਿਧਾਇਕ ਜੰਗੀ ਲਾਲ ਮਹਾਜਨ, ਐਸ.ਐਸ. ਚੰਨੀ, ਹਰਜੋਤ ਕਮਲ, ਇਕਬਾਲ ਸਿੰਘ ਚੰਨੀ, ਰਜਿੰਦਰ ਸਿੰਘ ਛੀਨਾ, ਸੁਭਾਸ਼ ਸ਼ਰਮਾ, ਜੀਵਨ ਗੁਪਤਾ, ਰਾਜੇਸ਼ ਬਾਘਾ, ਜੱਸੀ ਜਸਰਾਜ ਤੋਂ ਇਲਾਵਾ ਵੱਡੀ ਗਿਣਤੀ ਵਿਚ ਭਾਜਪਾ ਆਗੂ ਮੌਜੂਦ ਸਨ।

# ਮੋਦੀ ਸਰਕਾਰ ਦਾ ਕੰਮ-ਕਾਜ ਵਾਜਪਾਈ ਤੇ ਮਨਮੋਹਨ ਸਿੰਘ ਸਰਕਾਰਾਂ ਤੋਂ ਬਿਹਤਰ ਨਹੀਂ

ਰਾਜਨੀਤੀ



ਰਾਮਚੰਦਰ ਗੁਹਾ
ਇਤਿਹਾਸਕਾਰ

ਜਦੋਂ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਸ੍ਰੀ ਨਰਿੰਦਰ ਮੋਦੀ ਦੀ ਕਮਾਨ ਹੇਠ ਆਈ ਹੈ, ਇਸ ਨੇ 2014 ਅਤੇ 2019 ਦੀਆਂ ਆਮ ਚੋਣਾਂ ਦੌਰਾਨ ਆਪਣੇ ਬਲਬੂਤੇ ਬਹੁਮਤ ਹਾਸਲ ਕੀਤਾ ਹੈ। ਇਹ ਆਪਣੇ ਆਪ ਵਿਚ ਇਕ ਅਜਿਹਾ ਮਾਅਰਕਾ ਹੈ ਜਿਸ ਨੂੰ ਮਾਰਨ ਦੇ ਕਰੀਬ ਇਹ ਪਾਰਟੀ ਇਸ ਤੋਂ ਪਹਿਲਾਂ ਕਦੇ ਵੀ ਨਹੀਂ ਪੁੱਜ ਸਕੀ। ਕਿਸੇ ਸਮੇਂ ਭਾਜਪਾ ਦਾ ਪ੍ਰਭਾਵ ਮਹਿਜ਼ ਦੇਸ਼ ਦੇ ਉੱਤਰੀ ਤੇ ਪੱਛਮੀ ਖ਼ਿੱਤਿਆਂ ਤੱਕ ਮਹਿਦੂਦ ਸੀ ਪਰ ਹੁਣ ਇਸ ਨੇ ਪੂਰਬ ਤੇ ਦੱਖਣ ਵੱਲ ਵੀ ਮਜ਼ਬੂਤੀ ਨਾਲ ਕਦਮ ਵਧਾਏ ਹਨ। ਸ੍ਰੀ ਮੋਦੀ ਵੱਲੋਂ ਆਪਣੀਆਂ ਕੌਮੀ ਖ਼ਾਹਿਸ਼ਾਂ ਜ਼ਾਹਰ ਕੀਤੇ ਜਾਣ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇ ਕਿ ਭਾਜਪਾ ਪੱਛਮੀ ਬੰਗਾਲ ਵਿਚ ਵੀ ਦੂਜੀ ਸਭ ਤੋਂ ਵੱਡੀ ਪਾਰਟੀ ਬਣ ਸਕਦੀ ਹੈ, ਅਸਾਮ ਵਿਚ ਆਪਣੀ ਸਰਕਾਰ ਬਣਾ ਸਕਦੀ ਹੈ ਅਤੇ ਤਿਲੰਗਾਨਾ ਵਿਚ ਵੀ ਸੱਤਾ 'ਚ ਆਉਣ ਦੀਆਂ ਸੰਭਾਵਨਾਵਾਂ ਜਗਾ ਸਕਦੀ ਹੈ।

ਇਸ ਦੇ ਬਾਵਜੂਦ ਭਾਜਪਾ ਵੱਲੋਂ ਚੋਣ ਮੈਦਾਨ ਵਿਚ ਮਾਰੀਆਂ ਇਹ ਸ਼ਾਨਦਾਰ ਮੱਲਾਂ ਅਗਾਂਹ ਵਧੀਆ ਢੰਗ ਨਾਲ ਸਰਕਾਰ ਚਲਾਉਣ ਵਿਚ ਬਦਲਦੀਆਂ ਦਿਖਾਈ ਨਹੀਂ ਦਿੱਤੀਆਂ। ਸ੍ਰੀ ਨਰਿੰਦਰ ਮੋਦੀ ਵੱਲੋਂ ਮਈ 2014 ਵਿਚ ਦੇਸ਼ ਦੀ ਸੱਤਾ ਸੰਭਾਲੇ ਜਾਣ ਤੋਂ ਬਾਅਦ ਭਾਰਤ ਮਾਲੀ, ਸਮਾਜੀ, ਇਖ਼ਲਾਕੀ ਅਤੇ ਸੰਸਥਾਗਤ ਤੌਰ 'ਤੇ ਲੀਹੋਂ ਲੱਥ ਚੁੱਕਾ ਹੈ। ਨੋਟਬੰਦੀ ਅਤੇ ਜੀਐੱਸਟੀ ਨੇ ਦੇਸ਼ ਨੂੰ ਆਲਮੀ ਮਹਾਂਮਾਰੀ ਦੀ ਮਾਰ ਪੈਣ ਤੋਂ ਕਿਤੇ ਪਹਿਲਾਂ ਹੀ ਨੁਕਸਾਨ ਪਹੁੰਚਾ ਦਿੱਤਾ ਸੀ ਅਤੇ ਫਿਰ ਕੋਵਿਡ ਦੌਰਾਨ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਨੇ ਇਸ ਨੂੰ ਹੋਰ ਨੁਕਸਾਨ ਪਹੁੰਚਾਇਆ। ਸੱਤਾਧਾਰੀਆਂ ਨੇ ਇਕ ਪਾਸੇ ਦੇਸ਼ ਦੀ ਦੌਲਤ ਨੂੰ ਕੁਝ ਕੁ ਚਹੇਤੇ ਸਰਮਾਏਦਾਰਾਂ ਦੀਆਂ ਹੀ ਤਿਜੌਰੀਆਂ ਵਿਚ ਜਮ੍ਹਾਂ ਹੋਣ ਦੇਣ ਦੀ ਨਿਗਰਾਨੀ ਕੀਤੀ ਹੈ ਅਤੇ ਦੂਜੇ ਪਾਸੇ ਇਸ ਦੌਰਾਨ ਮਜ਼ਦੂਰਾਂ ਦੀ ਭਾਗੀਦਾਰੀ ਦੀ ਦਰ ਘਟਦੀ ਜਾ ਰਹੀ ਹੈ। ਮੁਸਲਮਾਨਾਂ ਨੂੰ ਦੇਸ਼ ਲਈ ਖ਼ਤਰਨਾਕ ਬਣਾ ਕੇ ਪੇਸ਼ ਕੀਤੇ ਜਾਣ ਦਾ ਕੰਮ ਜ਼ੋਰ-ਸ਼ੋਰ ਨਾਲ ਜਾਰੀ ਹੈ ਤੇ ਇਨ੍ਹਾਂ ਨੀਤੀਆਂ ਨੂੰ ਜਿਵੇਂ ਦੇਸ਼ ਦੇ ਸਭ ਤੋਂ ਵੱਧ ਆਬਾਦੀ ਵਾਲੇ ਸੂਬੇ ਵੱਲੋਂ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ, ਉਸ ਨੇ ਦੇਸ਼ ਦੇ ਪਹਿਲਾਂ ਹੀ ਨਾਜ਼ੁਕ ਸਮਾਜਿਕ ਤਾਣੇ-ਬਾਣੇ ਨੂੰ ਹੋਰ ਵਿਗਾੜ ਕੇ ਰੱਖ ਦਿੱਤਾ ਹੈ। ਸਾਡੀਆਂ ਬਿਹਤਰੀਨ ਯੂਨੀਵਰਸਿਟੀਆਂ/ਖੋਜ ਅਦਾਰਿਆਂ ਦੇ ਵਾਈਸ ਚਾਂਸਲਰਾਂ/ਡਾਇਰੈਕਟਰਾਂ ਦੀਆਂ ਯੋਗਤਾ ਦੀ ਥਾਂ ਮਹਿਜ਼ ਵਿਚਾਰਧਾਰਾ ਦੇ ਆਧਾਰ ਉੱਤੇ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਨੇ ਸਾਡੀ ਸਾਇੰਸ ਤੇ ਗਿਆਨ ਦੀ ਸਿਰਜਣਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕੁਝ ਅਜਿਹੇ ਜਨਤਕ ਅਦਾਰੇ ਜਿਨ੍ਹਾਂ ਦੇ ਆਜ਼ਾਦੀ ਨਾਲ ਕੰਮ ਕਰਨ ਦੀ ਤਵੱਕੋ ਕੀਤੀ ਜਾਂਦੀ ਹੈ, ਹੁਣ ਹਿੰਦੂਤਵੀ ਵਿਚਾਰਧਾਰਾ ਦੇ ਸੰਦ ਬਣ ਚੁੱਕੇ ਹਨ, ਜਦੋਂਕਿ ਬਾਕੀ ਦੇ ਸ਼ਰ੍ਹੇਆਮ ਹਾਕਮ ਧਿਰ ਦੇ ਕਰੀਬੀ ਸਰਮਾਏਦਾਰਾਂ ਦਾ ਪੱਖ ਪੂਰ ਰਹੇ ਹਨ।

ਕੁੱਲ ਮਿਲਾ ਕੇ ਮੋਦੀ ਸਰਕਾਰ ਦਾ ਆਪਣੇ ਕੰਮ-ਕਾਜ ਪੱਖੋਂ ਰਿਕਾਰਡ ਜ਼ਾਹਰਾ ਤੌਰ 'ਤੇ ਇਸ ਤੋਂ ਪਿਛਲੀਆਂ ਅਟਲ ਬਿਹਾਰੀ ਵਾਜਪਾਈ ਤੇ ਮਨਮੋਹਨ ਸਿੰਘ ਸਰਕਾਰਾਂ ਦੇ ਦਰਜੇ ਵਾਲਾ ਨਹੀਂ ਹੈ। ਇਸ ਦੇ ਬਾਵਜੂਦ ਭਾਵੇਂ ਉਹ ਅਰਥਚਾਰੇ ਨੂੰ ਸਹੀ ਢੰਗ ਨਾਲ ਚਲਾਉਣ ਦੇ ਅਸਮਰੱਥ ਹਨ ਤੇ ਉਨ੍ਹਾਂ ਸਮਾਜ ਦਾ ਬੁਰੀ ਤਰ੍ਹਾਂ ਧਰੁਵੀਕਰਨ ਕਰ ਦਿੱਤਾ ਹੈ, ਭਾਵੇਂ ਉਨ੍ਹਾਂ ਸੰਵਿਧਾਨਿਕ ਅਦਾਰਿਆਂ ਨੂੰ ਖੋਖਲੇ ਕਰ ਕੇ ਜਮਹੂਰੀਅਤ ਨੂੰ ਕਮਜ਼ੋਰ ਕੀਤਾ ਹੈ, ਤਾਂ ਵੀ ਇਸ ਮੌਕੇ ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ, ਭਾਜਪਾ ਲਈ ਕੌਮੀ ਪੱਧਰ 'ਤੇ ਕੋਈ ਚੁਣੌਤੀ ਨਹੀਂ ਹੈ। ਇਸ ਸਾਲ ਦੇ ਸ਼ੁਰੂ ਵਿਚ ਜਿਨ੍ਹਾਂ ਪੰਜ ਸੂਬਿਆਂ ਦੀਆਂ ਚੋਣਾਂ ਹੋਈਆਂ, ਉਨ੍ਹਾਂ ਵਿਚੋਂ ਚਾਰ ਨੂੰ ਜਿੱਤ ਕੇ ਭਾਜਪਾ ਦਾ 2024 ਦੀਆਂ ਆਮ ਚੋਣਾਂ ਜਿੱਤਣ ਲਈ ਬਾਕੀ ਧਿਰਾਂ ਨਾਲੋਂ ਹੱਥ ਉੱਚਾ ਜਾਪਦਾ ਹੈ, ਭਾਵੇਂ ਉਹ ਇਸ ਸਬੰਧੀ ਵੱਡੇ ਪੱਧਰ 'ਤੇ ਹਰਮਨ ਪਿਆਰੀ ਨਾ ਵੀ ਹੋਵੇ। ਇਸ ਮਾਮਲੇ ਵਿਚ ਉਨ੍ਹਾਂ ਨੂੰ ਜਿਹੜੀ ਸੌਖ ਵਾਲੀ ਸਥਿਤੀ ਹਾਸਲ ਹੈ, ਉਹ ਉਨ੍ਹਾਂ ਦੇ ਮਾਲੀ ਵਸੀਲਿਆਂ, ਵਿਚਾਰਧਾਰਕ ਵਚਨਬੱਧਤਾ, ਜਥੇਬੰਦਕ ਮਜ਼ਬੂਤੀ ਅਤੇ ਸਰਕਾਰੀ ਅਦਾਰਿਆਂ ਤੇ ਮਸ਼ੀਨਰੀ ਉੱਤੇ ਕਬਜ਼ੇ ਦਾ ਸਿੱਟਾ ਹੈ ਅਤੇ ਨਾਲ ਹੀ ਦੂਜੇ ਪਾਸੇ ਕੌਮੀ ਪੱਧਰ 'ਤੇ ਭਰੋਸੇਯੋਗ ਵਿਰੋਧੀ ਧਿਰ ਦੀ ਅਣਹੋਂਦ ਵੀ ਇਸ ਲਈ ਜ਼ਿੰਮੇਵਾਰ ਹੈ।

ਮਾੜੇ ਪ੍ਰਸ਼ਾਸਕੀ ਰਿਕਾਰਡ ਦੇ ਬਾਵਜੂਦ ਪੱਕੀ ਸਿਆਸੀ ਕਾਮਯਾਬੀ ਦਾ ਵਰਤਾਰਾ ਆਧੁਨਿਕ ਸੰਸਾਰ ਵਿਚ ਕ ੋ ਇ ੀ





ਅਲੋਕਾਰੀ ਗੱਲ ਨਹੀਂ। ਰੂਸ ਵਿਚ ਵਲਾਦੀਮੀਰ ਪੂਤਿਨ, ਤੁਰਕੀ ਵਿਚ ਰੇਸੈਪ ਅਰਦੋਜਨ ਅਤੇ ਜ਼ਿੰਬਾਬਵੇ ਵਿਚ ਰੌਬਰਟ ਮੁਗਾਬੇ ਆਦਿ ਸਾਰੇ ਅਜਿਹੇ ਆਗੂ ਹਨ ਜਿਨ੍ਹਾਂ ਆਪੋ-ਆਪਣੇ ਮੁਲਕਾਂ ਦੇ ਅਰਥਚਾਰੇ, ਅਦਾਰਿਆਂ, ਸਮਾਜਿਕ ਤਾਣੇ-ਬਾਣੇ ਅਤੇ ਉਨ੍ਹਾਂ ਦੇ ਕੌਮਾਂਤਰੀ ਵੱਕਾਰ ਨੂੰ ਬਰਬਾਦ ਕਰਨ ਦੇ ਬਾਵਜੂਦ ਸੱਤਾ ਉੱਤੇ ਲਗਾਤਾਰ ਕਬਜ਼ਾ ਜਮਾਈ ਰੱਖਿਆ।

ਭਾਰਤ ਦੇ ਇਕ ਇਤਿਹਾਸਕਾਰ ਵਜੋਂ ਮੈਂ ਇਸ ਦੇ ਬਰਾਬਰ ਪਰ ਬਹੁਤੇ ਨਾ ਗੌਲੇ ਗਏ ਇਕ ਹੋਰ ਮਾਮਲੇ ਦਾ ਜ਼ਿਕਰ ਕਰਨਾ ਚਾਹਾਂਗਾ ਜਿਹੜਾ ਇਸ ਦੇ ਕਾਫ਼ੀ ਕਰੀਬ ਹੈ। ਜਾਪਦਾ ਹੈ ਕਿ ਨਰਿੰਦਰ ਮੋਦੀ ਅਤੇ ਭਾਜਪਾ ਕੌਮੀ ਪੱਧਰ 'ਤੇ ਉਸੇ ਸਭ ਕਾਸੇ ਦੀ ਨਕਲ ਕਰ ਰਹੇ ਹਨ ਜੋ ਕੁਝ ਇਸ ਤੋਂ ਪਹਿਲਾਂ ਜਿਓਤੀ ਬਾਸੂ ਤੇ ਸੀਪੀਆਈ (ਐੱਮ) (ਭਾਰਤੀ ਕਮਿਊਨਿਸਟ ਪਾਰਟੀ - ਮਾਰਕਸਵਾਦੀ) ਨੇ ਪੱਛਮੀ ਬੰਗਾਲ ਵਿਚ ਕੀਤਾ। ਕੋਲਕਾਤਾ ਵਿਚ ਖੱਬੇ ਮੋਰਚੇ ਨੇ 34 ਸਾਲ ਰਾਜ ਕੀਤਾ ਜਿਸ ਵਿਚ ਸੀਪੀਐੱਮ ਮੁੱਖ ਭਾਈਵਾਲ ਸੀ/ਹੈ। ਉਸ ਦੌਰਾਨ ਜਿਓਤੀ ਬਾਸੂ ਲਗਾਤਾਰ 23 ਸਾਲ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਰਹੇ। ਇਸ ਦੇ ਬਾਵਜੂਦ ਉਹ ਸੂਬੇ ਦੀ ਹਾਲਤ ਸੁਧਾਰਨ ਪੱਖੋਂ ਬਹੁਤੇ ਕਾਮਯਾਬ ਨਹੀਂ ਹੋ ਸਕੇ। ਭਾਰਤ ਵਿਚ ਸ੍ਰੀ ਮੋਦੀ ਦੀ ਭਾਜਪਾ ਵਾਂਗ ਹੀ ਪੱਛਮੀ ਬੰਗਾਲ ਵਿਚ ਸ੍ਰੀ ਬਾਸੂ ਦੀ ਸੀਪੀਐੱਮ ਨੂੰ ਵੀ ਚੋਣਾਂ ਜਿੱਤਣ ਦੀ ਸ਼ਾਨਦਾਰ ਮੁਹਾਰਤ ਹਾਸਲ ਸੀ, ਭਾਵੇਂ ਕਿ ਵਧੀਆ ਸਰਕਾਰ ਚਲਾਉਣ ਤੇ ਚੰਗਾ ਪ੍ਰਸ਼ਾਸਨ ਦੇਣ ਪੱਖੋਂ ਉਹ ਅਯੋਗ ਤੇ ਅਸਮਰੱਥ ਹੀ ਸਨ।

ਜਦੋਂ 1977 ਵਿਚ ਜਿਓਤੀ ਬਾਸੂ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬਣੇ ਤਾਂ ਸੂਬੇ ਦਾ ਇਕ ਮਜ਼ਬੂਤ ਸਨਅਤੀ ਆਧਾਰ ਸੀ, ਵਧੀਆ ਯੂਨੀਵਰਸਿਟੀਆਂ ਸਨ, ਸੂਬੇ ਨੂੰ ਸਮੁੰਦਰੀ ਸਾਹਿਲ 'ਤੇ ਹੋਣ ਦਾ ਫ਼ਾਇਦਾ ਸੀ ਤੇ ਇਸ ਦਾ ਖ਼ੁਸ਼ਹਾਲ ਸੱਭਿਆਚਾਰਕ ਜੀਵਨ ਸੀ। ਜੇ ਸੂਬਾ ਸਰਕਾਰ ਨੂੰ ਸਿਆਣਪ ਭਰੇ ਢੰਗ ਨਾਲ ਚਲਾਇਆ ਗਿਆ ਹੁੰਦਾ ਤਾਂ ਪੱਛਮੀ ਬੰਗਾਲ ਹੁਣ ਤੱਕ ਭਾਰਤ ਦੇ ਸਭ ਤੋਂ ਵੱਧ ਵਿਕਸਿਤ ਸੂਬਿਆਂ ਵਿਚ ਸ਼ੁਮਾਰ ਹੁੰਦਾ। ਇਸ ਦੇ ਬਾਵਜੂਦ ਖੱਬੇ ਮੋਰਚੇ ਦੀ ਹਕੂਮਤ ਨੇ ਕਾਰਖ਼ਾਨਿਆਂ ਦੇ ਕੰਮ-ਕਾਜ ਵਿਚ ਟਰੇਡ ਯੂਨੀਅਨਾਂ ਨੂੰ ਵੀਟੋ ਪਾਵਰ ਦੇ ਕੇ, ਅਲੀਮੁਦੀਨ ਸਟਰੀਟ (ਸੀਪੀਐੱਮ ਦਾ ਮੁੱਖ ਦਫ਼ਤਰ) ਵਿਚਲੇ ਪਾਰਟੀ ਆਗੂਆਂ ਨੂੰ ਅਫ਼ਸਰਸ਼ਾਹਾਂ ਨੂੰ ਹੁਕਮ ਚਾੜ੍ਹਨ ਤੇ ਨਾਲ ਹੀ ਯੂਨੀਵਰਸਿਟੀਆਂ ਵਿਚਲੀਆਂ ਨਿਯੁਕਤੀਆਂ ਵਿਚ ਦਖ਼ਲ ਦੇ ਅਖ਼ਤਿਆਰ ਦੇ ਕੇ, ਸਰਮਾਏਦਾਰਾਂ ਨੂੰ ਖ਼ਤਰਨਾਕ ਹੋਣ ਵਜੋਂ ਪੇਸ਼ ਕਰ ਕੇ ਤੇ ਉੱਦਮੀਆਂ ਨੂੰ ਦਰੜ ਕੇ ਲੰਬੇ ਸਮੇਂ ਤੱਕ ਸੂਬੇ ਵਿਚ ਆਰਥਿਕ ਖੜੋਤ ਦੀ ਨਿਗਰਾਨੀ ਕੀਤੀ। ਇਸ ਕਾਰਨ ਉਹ ਕੰਪਨੀਆਂ ਵੀ ਬਦਲ ਕੇ ਆਪਣਾ ਕਾਰੋਬਾਰ ਦੇਸ਼ ਦੇ ਹੋਰ ਹਿੱਸਿਆਂ ਵਿਚ ਲੈ ਗਈਆਂ ਜਿਨ੍ਹਾਂ ਦੀਆਂ ਪੱਛਮੀ ਬੰਗਾਲ ਵਿਚ ਡੂੰਘੀਆਂ ਜੜ੍ਹਾਂ ਸਨ। ਪਾਰਟੀ ਦੇ ਸਿਖਰਲੇ ਆਗੂ ਇਸ ਦੌਰਾਨ ਸੂਬੇ ਤੋਂ ਪ੍ਰਤਿਭਾਵਾਨਾਂ ਦੀ ਹਿਜਰਤ ਵੀ ਖ਼ਾਮੋਸ਼ੀ ਨਾਲ ਦੇਖਦੇ ਰਹੇ। ਪੇਂਡੂ ਵਿਕਾਸ ਦੇ ਦਾਅਵਿਆਂ ਦੇ ਬਾਵਜੂਦ ਅਸਲ ਵਿਚ ਖੱਬਾ ਮੋਰਚਾ ਇਸ ਮੋਰਚੇ 'ਤੇ ਵੀ ਕੁਝ ਖ਼ਾਸ ਨਹੀਂ ਕਰ ਸਕਿਆ -ਅੱਜ, ਪਿਛਲੇ ਸਮੇਂ ਤੋਂ ਪਛੜਿਆ ਹੋਇਆ, ਇਤਿਹਾਸਕ ਤੌਰ 'ਤੇ ਜਗੀਰੂ ਪ੍ਰਭਾਵਾਂ ਵਾਲਾ ਤੇ ਅਲੱਗ-ਥਲੱਗ ਜਿਹਾ ਪਹਾੜੀ ਸੂਬਾ ਹਿਮਾਚਲ ਪ੍ਰਦੇਸ਼ ਵੀ ਸਿੱਖਿਆ, ਸਿਹਤ ਅਤੇ ਖੇਤੀ ਵਿਕਾਸ ਵਰਗੇ ਪੱਖਾਂ ਤੋਂ ਪੱਛਮੀ ਬੰਗਾਲ ਨਾਲੋਂ ਕਿਤੇ ਵੱਧ ਤਰੱਕੀ ਕਰ ਚੁੱਕਾ ਹੈ। ਸੀਪੀਐੱਮ ਖ਼ੁਦ ਵੀ ਪੱਛਮੀ ਬੰਗਾਲ ਵਿਚ ਕੁਝ ਹੋਰ ਚੀਜ਼ ਸੀ ਤੇ ਕੇਰਲ ਵਿਚ ਇਸ ਤੋਂ ਬਿਲਕੁਲ ਵੱਖਰੀ। ਦੱਖਣੀ ਸੂਬੇ ਕੇਰਲ ਵਿਚ ਖੱਬੇਪੱਖੀ ਮੁਹਿੰਮ ਅਸਲ ਵਿਚ ਜਾਤ ਤੇ ਲਿੰਗ ਬਰਾਬਰੀ ਲਈ ਚੱਲੇ ਸਮਾਜਿਕ ਅੰਦੋਲਨਾਂ ਤੋਂ ਪ੍ਰੇਰਿਤ ਸੀ ਅਤੇ ਇਸ ਕਾਰਨ ਉੱਥੇ ਸੱਤਾ ਵਿਚ ਹੁੰਦਿਆਂ ਖੱਬੀ ਧਿਰ ਨੇ ਸਿੱਖਿਆ ਅਤੇ ਸਿਹਤ ਵੱਲ ਕਾਫ਼ੀ ਧਿਆਨ ਦਿੱਤਾ। ਦੂਜਾ ਉੱਥੇ ਕਾਂਗਰਸ ਨਾਲ ਬਦਲ-ਬਦਲ ਕੇ ਵਾਰੋ-ਵਾਰੀ ਸੱਤਾ ਉੱਤੇ ਕਾਬਜ਼ ਹੋਣ ਕਾਰਨ ਵੀ ਇਹ ਇਕ ਹੱਦ ਤੱਕ ਜਵਾਬਦੇਹੀ ਲਈ ਮਜਬੂਰ ਸੀ। ਇਸ ਕਾਰਨ ਕੇਰਲ ਵਿਚ ਮਨੁੱਖੀ ਵਿਕਾਸ ਵਿਚ ਯੋਗਦਾਨ ਪੱਖੋਂ ਕਮਿਊਨਿਸਟਾਂ ਕੋਲ ਮਾਣ ਕਰਨ ਲਈ ਬਹੁਤ ਕੁਝ ਹੈ।

ਦੂਜੇ ਪਾਸੇ ਪੱਛਮੀ ਬੰਗਾਲ ਵਿਚਲੇ ਉਨ੍ਹਾਂ ਦੇ ਕਾਮਰੇਡਾਂ ਕੋਲ ਅਜਿਹਾ ਕੁਝ ਨਹੀਂ ਹੈ। ਪਰ ਇਸ ਦੇ ਬਾਵਜੂਦ ਸੀਪੀਐੱਮ ਪੱਛਮੀ ਬੰਗਾਲ ਵਿਚ ਲਗਾਤਾਰ ਚੋਣਾਂ ਜਿੱਤਦੀ ਰਹੀ। ਕਿਉਂ? ਇਕ ਵਜ੍ਹਾ ਇਹ ਸੀ ਕਿ ਇਸ ਸੂਬੇ ਵਿਚ ਉਸ ਦਾ ਕਾਡਰ ਜ਼ਿਆਦਾ ਵੱਡੀ ਗਿਣਤੀ ਵਿਚ ਸੀ, ਵਡੇਰੇ ਪੱਧਰ 'ਤੇ ਫੈਲਿਆ ਹੋਇਆ ਸੀ ਅਤੇ ਨਾਲ ਹੀ ਇਹ ਹੋਰਨਾਂ ਪਾਰਟੀਆਂ ਦੇ ਕਾਰਡ ਦੇ ਮੁਕਾਬਲੇ ਵਧੇਰੇ ਸਮਰਪਿਤ ਸੀ। ਇਕ ਪਾਸੇ ਜਿੱਥੇ ਜਿਓਤੀ ਬਾਸੂ ਪਾਰਟੀ ਦਾ ਜਨਤਕ ਚਿਹਰਾ ਸਨ ਅਤੇ ਉਨ੍ਹਾਂ ਨੂੰ ਆਪਣੇ ਸ਼ਹਿਰੀਪੁਣੇ ਤੇ ਸੂਝ ਸਦਕਾ ਕੋਲਕਾਤਾ ਦੇ ਮੱਧ-ਵਰਗ ਦੀਆਂ ਤਾਰੀਫ਼ਾਂ ਹਾਸਲ ਹੋਈਆਂ, ਜਦੋਂਕਿ ਦੂਜੇ ਪਾਸੇ ਪ੍ਰਮੋਦ ਦਾਸਗੁਪਤਾ ਅਤੇ ਅਨਿਲ ਬਿਸਵਾਸ ਵਰਗੇ ਕੱਟੜਪੰਥੀ ਬੜੀ ਮਿਹਨਤ ਨਾਲ ਜ਼ਿਲ੍ਹਿਆਂ ਵਿਚ ਹੇਠਲੇ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਦੇ ਰਹੇ।

ਸੀਪੀਐੱਮ ਦੀ ਲੰਬੇ ਸਮੇਂ ਤੱਕ ਚੋਣ ਸਫਲਤਾ ਦਾ ਇਕ ਹੋਰ ਕਾਰਨ ਇਹ ਸੀ ਕਿ 'ਪ੍ਰੋਲੇਤਾਰੀ ਕੌਮਾਂਤਰੀਵਾਦ' ਪ੍ਰਤੀ ਆਪਣੀ ਵਚਨਬੱਧਤਾ ਦੇ ਦਾਅਵੇ ਦੇ ਬਾਵਜੂਦ ਇਸ ਨੇ ਸੂਬੇ ਦੇ ਵੋਟਰਾਂ ਵਿਚ ਆਪਣੇ ਆਪ ਨੂੰ ਬੜੀ ਕਾਮਯਾਬੀ ਨਾਲ ਬੰਗਾਲੀ ਗੌਰਵ ਵਾਲੀ ਪਾਰਟੀ ਵਜੋਂ ਪੇਸ਼ ਕੀਤਾ। 'ਸੈਂਟਰ ਕੰਮ ਦਿਏ ਚੇ' (ਕੇਂਦਰ ਨੇ ਸਾਨੂੰ ਬਣਦੇ ਹਿੱਸੇ ਤੋਂ ਘੱਟ ਦਿੱਤਾ ਹੈ) ਪਾਰਟੀ ਦਾ ਪ੍ਰਚਾਰ ਦਾ ਪ੍ਰਮੁੱਖ ਨਾਅਰਾ ਸੀ, ਖ਼ਾਸਕਰ ਚੋਣਾਂ ਸਮੇਂ, ਜਦੋਂ ਸੂਬੇ ਵਿਚ ਪਾਰਟੀ ਦੀ ਮੁੱਖ ਵਿਰੋਧੀ ਪੱਛਮੀ ਬੰਗਾਲ ਦੀ ਕਾਂਗਰਸ ਇਕਾਈ ਹੁੰਦੀ ਸੀ, ਜਿਸ ਦੀ ਕੇਂਦਰ ਵਿਚ ਲੰਬੇ ਸਮੇਂ ਤੱਕ ਹਕੂਮਤ ਰਹੀ। (ਹੈਰਾਨੀ ਦੀ ਗੱਲ ਹੈ ਕਿ ਬੰਗਾਲੀ ਗੌਰਵ ਦੇ ਇਸੇ ਦਾਅਵੇ ਦੇ ਬਲਬੂਤੇ ਹੁਣ ਸੂਬੇ ਦੀ ਤਾਕਤਵਰ ਪਾਰਟੀ ਤ੍ਰਿਣਮੂਲ ਕਾਂਗਰਸ ਨੇ ਉਸ ਭਾਜਪਾ ਨੂੰ ਸੂਬੇ ਦੀ ਸੱਤਾ ਤੋਂ ਦੂਰ ਰੱਖਿਆ ਹੋਇਆ ਹੈ ਜਿਹੜੀ ਕੇਂਦਰ ਵਿਚ ਤਾਕਤਵਰ ਪਾਰਟੀ ਹੈ)।

ਸਥਾਈ ਆਰਥਿਕ ਵਿਕਾਸ ਅਤੇ ਰੁਜ਼ਗਾਰ ਸਿਰਜਣਾ ਭਾਵੇਂ ਮੋਦੀ ਸਰਕਾਰ ਤੋਂ ਦੂਰ ਹੀ ਹੈ (ਜਿਵੇਂ ਇਹ ਪੱਛਮੀ ਬੰਗਾਲ ਵਿਚ ਬਾਸੂ ਸਰਕਾਰ ਦੇ ਮਾਮਲੇ ਵਿਚ ਸੀ), ਪਰ ਤਾਂ ਵੀ ਦੋਵਾਂ ਨੇ ਸੇਧਿਤ ਭਲਾਈ ਸਕੀਮਾਂ ਪੱਖੋਂ ਕੁਝ ਕਾਮਯਾਬੀ ਜ਼ਰੂਰ ਹਾਸਲ ਕੀਤੀ। ਖੱਬੇ ਮੋਰਚੇ ਵੱਲੋਂ 'ਅਪਰੇਸ਼ਨ ਬਰਗਾ' ਤਹਿਤ ਜਾਰੀ ਕੀਤੇ ਗਏ ਜ਼ਮੀਨੀ ਅਖ਼ਤਿਆਰ ਇਸ ਸਬੰਧ ਵਿਚ ਭਾਜਪਾ ਵੱਲੋਂ ਪ੍ਰਚਾਰਤ ਰਸੋਈ ਗੈਸ ਅਤੇ ਮੁਫ਼ਤ ਰਾਸ਼ਨ ਵਰਗੀਆਂ ਸਕੀਮਾਂ ਦੇ ਸਮਰੂਪ ਸਨ। ਇਨ੍ਹਾਂ ਲਾਭਾਂ ਤੋਂ ਚੋਣਾਂ ਵਿਚ ਮਿਲਣ ਵਾਲੇ ਫ਼ਾਇਦੇ ਇਸ ਗੱਲ ਦਾ ਸਬੂਤ ਹਨ ਕਿ ਮੌਕੇ ਦੀ ਹਕੂਮਤ ਮਾਮੂਲੀ ਤਰੀਕੇ ਨਾਲ ਵੀ ਸਹੂਲਤਾਂ 'ਪਹੁੰਚਾ' ਸਕਦੀ ਹੈ।

ਪੱਛਮੀ ਬੰਗਾਲ ਵਿਚਲੀਆਂ ਅਤੀਤ ਦੀਆਂ ਤੇ ਮੌਜੂਦਾ ਦੌਰ ਵਿਚ ਭਾਰਤ ਦੀਆਂ ਇਹ ਸਿਆਸੀ ਸਮਾਨਤਾਵਾਂ ਕਾਬਿਲ-ਏ-ਗ਼ੌਰ ਹਨ। ਯਕੀਨਨ ਇਨ੍ਹਾਂ ਵਿਚ ਕੁਝ ਅਹਿਮ ਵਖਰੇਵੇਂ ਵੀ ਹਨ। ਇਕ ਸੂਬੇ ਦੀ, ਕੌਮੀ ਰਾਜਧਾਨੀ ਲਈ ਨਫ਼ਰਤ ਕੁੱਲ ਮਿਲਾ ਕੇ ਸਮਾਜਿਕ ਤਾਣੇ-ਬਾਣੇ ਲਈ ਓਨੀ ਨੁਕਸਾਨਦੇਹ ਨਹੀਂ ਹੈ, ਜਿੰਨੀ ਇਕ ਧਾਰਮਿਕ ਬਹੁਗਿਣਤੀ ਦੀ ਪਹਿਲਾਂ ਹੀ ਕਮਜ਼ੋਰ ਤੇ ਨਾਜ਼ੁਕ ਹਾਲਤ ਵਾਲੀ ਘੱਟਗਿਣਤੀ ਪ੍ਰਤੀ ਨਫ਼ਰਤ ਖ਼ਤਰਨਾਕ ਹੈ। ਸ੍ਰੀ ਜਿਓਤੀ ਬਾਸੂ ਇਕ ਬੇਅਸਰ ਪ੍ਰਸ਼ਾਸਕ ਜ਼ਰੂਰ ਸਨ ਪਰ ਸ੍ਰੀ ਮੋਦੀ ਦੇ ਉਲਟ ਉਨ੍ਹਾਂ ਕਦੇ ਵੀ ਆਪਣੇ ਦੁਆਲੇ ਸ਼ਖ਼ਸੀ ਪੂਜਾ ਵਾਲੇ ਖ਼ੁਸ਼ਾਮਦੀਆਂ ਦਾ ਇਕੱਠ ਨਹੀਂ ਸੀ ਕੀਤਾ। ਸ੍ਰੀ ਬਾਸੂ ਘੱਟਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਵੀ ਸ੍ਰੀ ਮੋਦੀ ਤੋਂ ਕਿਤੇ ਵੱਧ ਵਚਨਬੱਧ ਸਨ। ਅਖ਼ੀਰ ਵਿਚ, ਯਕੀਨਨ ਕਿਸੇ ਸੂਬੇ ਦੀ ਤਰੱਕੀ ਨੂੰ ਰੋਕਣਾ ਜ਼ਾਹਰਾ ਤੌਰ 'ਤੇ, ਕਿਸੇ ਪੂਰੇ ਮੁਲਕ ਦੀ ਤਰੱਕੀ ਨੂੰ ਰੋਕਣ ਨਾਲੋਂ ਕਿਤੇ ਘੱਟ ਪੱਧਰ 'ਤੇ ਲੋਕਾਂ ਨੂੰ ਪ੍ਰੇਸ਼ਾਨ ਕਰਦਾ ਹੈ।

ਇਕ ਹੋਰ ਅਹਿਮ ਫ਼ਰਕ ਇਹ ਹੈ ਕਿ ਕੇਂਦਰ ਵਿਚ ਹਾਕਮ ਪਾਰਟੀ ਹੋਣ ਦੇ ਨਾਤੇ ਇਹ ਦੇਸ਼ ਦੀਆਂ ਤਫ਼ਤੀਸ਼ੀ ਏਜੰਸੀਆਂ ਉੱਤੇ ਆਪਣੇ ਕੰਟਰੋਲ ਦਾ ਇਸਤੇਮਾਲ ਆਪਣੇ ਸਿਆਸੀ ਵਿਰੋਧੀਆਂ ਖ਼ਿਲਾਫ਼ ਕਰਦੀ ਹੈ। ਅੰਗਰੇਜ਼ੀ ਅਖ਼ਬਾਰ 'ਇੰਡੀਅਨ ਐਕਸਪ੍ਰੈਸ' ਦੀ ਹਾਲੀਆ ਰਿਪੋਰਟ ਮੁਤਾਬਕ 2014 ਤੋਂ ਬਾਅਦ ਸੀਬੀਆਈ ਨੇ ਜਿਨ੍ਹਾਂ ਸਿਆਸਤਦਾਨਾਂ ਨੂੰ ਗ੍ਰਿਫ਼ਤਾਰ ਕੀਤਾ ਜਾਂ ਛਾਪੇ ਮਾਰੇ, ਉਨ੍ਹਾਂ ਵਿਚੋਂ 95 ਫ਼ੀਸਦੀ ਵਿਰੋਧੀ ਪਾਰਟੀਆਂ ਨਾਲ ਸਬੰਧਤ ਸਨ। ਕੇਂਦਰ ਸਰਕਾਰ ਨੇ ਨਾਲ ਹੀ ਗੁਪਤ ਚੋਣ ਬਾਂਡ ਸਕੀਮ ਰਾਹੀਂ ਅਤੇ ਆਜ਼ਾਦ ਮੀਡੀਆ ਚੈਨਲਾਂ ਨੂੰ ਡਰਾ ਕੇ ਤੇ ਸੱਚ ਬੋਲਣ ਵਾਲੇ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕਰ ਕੇ ਦੇਸ਼ ਦੇ ਸਿਆਸੀ ਅਮਲ ਨੂੰ ਆਪਣੇ ਪੱਖ ਵਿਚ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ।

ਇਨ੍ਹਾਂ ਵਖਰੇਵਿਆਂ ਦੇ ਬਾਵਜੂਦ, ਢੰਗ-ਤਰੀਕਿਆਂ ਤੇ ਸਿੱਟਿਆਂ ਪੱਖੋਂ ਸਮਾਨਤਾਵਾਂ ਕਾਫ਼ੀ ਗ਼ੌਰ ਕਰਨ ਵਾਲੀਆਂ ਹਨ। ਪੱਛਮੀ ਬੰਗਾਲ ਦਾ ਆਧੁਨਿਕ ਇਤਿਹਾਸ ਪ੍ਰਤੱਖ ਤੌਰ 'ਤੇ ਇਸ ਗੱਲ ਦਾ ਗਵਾਹ ਹੈ ਕਿ ਲਗਾਤਾਰ ਲੜੀਵਾਰ ਚੋਣਾਂ ਜਿੱਤਦੇ ਰਹਿਣਾ ਵੀ ਸਰਕਾਰ ਦੇ ਵਧੀਆ ਕੰਮ-ਕਾਜ ਜਾਂ ਸਮਾਜਿਕ ਭਲਾਈ ਦੀ ਯਕੀਨਨ ਹਾਨੀ ਨਹੀਂ ਹੁੰਦੀ। ਇਸੇ ਤਰ੍ਹਾਂ ਜੇ ਭਾਜਪਾ ਵੀ ਲਗਾਤਾਰ ਆਮ ਚੋਣਾਂ ਜਿੱਤਦੀ ਜਾਵੇ ਪਰ ਦੂਜੇ ਪਾਸੇ ਦੇਸ਼ ਹੋਰ ਨੀਵੇਂ ਤੋਂ ਨੀਵੇਂ ਪੱਧਰ 'ਤੇ ਜਾਂਦਾ ਰਹੇ ਤਾਂ ਇਹ ਆਧੁਨਿਕ ਭਾਰਤ ਦੀ ਕਹਾਣੀ ਵੀ ਹੋ ਸਕਦੀ ਹੈ। ਇਸ ਤਰ੍ਹਾਂ ਇਹੋ ਭਾਸਦਾ ਹੈ ਕਿ ਜੇ ਕਿਸੇ ਇਕ ਸੂਬੇ ਵਿਚ ਜਾਂ ਫਿਰ ਸਮੁੱਚੇ ਤੌਰ 'ਤੇ ਪੂਰੇ ਮੁਲਕ ਵਿਚ ਇਕੋ ਪਾਰਟੀ ਲੰਬੇ ਸਮੇਂ ਲਈ ਤੇ ਬੇਰੋਕ ਹੁਕਮਰਾਨ ਰਹਿੰਦੀ ਹੈ ਤਾਂ ਵਕਤ ਬੀਤਣ ਦੇ ਨਾਲ ਇਸ ਦਾ ਸਿੱਟਾ ਪ੍ਰਸ਼ਾਸਨ ਚਲਾਉਣ ਪੱਖੋਂ ਹੰਕਾਰ, ਆਤਮ-ਸੰਤੁਸ਼ਟੀ ਅਤੇ ਨਾਕਾਬਲੀਅਤ ਵਾਲਾ (ਜਾਂ ਇਸ ਤੋਂ ਵੀ ਮਾੜਾ) ਹੋ ਸਕਦਾ ਹੈ। ਇਕ ਪੁਰਾਣੀ ਕਹਾਵਤ, 'ਜੋ ਬੰਗਾਲ ਅੱਜ ਸੋਚਦਾ ਹੈ, ਭਾਰਤ ਉਹ ਭਲਕੇ ਸੋਚਦਾ ਹੈ' ਇਕ ਵਾਰੀ ਮੁੜ ਸੱਚ ਸਾਬਤ ਹੋ ਰਹੀ ਹੈ, ਹਾਲਾਂਕਿ ਪਹਿਲਾਂ ਤੋਂ ਕਿਤੇ ਵੱਧ ਗ਼ਲਤ ਰਾਹਾਂ 'ਤੇ ਚੱਲਣ ਦੇ ਰੂਪ ਵਿਚ।

ਸ਼ਰਧਾਂਜਲੀ

# ਸਿੱਖ ਕੌਮ ਦੇ ਵਿਦਵਾਨ ਸ.ਪਾਲ ਸਿੰਘ ਪੁਰੇਵਾਲ

## ਹਿਜਰੀ ਕੈਲੰਡਰ ਅਤੇ ਪੰਜ ਸੌ ਸਾਲਾ ਜੰਤਰੀ ਤੋਂ ਨਾਨਕਸ਼ਾਹੀ ਕੈਲੰਡਰ ਤੱਕ ਦਾ ਸਫ਼ਰ






ਡਾ. ਗੁਰਵਿੰਦਰ ਸਿੰਘ

ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਵਾਲੇ ਸ. ਪਾਲ ਸਿੰਘ ਪੁਰੇਵਾਲ 22 ਸਤੰਬਰ 2022 ਦਿਨ ਵੀਰਵਾਰ, ਸਵੇਰੇ ਦੇ ਸਮੇਂ ਐਡਮਿੰਟਨ ਸ਼ਹਿਰ ਵਿਖੇ ਅਕਾਲ ਚਲਾਣਾ ਕਰ ਗਏ ਹਨ। ਆਪ ਦੀ ਉਮਰ 90 ਸਾਲ ਦੇ ਕਰੀਬ ਸੀ ਅਤੇ ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿੱਚ ਦਾਖ਼ਲ ਸਨ। ਪਰਿਵਾਰਕ ਸੂਤਰਾਂ ਅਨੁਸਾਰ ਵੀਰਵਾਰ ਸਵੇਰੇ 1.30 ਵਜੇ ਦੇ ਕਰੀਬ ਭਾਈ ਸਾਹਿਬ ਨੇ ਆਖ਼ਰੀ ਸੁਆਸ ਲਏ। ਪੰਜਾਬ ਦੀ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਪਿੰਡ ਸ਼ੰਕਰ (ਸ਼ੰਕਰ ਸ਼ਰੀਂਹ) ਵਿਖੇ ਆਪ ਦਾ ਜਨਮ 23 ਨਵੰਬਰ 1932 ਵਿੱਚ ਹੋਇਆ। ਪੰਜਾਬ 'ਚ ਵੱਖ- ਵੱਖ ਸੇਵਾਵਾਂ ਨਿਭਾਉਣ ਤੋਂ ਮਗਰੋਂ ਆਪ ਪਹਿਲਾਂ 1965 ਈਸਵੀ ਵਿਚ ਇੰਗਲੈਂਡ ਅਤੇ ਮਗਰੋਂ 1974 ਵਿਚ ਆ ਵਸੇ, ਜਿਥੇ ਅਧਿਆਪਨ ਅਤੇ ਇੰਜਨੀਅਰਿੰਗ ਖੇਤਰ ਵਿੱਚ ਲੰਮਾ ਸਮਾਂ ਸੇਵਾਵਾਂ ਕੀਤੀਆਂ।ਵਿੱਦਿਆ ਖੇਤਰ ਦੇ ਮਾਹਰ ਸ. ਪਾਲ ਸਿੰਘ ਪੁਰੇਵਾਲ ਪੰਜਾਬੀ, ਅੰਗਰੇਜ਼ੀ, ਸੰਸਕ੍ਰਿਤ ਅਤੇ ਫ਼ਾਰਸੀ ਦੇ ਗਿਆਤਾ ਸਨ, ਜਿਨ੍ਹਾਂ ਨੇ ਈਸਾਈ, ਹਿੰਦੂ ਅਤੇ ਮੁਸਲਿਮ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਉਨ੍ਹਾਂ ਦੇ ਵਿਸ਼ਲੇਸ਼ਣ ਮਗਰੋਂ ਕੈਲੰਡਰ ਤਿਆਰ ਕੀਤੇ। ਇਸ ਦੌਰਾਨ ਆਪ ਨੇ ਮੁਸਲਿਮ ਭਾਈਚਾਰੇ ਦੀ ਮੰਗ 'ਤੇ ਹਿਜਰੀ ਕੈਲੰਡਰ ਤਿਆਰ ਕੀਤਾ, ਜੋ ਕਿ ਪਾਕਿਸਤਾਨ ਵਿਖੇ ਪੰਜਾਬ ਦੇ ਗਵਰਨਰ ਵੱਲੋਂ ਵੱਡੇ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਆਪ ਨੂੰ ਹਿਜਰੀ ਕੈਲੰਡਰ ਤਿਆਰ ਕਰਨ ਲਈ ਪਾਕਿਸਤਾਨ ਵਿੱਚ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਭਾਵ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨ ਦਿੱਤਾ ਗਿਆ। ਸੰਨ 1994 ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੰਗ ਤੇ ਆਪ ਵੱਲੋਂ ਪੰਜ ਸੌ ਸਾਲਾ ਜੰਤਰੀ ਤਿਆਰ ਕੀਤੀ ਗਈ। ਸ ਪਾਲ ਸਿੰਘ ਪੁਰੇਵਾਲ ਵੱਲੋਂ ਘਾਲਣਾ ਨਾਲ ਗਰਿਗੋਰੀਅਨ ਕੈਲੰਡਰ ਵਾਂਗ ਸੂਰਜ ਦੇ ਦੁਆਲੇ ਧਰਤੀ ਦੇ ਗੇੜੇ ਨੂੰ ਆਧਾਰ ਬਣਾ ਕੇ ਨਾਨਕਸ਼ਾਹੀ ਕੈਲੰਡਰ ਦਾ ਨਿਰਮਾਣ ਕੀਤਾ ਗਿਆ। 1999 ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਹਾੜੇ ਮੌਕੇ ਆਪ ਵੱਲੋਂ ਤਿਆਰ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਅਕਾਲ ਤਖ਼ਤ ਨੂੰ ਪ੍ਰਵਾਨ ਕੀਤਾ ਗਿਆ, ਪਰ ਇਸ ਦੇ ਬਾਵਜੂਦ ਸਿੱਖ ਕੌਮ ਦੀ ਵੱਖਰੀ ਪਛਾਣ ਦੀ ਪ੍ਰਤੀਕ 'ਮੂਲ ਨਾਨਕਸ਼ਾਹੀ ਕੈਲੰਡਰ' ਲਾਗੂ ਕਰਨ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹੀ ਫੈਸਲੇ ਤੋਂ ਪਿਛੇ ਹਟ ਕੇ, ਉਸ ਵਿੱਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਕਰ ਦਿੱਤੀਆਂ ਗਈਆਂ।ਮੂਲ ਨਾਨਕਸ਼ਾਹੀ ਕੈਲੰਡਰ ਰੱਦ ਕਰਨ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੀ ਥਾਂ, ਵਿਸ਼ੇਸ਼ ਇਕੱਤਰਤਾ ਦੌਰਾਨ ਅਗਜੈਕਟਿਵ ਕਮੇਟੀ ਰਾਹੀਂ ਕੀਤੀ ਗਈ, ਜਿਸ ਦੇ ਬਾਰਾਂ ਮੈਂਬਰਾਂ ਚੋਂ ਚਾਰ ਮੈਂਬਰਾਂ ਨੇ ਇਸ ਦਾ ਵਿਰੋਧ ਵੀ ਕੀਤਾ, ਜਿਨ੍ਹਾਂ ਵਿੱਚ ਸ਼ਾਮਲ ਮੈਂਬਰਾਂ 'ਚੋਂ ਅੱਜ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਕਰਨੈਲ ਸਿੰਘ ਪੰਜੋਲੀ ਅਤੇ ਮੈਂਬਰ ਬੀਬੀ ਕਿਰਨਜੋਤ ਕੌਰ ਵੀ ਸ਼ਾਮਲ ਸਨ। 'ਉਨ੍ਹਾਂ ਅਨੁਸਾਰ' ਕੈਲੰਡਰ ਰੱਦ ਕਰਨ ਦਾ ਫ਼ੈਸਲਾ ਸੰਤ ਸਮਾਜ, ਡੇਰੇਦਾਰਾਂ, ਨਿਰਮਲਿਆਂ ਅਤੇ ਜੋਤਸ਼ੀਆਂ ਸਮੇਤ ਰਾਸ਼ਟਰੀ ਸੇਵਕ ਸੰਘ ਦੇ ਪ੍ਰਭਾਵ ਅਧੀਨ ਵੋਟ ਰਾਜਨੀਤੀ ਲਈ ਤਤਕਾਲੀ ਅਕਾਲੀ -ਭਾਜਪਾ ਸਰਕਾਰ ਦੇ ਗੱਠਜੋੜ ਦੀ ਸ਼ਹਿ 'ਤੇ ਲਿਆ ਗਿਆ, ਜੋ ਕਿ ਅਤਿ ਦੁਖਦਾਈ ਸੀ। ਇਉਂ ਸੂਰਜੀ ਕੈਲੰਡਰ ਅਨੁਸਾਰ ਸ. ਪੁਰੇਵਾਲ ਵਲੋਂ ਤਿਆਰ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਦਰਕਿਨਾਰ ਕਰਕੇ, ਮੁੜ ਚੰਦਰਮਾ ਕੈਲੰਡਰ ਮੁਤਾਬਕ ਬਿਕਰਮੀ ਕੈਲੰਡਰ ਦੀਆਂ ਤਾਰੀਖਾਂ ਸ਼੍ਰੋਮਣੀ ਕਮੇਟੀ ਵੱਲੋਂ ਲਾਗੂ ਕਰ ਦਿੱਤੀਆਂ ਗਈਆਂ, ਪਰ ਗੁਮਰਾਹਕੁਨ ਤਰੀਕੇ ਨਾਲ ਕੈਲੰਡਰ ਦਾ ਨਾਂ 'ਨਾਨਕਸ਼ਾਹੀ ਕੈਲੰਡਰ' ਹੀ ਰੱਖਿਆ ਗਿਆ, ਜੋ ਕਿ ਭਾਈ ਪਾਲ ਸਿੰਘ ਪੁਰੇਵਾਲ ਨੇ ਦਿੱਤਾ ਸੀ। ਇਸ ਸੱਚਾਈ ਨੂੰ ਬਿਆਨ ਕਰਦੀ ਸ.ਪਾਲ ਸਿੰਘ ਪੁਰੇਵਾਲ ਦੀ ਨਵੀਂ ਕਿਤਾਬ 'ਨਾਨਕਸ਼ਾਹੀ ਕੈਲੰਡਰ' ਹਾਲ ਹੀ ਵਿੱਚ ਛਪੀ ਹੈ, ਜੋ ਕਿ ਅੱਜ ਸਰੀ ਵਿਚ ਰਿਲੀਜ਼ ਹੋਣੀ ਹੈ। ਇਹ ਕਿਤਾਬ ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕੀਤੀ ਗਈ ਹੈ ਅਤੇ ਇਸ ਵਿੱਚ ਨਾਨਕਸ਼ਾਹੀ ਕੈਲੰਡਰ ਬਾਰੇ ਅਹਿਮ ਖੁਲਾਸੇ ਕੀਤੇ ਗਏ ਹਨ। ਉਨ੍ਹਾਂ ਦੇ ਜਿਊਂਦੇ ਜੀਅ, ਨਾਨਕਸ਼ਾਹੀ ਕੈਲੰਡਰ ਨੂੰ ਸਤਿਕਾਰ ਦੇ ਕੇ ਲਾਗੂ ਕੀਤੇ ਜਾਣਾ ਬਣਦਾ ਸੀ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਜੇ ਤਕ ਮੁਕੰਮਲ ਰੂਪ ਵਿੱਚ ਮਾਨਤਾ ਨਹੀਂ ਮਿਲੀ।






ਲੇਖਕ ਨੂੰ ਸੰਨ 2000 ਤੋਂ ਲੈ ਕੇ ਕਈ ਵਾਰ, ਸ. ਪੁਰੇਵਾਲ ਨਾਲ ਮੁਲਾਕਾਤ ਦਾ ਮੌਕਾ ਮਿਲਿਆ, ਜਿਨ੍ਹਾਂ ਹਮੇਸ਼ਾ ਹੀ ਇਸ ਗੱਲ 'ਤੇ ਦੁੱਖ ਪ੍ਰਗਟਾਇਆ ਕਿ ਸਿੱਖਾਂ ਵਿੱਚ ਧਰਮ ਦੇ ਉੱਪਰ ਸਿਆਸਤ ਭਾਰੂ ਹੋ ਚੁੱਕੀ ਹੈ, ਜਿਸ ਕਾਰਨ ਸਹੀ ਫ਼ੈਸਲੇ ਲੈਣ ਦੀ ਥਾਂ, ਸਿਆਸੀ ਹਿੱਤਾਂ ਨੂੰ ਹੀ ਵੇਖਿਆ ਜਾਂਦਾ ਹੈ। ਸਿੱਖ ਵਿਦਵਾਨ ਭਾਈ ਪੁਰੇਵਾਲ ਨੇ ਚਲਾਣੇ ਤੋਂ ਕੁਝ ਦਿਨ ਪਹਿਲਾਂ ਬੇਬਾਕੀ ਨਾਲ ਇਹ ਗੱਲ ਨਜ਼ਦੀਕੀਆਂ ਨੂੰ ਕਹੀ ਸੀ ਕਿ ਚਾਹੇ ਉਨ੍ਹਾਂ ਦੇ ਜਿਊਂਦੇ ਜੀਅ ਅਤੇ ਚਾਹੇ ਉਨ੍ਹਾਂ ਦੀ ਮੌਤ ਮਗਰੋਂ ਹੀ ਸਹੀ, ਪਰ ਇੱਕ ਦਿਨ ਸਿੱਖ ਕੌਮ ਨੂੰ ਨਾਨਕਸ਼ਾਹੀ ਕੈਲੰਡਰ ਮੁਕੰਮਲ ਰੂਪ 'ਚ ਕਰਨਾ ਹੀ ਪਵੇਗਾ, ਉਹ ਚਾਹੇ ਅੱਜ ਕਰ ਲੈਣ ਜਾਂ ਕੱਲ੍ਹ ਕਰ ਲੈਣ। ਵੇਖਣਾ ਇਹ ਹੈ ਕਿ ਸ.ਪਾਲ ਸਿੰਘ ਪੁਰੇਵਾਲ ਦਾ ਇਹ ਕਥਨ ਕਦੋਂ ਸੱਚ ਹੁੰਦਾ ਹੈ।ਸ. ਪਾਲ ਸਿੰਘ ਪੁਰੇਵਾਲ ਦਾ ਅੰਤਿਮ ਸੰਸਕਾਰ ਦਿਨ ਮੰਗਲਵਾਰ 27 ਸਤੰਬਰ ਦੁਪਹਿਰ 1 ਵਜੇ 6404 ਰੋਪੜ ਰੋਡ T6B3 G6 ਵਿਖੇ ਹੋਵੇਗਾ। ਸਸਕਾਰ ਤੋਂ ਉਪਰੰਤ ਪਾਠ ਦੇ ਭੋਗ ਅਤੇ ਅਰਦਾਸ ਉਸੇ ਦਿਨ ਬਾਅਦ ਦੁਪਹਿਰ 3 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, 4504 ਮਿਲਵੁੱਡਜ਼ ਰੋਡ ਸਾਊਥ, ਐਡਮਿੰਟਨ ਵਿਖੇ ਹੋਵੇਗੀ। ਇਸ ਦੌਰਾਨ ਕੈਨੇਡੀਅਨ ਸਿੱਖ ਸਟੱਡੀਜ਼ ਐਂਡ ਟੀਚਿੰਗ ਸੁਸਾਇਟੀ ਸਮਸਤ ਬੀਸੀ ਦੀਆਂ ਸਿੱਖ ਸੰਸਥਾਵਾਂ ਵੱਲੋਂ ਸਰੀ ਸਥਿਤ ਯਾਰਕ ਸੈਂਟਰ ਵਿਖੇ ਸ ਪਾਲ ਸਿੰਘ ਪੁਰੇਵਾਲ ਨੂੰ ਅੱਜ ਸ਼ਰਧਾਂਜਲੀ ਭੇਟ ਕੀਤੀ ਜਾਏਗੀ ਅਤੇ ਉਨ੍ਹਾਂ ਦੀ ਲਿਖੀ ਕਿਤਾਬ ਲੋਕ ਅਰਪਣ ਕੀਤੀ ਜਾਏਗੀ। ਇਸ ਮੌਕੇ 'ਤੇ ਕਿਤਾਬ ਰਿਲੀਜ਼ ਸਮਾਰੋਹ ਦੀ ਅਗਵਾਈ ਡਾ. ਬਲਵੰਤ ਸਿੰਘ ਢਿੱਲੋਂ ਕਰਨਗੇ, ਜੋ ਕਿ ਪਾਲ ਸਿੰਘ ਪੁਰੇਵਾਲ ਹੁਰਾਂ ਦੇ ਨਜ਼ਦੀਕੀਆਂ ਵਿੱਚੋਂ ਇੱਕ ਸਨ।

# ਨਾਨਕਸ਼ਾਹੀ ਕੈਲੰਡਰ ਵਾਲੇ ਸਿੱਖ ਵਿਦਵਾਨ ਪਾਲ ਸਿੰਘ ਪੁਰੇਵਾਲ ਚਲ ਵਸੇ

ਅੰਮ੍ਰਿਤਸਰ-ਉੱਘੇ ਸਿੱਖ ਬੁੱਧੀਜੀਵੀ ਤੇ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਪਾਲ ਸਿੰਘ ਪੁਰੇਵਾਲ ਬੀਤੇ ਦਿਨੀਂ ਕੈਨੇਡਾ ਵਿਖੇ ਅਕਾਲ ਚਲਾਣਾ ਕਰ ਗਏ ।

ਉਹ 90 ਵਰ੍ਹਿਆਂ ਦੇ ਸਨ। ਉਨ੍ਹਾਂ ਆਖਰੀ ਸਾਹ ਐਡਮਿੰਟਨ ਵਿਚ ਲਿਆ। ਵਿਦਵਾਨ ਪੁਰੇਵਾਲ ਦੀ ਮੌਤ ਦੀ ਅਫ਼ਵਾਹ ਕੁਝ ਦਿਨ ਪਹਿਲਾਂ ਸੋਸ਼ਲ ਮੀਡੀਆ 'ਤੇ ਫੈਲੀ ਸੀ ਪਰ ਉਸ ਵਕਤ ਬੇਸ਼ੱਕ ਉਨ੍ਹਾਂ ਦੀ ਸਿਹਤ ਨਾਜ਼ੁਕ ਸੀ ਪਰ ਉਹ ਜਿਉਂਦੇ ਸੀ ਤੇ ਡਾਕਟਰਾਂ ਦੀ ਨਿਗਰਾਨੀ ਹੇਠ ਸੀ। ਉਨ੍ਹਾਂ ਨੇ ਬੀਤੇ ਵੀਰਵਾਰ (ਕੈਨੇਡਾ ਸਮੇਂ) ਤੜਕੇ ਆਖ਼ਰੀ ਸਾਹ ਲਏ, ਉਨ੍ਹਾਂ ਦੇ ਕਰੀਬੀਆਂ ਵੱਲੋਂ ਮੌਤ ਦੀ ਪੁਸ਼ਟੀ ਕੀਤੀ ਗਈ ਹੈ।

ਨਾਨਕਸ਼ਾਹੀ ਕੈਲੰਡਰ ਪੁਰੇਵਾਲ ਦੀ ਸਿੱਖ ਇਤਿਹਾਸ ਲਈ ਵੱਡੀ ਦੇਣ ਸੀ। ਅਸਲ ਵਿਚ ਪੁਰਾਣੇ ਬਿਕਰਮੀ ਕੈਲੰਡਰ 'ਚ ਕਈ ਪੁਰਬ ਸਾਲ ਦੋ-ਦੋ ਵਾਰੀ ਆ ਜਾਂਦੇ ਸਨ ਤੇ ਕਈ ਪੁਰਬ ਸਾਲ 'ਚ ਇਕ ਵਾਰੀ ਵੀ ਨਹੀਂ ਸਨ ਆਉਂਦੇ। ਇਸ ਕਾਰਨ ਪੁਰੇਵਾਲ ਨੇ ਨਾਨਕਸ਼ਾਹੀ ਕੈਲੰਡਰ ਦੀ ਰਚਨਾ ਸ਼ੁਰੂ ਕਰ ਦਿੱਤੀ।

ਉਨ੍ਹਾਂ ਨੇ ਨਾਨਕਸ਼ਾਹੀ ਕੈਲੰਡਰ ਨੂੰ ਤਿਆਰ ਕਰਨ ਲਈ ਲਗਭਗ 15 ਵਰ੍ਹੇ ਨਿਰੰਤਰ ਕੰਮ ਕੀਤਾ। ਇਸ ਨੂੰ ਤਿਆਰ ਕਰਨ ਲਈ ਪੁਰੇਵਾਲ ਨੇ ਕ੍ਰਿਸ਼ਚੀਅਨ ਕੈਲੰਡਰ ਸਮੇਤ ਦੁਨੀਆ ਦੇ ਬਹੁਤ ਸਾਰੇ ਕੈਲੰਡਰਾਂ ਸਮੇਤ ਅਸਟਰੋਨਾਮੀ ਦੀਆਂ 120 ਕਿਤਾਬਾਂ ਦਾ ਅਧਿਐਨ ਕੀਤਾ ਤੇ ਮੂਲ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਕਾਇਦਾ ਪ੍ਰਵਾਨਗੀ ਦਿੱਤੀ ਤੇ ਇਸ ਨੂੰ ਲਾਗੂ ਕਰ ਦਿੱਤਾ ਗਿਆ।



ਇਸ 'ਤੇ ਸਿੱਖ ਜਥੇਬੰਦੀ ਦਲ ਖ਼ਾਲਸਾ ਦੇ ਆਗੂਆਂ ਕੰਵਰਪਾਲ ਸਿੰਘ ਬਿੱਟੂ ਤੇ ਪਰਮਜੀਤ ਸਿੰਘ ਮੰਡ ਨੇ ਜਾਰੀ ਸ਼ੋਕ ਸੰਦੇਸ਼ ਵਿਚ ਦੁੱਖ ਦਾ ਪ੍ਰਗਟਾਵਾ ਕੀਤਾ ਹੈ । ਉਨ੍ਹਾਂ ਕਿਹਾ ਕਿ ਪਾਲ ਸਿੰਘ ਪੁਰੇਵਾਲ ਵਲੋਂ ਸਿੱਖਾਂ ਦੀ ਅੱਡਰੀ ਪਛਾਣ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ, ਜੋ ਮਾਰਚ 2003 ਵਿਚ ਲਾਗੂ ਕੀਤਾ ਗਿਆ ਸੀ, ਪਰ 8 ਵਰ੍ਹਿਆਂ ਬਾਅਦ ਸੋਧਾਂ ਦੇ ਨਾਂ ਹੇਠ ਉਸ ਦੀ ਅਸਲ ਭਾਵਨਾ ਤੇ ਮੂਲ ਸਰੂਪ ਦਾ ਕਤਲ ਕਰ ਦਿੱਤਾ ਸੀ ਤੇ 2015 ਵਿਚ ਤਾਂ ਨਾਨਕਸ਼ਾਹੀ ਨੂੰ ਮੁੜ ਬਿਕਰਮੀ ਕੈਲੰਡਰ ਕਰ ਦਿੱਤਾ ਗਿਆ ਸੀ । ਸ: ਪੁਰੇਵਾਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੂਲ ਕੈਲੰਡਰ ਨੂੰ ਮੁੜ ਲਾਗੂ ਕਰਨ ਦਾ ਅਧੂਰਾ ਕਾਰਜ ਪੂਰਾ ਕਰਨ ਲਈ ਜੱਦੋ-ਜਹਿਦ ਜਾਰੀ ਰੱਖੀ ਜਾਵੇਗੀ।

# ਵਹਿਮਾਂ ਵਿਚ ਫਸੇ ਸਮਾਧੀ ਲੈਣ ਵਾਲੇ ਸਾਧੂ ਨੂੰ ਪੁਲਿਸ ਨੇ ਜ਼ਿੰਦਾ ਬਾਹਰ ਕੱਢਿਆ



ਉਨਾਵ : ਬਚਪਨ 'ਚ ਮਾਂ ਦੀ ਮੌਤ ਤੋਂ ਬਾਅਦ ਸਾਧੂ ਪਹਿਰਾਵੇ ਵਿਚ 22 ਸਾਲਾ ਨੌਜਵਾਨ ਨੇ ਆਪਣੇ ਚਾਰ ਦੋਸਤਾਂ ਦੀ ਮਦਦ ਨਾਲ ਪਿੰਡ ਦੇ ਬਾਹਰ ਮੰਦਰ ਦੇ ਕੋਲ ਜ਼ਮੀਨ ਵਿਚ ਸਮਾਧੀ ਲੈ ਲਈ। ਸਮਾਂ ਰਹਿੰਦੇ ਪੁਲਿਸ ਨੇ ਮਿੱਟੀ ਹਟਾ ਕੇ ਉਸ ਨੂੰ ਬਾਹਰ ਕੱਢਿਆ, ਜਿਸ ਨਾਲ ਉਸ ਦੀ ਜਾਨ ਬਚ ਗਈ। ਨੌਜਵਾਨ ਅਤੇ ਉਸ ਦੇ ਚਾਰ ਦੋਸਤਾਂ ਤੋਂ ਪੁਲਿਸ ਪੁੱਛਗਿੱਛ ਕਰ ਰਹੀ ਹੈ। ਪੁਲਿਸ ਹੁਣ ਚਾਰਾਂ ਖ਼ਿਲਾਫ਼ ਕਾਰਵਾਈ ਦੀ ਤਿਆਰੀ ਕਰ ਰਹੀ ਹੈ।ਆਸੀਵਨ ਐਸਓ ਅਨੁਰਾਗ ਸਿੰਘ ਨੇ ਦੱਸਿਆ ਕਿ ਪਿੰਡ ਤਾਜਪੁਰ ਦੇ ਲੋਕਾਂ ਨੇ ਸੂਚਨਾ ਦਿੱਤੀ ਕਿ ਪਿੰਡ ਦਾ 22 ਸਾਲਾ ਸ਼ੁਭਮ ਸ਼ਾਮ ਨੂੰ ਮੰਦਰ ਨੇੜੇ ਸਮਾਧੀ ਲੈਣ ਦੀ ਤਿਆਰੀ ਕਰ ਰਿਹਾ ਹੈ। ਜਦੋਂ ਉਹ ਪੁਲਿਸ ਟੀਮ ਸਮੇਤ ਮੌਕੇ 'ਤੇ ਪੁੱਜੇ ਤਾਂ ਸ਼ੁਭਮ ਸਮਾਧੀ ਲੈ ਚੁੱਕਾ ਸੀ। ਉਸਦੇ ਦੋਸਤ ਮਿੱਟੀ ਪਾ ਕੇ ਉਤੇ ਲਾਲ ਝੰਡਾ ਗੱਡ ਰਹੇ ਸਨ। ਪੁਲਿਸ ਨੇ ਬਿਨਾਂ ਦੇਰੀ ਕੀਤੇ ਮਿੱਟੀ ਹਟਾ ਕੇ ਸ਼ੁਭਮ ਨੂੰ ਜ਼ਿੰਦਾ ਬਾਹਰ ਕੱਢ ਲਿਆ। ਸ਼ੁਭਮ ਨੇ ਦੱਸਿਆ ਕਿ ਉਹ ਸਵਰਗ ਪ੍ਰਾਪਤ ਕਰਕੇ ਮੁਕਤੀ ਪ੍ਰਾਪਤ ਕਰਨਾ ਚਾਹੁੰਦਾ ਸੀ, ਇਸ ਲਈ ਉਸਨੇ ਨਰਾਤਿਆਂ ਤੋਂ ਇੱਕ ਦਿਨ ਪਹਿਲਾਂ ਸਮਾਧੀ ਲੈਣ ਦਾ ਸੰਕਲਪ ਲਿਆ ਸੀ। ਸ਼ੁਭਮ ਆਪਣੇ ਸਾਥੀਆਂ ਨਾਲ ਹਰੀਕੇਸ਼ ਮਰੂੰਡਾ ਵਾਸੀ ਪਰਿਆਰ, ਸਫੀਪੁਰ ਅਤੇ ਦੋ ਹੋਰਾਂ ਨੂੰ ਥਾਣੇ ਲੈ ਕੇ ਗਿਆ ਸੀ। ਸਾਰਿਆਂ ਨੇ ਦੱਸਿਆ ਕਿ ਸ਼ੁਭਮ ਚਾਰ ਸਾਲਾਂ ਤੋਂ ਪਿੰਡ ਦੇ ਬਾਹਰ ਇੱਕ ਝੌਂਪੜੀ ਵਿੱਚ ਰਹਿ ਰਿਹਾ ਸੀ ਅਤੇ ਕਾਲੀ ਮਾਤਾ ਜੀ ਦੀ ਮੂਰਤੀ ਰੱਖ ਕੇ ਪੂਜਾ ਕਰਦਾ ਸੀ। ਦੋਸਤਾਂ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਨੂੰ ਸਮਾਧੀ ਲੈਣ ਤੋਂ ਰੋਕਿਆ ਪਰ ਉਹ ਨਹੀਂ ਮੰਨਿਆ। ਜਿਸ 'ਤੇ ਉਸ ਨੇ ਟੋਆ ਪੁੱਟ ਕੇ ਉਸ ਨੂੰ ਲਿਟਾਇਆ ਅਤੇ ਮਿੱਟੀ ਨਾਲ ਬੰਦ ਕਰ ਦਿੱਤਾ। ਪਿੰਡ ਵਾਸੀਆਂ ਅਨੁਸਾਰ ਜੇਕਰ ਪੁਲਿਸ ਸਮੇਂ ਸਿਰ ਨਾ ਪਹੁੰਚਦੀ ਤਾਂ ਵਹਿਮਾਂ ਭਰਮਾਂ ਵਿੱਚ ਇੱਕ ਨੌਜਵਾਨ ਦੀ ਜਾਨ ਚਲੀ ਜਾਂਦੀ। ਸ਼ੁਭਮ ਦੇ ਪਿਤਾ ਵਿਨੀਤ ਨੇ ਦੱਸਿਆ ਕਿ ਉਹ ਬਚਪਨ ਤੋਂ ਹੀ ਪੂਜਾ ਕਰਦਾ ਸੀ। ਐਸਓ ਅਨੁਰਾਗ ਸਿੰਘ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਹੁਕਮਾਂ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਦਲ ਖ਼ਾਲਸਾ ਕੱਢੇਗਾ ਜਲਾਵਤਨੀ ਤੇ ਨਜ਼ਰਬੰਦ ਜੁਝਾਰੂ ਸਿੰਘਾਂ ਲਈ 29 ਨੂੰ ਮਾਰਚ




ਹੁਸ਼ਿਆਰਪੁਰ-ਪੰਥਕ ਜਥੇਬੰਦੀ ਦਲ ਖ਼ਾਲਸਾ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਵਲੋਂ 29 ਸਤੰਬਰ ਦੀ ਕਨਵੈਂਨਸ਼ਨ ਤੇ ਮਾਰਚ ਜਲਾਵਤਨੀ ਅਤੇ ਭਾਰਤ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਜੁਝਾਰੂ ਸਿੰਘਾਂ ਨੂੰ ਸਮਰਪਿਤ ਹੋਵੇਗਾ। ਜ਼ਿਕਰਯੋਗ ਹੈ ਕਿ ਦਲ ਖ਼ਾਲਸਾ ਵਲੋਂ ਹੁਸ਼ਿਆਰਪੁਰ ਵਿਖੇ 'ਅਜ਼ਾਦੀ : ਇਕੋ-ਇਕ ਹੱਲ' ਵਿਸ਼ੇ 'ਤੇ ਕਨਵੈਂਨਸ਼ਨ ਅਤੇ ਮਾਰਚ 29 ਸਤੰਬਰ ਨੂੰ ਕੀਤੀ ਹੈ।ਦਲ ਖ਼ਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਇਸ ਪ੍ਰੋਗਰਾਮ ਵਿਚ ਅਕਾਲੀ ਦਲ (ਅੰਮ੍ਰਿਤਸਰ) ਤੇ ਹੋਰ ਹਮ-ਖਿਆਲੀ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਿਲ ਹੋਣਗੇ।ਉਨ੍ਹਾਂ ਕਿਹਾ ਕਿ ਭਾਰਤ ਦੇ ਮੌਜੂਦਾ ਢਾਂਚੇ ਅਤੇ ਨਿਜ਼ਾਮ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਥ, ਗੁਰੂਘਰ ਅਤੇ ਤਖ਼ਤ, ਜ਼ਮੀਨ ਅਤੇ ਪਾਣੀ, ਕੌਮੀ ਹੋਂਦ ਅਤੇ ਹਿੱਤ ਸੁਰੱਖਿਅਤ ਨਹੀਂ ਹਨ। ਬੁਲਾਰੇ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਸਾਡਾ ਸੁਪਨਾ ਅਤੇ ਸੰਘਰਸ਼ ਪੰਜਾਬ ਦੀ ਪ੍ਰਭੂਸੱਤਾ ਅਤੇ ਅਜ਼ਾਦੀ ਨੂੰ ਹਾਸਲ ਕਰਨ ਦਾ ਹੈ। ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ 29 ਸਤੰਬਰ ਨੂੰ ਦਲ ਖ਼ਾਲਸਾ ਦੇ ਬਾਨੀ ਆਗੂ ਭਾਈ ਗਜਿੰਦਰ ਸਿੰਘ ਦੀ ਜਲਾਵਤਨੀ ਨੂੰ 41 ਸਾਲ ਪੂਰੇ ਹੋ ਜਾਣਗੇ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵਲੋਂ ਲੋੜੀਂਦੇ 50 ਵਿਅਕਤੀਆਂ ਦੀ ਜਾਰੀ ਸੂਚੀ ਵਿਚ ਭਾਈ ਗਜਿੰਦਰ ਸਿੰਘ ਦਾ ਨਾਂ ਸ਼ਾਮਿਲ ਨਹੀਂ ਸੀ ਅਤੇ ਹੁਣ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਇਕ ਆਜ਼ਾਦ ਵਿਅਕਤੀਗਤ ਜੀਵਨ ਬਤੀਤ ਕਰਨ ਦੇ ਹੱਕਦਾਰ ਹਨ।

# ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਨੂੰ ਵੰਡਣ ਦਾ ਯਤਨ ਨਾ ਕਰੇ : ਗਿਆਨੀ ਹਰਨਾਮ ਸਿੰਘ ਖ਼ਾਲਸਾ

ਚੌਕ ਮਹਿਤਾ/ਏ.ਟੀ.ਨਿਊਜ਼ :- ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸ਼੍ਰੋਮਣੀ ਕਮੇਟੀ ਨੂੰ ਵੰਡਣ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਸਿੱਖ ਪੰਥ ਦੇ ਰੋਸ ਅਤੇ ਰੋਹ ਨੂੰ ਸ਼ਾਂਤ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮਾਮਲੇ ਵਿਚ ਦਖ਼ਲ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਭੰਗ ਕਰਨ ਦਾ ਮਾਮਲਾ ਸਿੱਖ ਪੰਥ ਲਈ ਇਕ ਸੰਵੇਦਨਸ਼ੀਲ ਅਤੇ ਗੰਭੀਰ ਮਾਮਲਾ ਹੈ, ਜਿਸ ਪ੍ਰਤੀ ਨੇੜੇ ਭਵਿੱਖ ਵਿਚ ਕੇਂਦਰ ਖ਼ਿਲਾਫ਼ ਨਵੀਂ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਜਲਦੀ ਹੱਲ ਕੱਢਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਹੋਂਦ ਹਸਤੀ ਨੂੰ ਬਚਾਉਣ ਲਈ ਸਿੱਖ ਪੰਥ ਸੰਘਰਸ਼ ਵਿੱਢਣ ਤੋਂ ਗੁਰੇਜ਼ ਨਹੀਂ ਕਰੇਗਾ। ਅਦਾਲਤੀ ਪ੍ਰਕਿਰਿਆ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਅਦਾਲਤ ਨੂੰ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਨੂੰ ਸੰਵਿਧਾਨਕ ਮਾਨਤਾ ਪ੍ਰਾਪਤ ਹੈ।

ਉਨ੍ਹਾਂ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਮਰਿਆਦਾ ਨੂੰ ਕਾਇਮ ਰੱਖਦੇ ਹੋਏ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਪਾਸ ਕਰਕੇ ਪੂਰੇ ਦੇਸ਼ ਵਿਚ ਲਾਗੂ ਕਰਨ ਦੀ ਕੇਂਦਰ ਕੋਲ ਵਕਾਲਤ ਕੀਤੀ।



# ਸਿੰਘ ਸਭਾ ਲਹਿਰ : 1 ਅਕਤੂਬਰ 1873 ਦੇ ਸਥਾਪਨਾ 'ਤੇ ਵਿਸ਼ੇਸ਼

ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

# 'ਸਿੰਘ ਸਭਾ ਲਹਿਰ'

29 ਮਾਰਚ, 1849 ਨੂੰ ਪੰਜਾਬ 'ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ, ਅਕਾਲ ਤਖਤ ਸਾਹਿਬ, ਤਰਨ ਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਦਾ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘਟਣ ਲੱਗੀ। ਧਾਰਮਿਕ ਕਦਰਾਂ ਕੀਮਤਾਂ ਦਾ ਪਤਨ ਹੋਣ ਲੱਗਾ। ਸਿੱਖ ਮਰਯਾਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਅਤੇ ਮਹੰਤਾਂ ਨੂੰ ਅੰਗਰੇਜ਼ੀ ਸ਼ਹਿ ਸੀ ਜੋ ਗੁਰਧਾਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ, ਸਿੱਖਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਨ ਲਈ ਬਾਬਾ ਦਿਆਲ ਸਿੰਘ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ ਪਰ ਗੁਰੂ ਡੰਮ ਦਾ ਜ਼ੋਰ ਹੋਣ ਕਰ ਕੇ ਇਹ ਲਹਿਰ ਪੋਠੋਹਾਰ ਵਿਚ ਹੀ ਖਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ, ਜਿਨ੍ਹਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਲੋਕਾਂ ਨੂੰ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹੱਤਿਆ ਦੀ ਵਿਰੋਧੀ ਸੀ। ਜਨਵਰੀ 14-15 1872 ਨੂੰ ਮਲੇਰਕੋਟਲੇ ਵਿਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਦਿੱਤੇ। ਕੁਝ ਕੁ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰ੍ਹਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਕੇ ਰੰਗੂਨ ਭੇਜ ਦਿੱਤਾ, ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ। ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ੍ਹ ਲਏ। ਹਿੰਦੂ-ਮੁਸਲਮਾਨ ਵੀ ਆਪਣੇ ਪੈਰੋਕਾਰ ਬਣਾ ਲਏ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਅਤੇ ਸੰਤੋਖ ਸਿੰਘ ਨੇ ਇਸਾਈ ਬਣਨ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਨ੍ਹਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜੀ ਆਗੂਆਂ ਪੰਡਿਤ ਸ਼ਰਧਾ ਰਾਮ ਫਿਲੌਰੀ, ਗੁਰੂ ਦੱਤ, ਲੇਖ ਰਾਜ ਆਦਿ ਨੇ ਅੰਗਰੇਜ਼ੀ ਸ਼ਹਿ 'ਤੇ ਸਿੱਖ ਧਰਮ ਦੇ ਗੁਰੂਆਂ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 30 ਜੁਲਾਈ ਸੰਨ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਭਾਰੀ ਇਕੱਠ ਹੋਇਆ। ਗੁਰਦੁਆਰਿਆਂ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ, ਗਿਆਨੀ ਗਿਆਨ ਸਿੰਘ ਸਕੱਤਰ, ਸ. ਅਮਰ ਸਿੰਘ ਮੀਤ ਸਕੱਤਰ, ਭਾਈ ਧਰਮ ਸਿੰਘ ਜੀ ਮਜੀਠੇ ਬੂੰਗੇ ਖਜ਼ਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿਚ ਜੋ ਕੁਰੀਤੀਆਂ ਹਨ, ਉਨ੍ਹਾਂ ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਯਾਦਾ ਨੂੰ ਪੁਨਰ ਕਾਇਮ ਕਰਨਾ ਤੇ ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ। ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ। ਸਿੱਖ ਆਗੂਆਂ ਦੀ ਸਭਾ ਵਿਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ 'ਤੇ ਧਰਮ ਪ੍ਰਚਾਰ ਦਾ ਕੰਮ ਤੁਰਿਆ ਪਰ ਇਸ ਦੇ ਮੋਢੀ ਆਗੂਆਂ ਵਿਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿਚ ਵਿਸ਼ਵਾਸ਼ ਰੱਖਦੇ ਸਨ। ਸ. ਠਾਕੁਰ ਸਿੰਘ ਗਰਮ ਖਿਆਲੀਏ ਅਤੇ ਅੰਗਰੇਜ਼ ਸਰਕਾਰ ਡੇਗਣ ਦੇ ਜ਼ੋਰ ਵਿਚ ਸਨ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਾ। ਸਭਾ ਦਾ ਕੰਮ ਵੀ ਨਾ-ਮਾਤਰ ਜਿਹਾ ਹੋ ਗਿਆ।

ਸੰਨ 1876 ਵਿਚ ਭਾਈ ਗੁਰਮੁਖ ਸਿੰਘ ਜੀ ਨੇ ਆਪਣੀ ਸੂਝ ਅਤੇ ਲਗਨ ਨਾਲ ਸਭਾ ਵਿਚ ਨਵੀਂ ਜਾਨ ਪਾ ਦਿੱਤੀ। ਆਪਣੀ ਕਾਲਜ ਦੀ ਪੜ੍ਹਾਈ ਛੱਡ ਕੇ ਉਨ੍ਹਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ-

1. ਸਿੱਖ ਧਰਮ ਦੀ ਵਿਸਰੀ ਮਰਯਾਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ। ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨਾ।
2. ਸਿੱਖੀ ਤੋਂ ਦੂਰ ਜਾ ਕੇ ਜਿਊਣ ਵਾਲਿਆਂ ਨੂੰ ਮੋੜ ਲਿਆਉਣਾ।
3. ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ।
4. ਪੰਜਾਬੀ ਬੋਲੀ ਵਿਚ ਅਖ਼ਬਾਰ/ਰਸਾਲੇ ਛਾਪਣਾ।
5. ਵਿਦਿਅਕ ਅਦਾਰੇ ਤੇ ਸਰਕਾਰੀ ਅਫ਼ਸਰਾਂ ਨੂੰ ਸਭਾ ਨਾਲ ਜੋੜਨਾ।
6. ਸਿੱਖਾਂ ਨੂੰ ਅਧਿਆਤਮਕ, ਸਮਾਜਿਕ ਅਤੇ ਵਿਵਹਾਰਕ ਵਿਦਿਆ ਦੇ ਕੇ ਹਰ ਪੱਖ ਤੋਂ ਜਾਗ੍ਰਿਤ ਕਰਨਾ।
7. ਹਕੂਮਤ ਨਾਲ ਟਕਰਾਓ ਦੀ ਥਾਂ 'ਤੇ ਮਿਲ ਕੇ ਚੱਲਣਾ।

ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁੱਲ੍ਹਾ। ਡਾ. ਲਾਇਟਨਰ, ਭਾਈ ਆਇਆ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਰਕੇ ਸੰਨ 1877 ਵਿਚ ਕਾਲਜ ਵਿਚ ਪੰਜਾਬੀ ਪੜ੍ਹਾਈ ਜਾਣ ਲੱਗੀ। ਭਾਈ ਗੁਰਮੁਖ ਸਿੰਘ ਪ੍ਰੋਫੈਸਰ ਲੱਗੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣ ਕੀਤਾ। ਸਿੱਖ ਧਰਮ ਲਈ ਉਤਸ਼ਾਹਤ ਕੀਤਾ। ਧਾਰਮਿਕ ਵਿਸ਼ੇ 'ਤੇ ਪੁਸਤਕਾਂ ਵੀ ਲਿਖੀਆਂ। ਹੋਰ ਪ੍ਰਾਪਤੀਆਂ ਵਿੱਚ :-

1. ਪੱਤਰਕਾਰੀ ਵਿਚ ਕੰਮ ਕੀਤਾ ਤੇ ਸੰਨ 1880 ਵਿਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ ਜਿਸ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦੀਆਂ ਕਾਰਵਾਈਆਂ ਦਾ ਵੇਰਵਾ ਦਿੱਤਾ।
2. ਵਿਦਿਅਕ ਪੰਜਾਬ ਵਿਚ ਵਿਦਿਆ ਦਾ ਪ੍ਰਚਾਰ ਹੋਇਆ।
3. ਸੰਨ 1885 ਵਿਚ ਖ਼ਾਲਸਾ ਅਖ਼ਬਾਰ ਸ਼ੁਰੂ ਕੀਤਾ।
4. ਸੰਨ 1886 ਵਿਚ ਰਸਾਲਾ ਸੁਧਾਰਕ-ਗੁਰਮਤਿ ਦਾ ਪ੍ਰਚਾਰ ਹੋਇਆ।
5. ਸੰਨ 1886 ਵਿਚ ਹੀ ਖ਼ਾਲਸਾ ਗਜ਼ਟ ਜਿਸ ਵਿਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ। ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚੱਲਿਆ। ਮੰਜੀ ਸਾਹਿਬ ਦਰਬਾਰ ਸਾਹਿਬ ਵਿਖੇ ਇਕੱਤਰਤਾਵਾਂ ਹੋਣ ਲੱਗੀਆਂ। ਸਿੱਖ ਧਰਮ ਦੀ ਇਤਿਹਾਸਕ ਖੋਜ ਲਈ ਵਿਦਵਾਨ ਦੂਰ ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜੇ ਸਮੇਂ ਵਿਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਛਪਣ ਲੱਗੇ ਤੇ ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁਖ ਸਿੰਘ ਜੀ ਦੇ ਯਤਨਾਂ ਨਾਲ ਸ. ਠਾਕੁਰ ਸਿੰਘ ਸੰਧਾਵਾਲੀਆਂ ਅਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਦਿੱਤਾ, ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧਣ ਲੱਗੀ। ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1879 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। ਨਵੰਬਰ 12/1879 ਈ. ਨੂੰ ਇਕ ਇਕੱਤਰਤਾ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈ ਜਿੱਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਸਭਾ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁਖ ਸਿੰਘ ਨੇ ਸੰਨ 1880 ਵਿਚ ਲਾਹੌਰ ਤੋਂ ਸਪਤਾਹਿਕ ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਜਿਸ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ ਕੋਨੇ 'ਚ ਜਾਣ ਲੱਗਾ। ਭਾਈ ਗੁਰਮੁਖ ਸਿੰਘ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ, ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿਚ ਜਿੱਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਿੰਘ ਸਭਾਵਾਂ ਬਣਨ ਲੱਗੀਆਂ ਅਤੇ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇਕ ਹੀ ਸੀ ਪਰ ਫਿਰ ਵੀ ਮੋਢੀਆਂ ਵਿਚ ਮੱਤਭੇਦ ਪੈਦਾ ਹੋ ਗਿਆ। ਫਿਰ ਵੱਖ-ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1880 ਵਿਚ ਜਿੱਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੇ ਸੁਧਾਰ ਸੰਭਾਲ ਲਈ ਪੁਜਾਰੀਆਂ ਦਾ ਵੀ ਸੁਧਾਰ ਕਰਨਾ ਸੀ ਜੋ ਮਰਯਾਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਹਿਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿਚ ਬਹੁ-ਗਿਣਤੀ ਪੁਜਾਰੀਆਂ, ਸੋਢੀਆਂ, ਬੇਦੀ, ਬਾਵਿਆਂ ਦੀ ਸੀ, ਜੋ ਇਸ ਦੇ ਵਿਰੋਧੀ ਸਨ।

ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇਕ ਵੱਡੀ ਸਭਾ ਕਾਇਮ ਕੀਤੀ ਗਈ ਜਿਸ ਦੇ ਵੀ ਕਾਰਗਾਰ ਨਤੀਜੇ ਨਾ ਨਿਕਲੇ। ਸੰਨ 1882 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਹੇਠ 'ਪੰਜਾਬੀ ਪ੍ਰਚਾਰਨੀ ਸਭਾ' ਬਣਾਈ ਗਈ। ਜਿਸ ਵਿਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸ. ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਇਸ ਤੋਂ ਵੱਖ ਹੋ ਕੇ ਭਾਈ ਗੁਰਮੁਖ ਸਿੰਘ ਜੀ ਨਾਲ ਆਣ ਰਲੇ। ਜਿਨ੍ਹਾਂ ਨੇ ਸਭਾ ਦੀ ਉਨਤੀ ਲਈ ਅਤੇ ਗੁਰਮਤਿ ਦੇ ਪ੍ਰਚਾਰ ਦਾ ਬਹੁਤ ਕੰਮ ਕੀਤਾ ਪਰ ਸਮੱਸਿਆ ਫਿਰ ਵੀ ਹੱਲ ਨਾ ਹੋਈ। ਸੰਨ 1883 ਵਿਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀਂ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ 'ਖ਼ਾਲਸਾ ਦੀਵਾਨ ਅੰਮ੍ਰਿਤਸਰ' ਬਣਾ ਦਿੱਤਾ ਗਿਆ। ਭਾਵੇਂ ਸਿੰਘ ਸਭਾ ਦਾ ਆਪਸੀ ਤਾਲਮੇਲ ਨਾ ਬਣ ਸਕਿਆ ਪਰ ਸਿੱਖ ਪੰਥ ਵਿਚ ਨਵਾਂ ਜੋਸ਼ ਅਤੇ ਮਰਯਾਦਾ ਕਾਇਮ ਕਰਨ ਵਿਚ ਜੋ ਹੁਲਾਰਾ ਮਿਲਿਆ ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

ਅੰਤਿਕਾ : ਇਸ ਜਾਰੀ ਸਫ਼ਰ ਵਿਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤੱਕ ਅਪੜੇ। ਜਿਵੇਂ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ ਬਾਅਦ ਖ਼ਾਲਸਾ ਦੀਵਾਨ ਲਾਹੌਰ, ਚੀਫ਼ ਖ਼ਾਲਸਾ ਦੀਵਾਨ, ਅਕਾਲੀ ਲਹਿਰ ਨੇ ਗੁਰਧਾਮਾਂ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਸਾਕੇ ਵਾਪਰੇ, ਅਣਮਨੁੱਖੀ ਤਸ਼ੱਦਦ ਸਹੇ, ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿਚ ਕਾਇਮ ਰੱਖਿਆ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੇਠ ਆ ਗਿਆ। ਇਹ ਇਕ ਲੰਬਾ ਇਤਿਹਾਸ ਵਾਚਣਯੋਗ ਹੈ।

## ਖੇਡ ਸੰਸਾਰ

# ਪੈਰਾ ਪਾਵਰਲਿਫ਼ਟਰ ਮਨਪ੍ਰੀਤ ਕੌਰ

ਗੁਰਤੇਜ ਸਿੰਘ



ਮਨਪ੍ਰੀਤ ਕੌਰ ਦਾ ਜਨਮ 17 ਜਨਵਰੀ, 1987 ਨੂੰ ਮਾਤਾ ਮੂਰਤੀ ਤੇ ਪਿਤਾ ਮਹਿੰਦਰਪਾਲ ਸਿੰਘ ਦੇ ਘਰ ਪਿੰਡ ਤੇ ਡਾ. ਅੰਬੇਡਕਰ ਨਗਰ (ਢੱਡੇ) ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਮਨਪ੍ਰੀਤ ਕੌਰ ਮਹਿਜ਼ 6 ਸਾਲਾਂ ਦੀ ਸੀ ਕਿ ਉਹ ਪੋਲੀਓ ਦੀ ਬਿਮਾਰੀ ਦਾ ਸ਼ਿਕਾਰ ਹੋ ਗਈ ਅਤੇ ਬਚਪਨ ਵਿਚ ਹੱਸਦੀ ਖੇਡਦੀ ਮਨਪ੍ਰੀਤ ਕੌਰ ਤੁਰ ਸਕਣ ਤੋਂ ਵੀ ਅਸਮਰੱਥ ਹੋ ਗਈ, ਕਿਉਂਕਿ ਉਸ ਦੀਆਂ ਦੋਵੇਂ ਲੱਤਾਂ ਪੋਲੀਓ ਨਾਲ ਜਕੜੀਆਂ ਗਈਆਂ। ਲੰਮੇ ਸੰਘਰਸ਼ਾਂ ਵਿਚ ਦੀ ਗੁਜ਼ਰਦੀ ਅਤੇ ਅਪਾਹਜ ਹੋਣ ਦਾ ਸਰਾਪ ਲੈ ਕੇ ਚੱਲਦੀ ਤਾਂ ਗਈ ਪਰ ਹਿੰਮਤ ਨਾ ਹਾਰੀ ਅਤੇ ਫਗਵਾੜਾ ਦੇ ਕਮਲਾ ਨਹਿਰੂ ਕਾਲਜ ਤੋਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਬੀ. ਐੱਡ ਕਰ ਗਈ। ਪ੍ਰੋਫ਼ੈਸਰ ਮਨਜੀਤ ਸਿੰਘ ਨੇ ਮਨਪ੍ਰੀਤ ਕੌਰ ਨੂੰ ਪੈਰਾ ਖੇਡਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਆ ਅਤੇ ਨਾਲ ਹੀ ਪਿੰਡ ਗੋਹਾਵਰ ਵਿਖੇ ਪੈਰਾ ਅਕੈਡਮੀ ਚਲਾ ਰਹੇ ਕੋਚ ਪਰਵਿੰਦਰ ਸਿੰਘ ਨਾਲ ਮਿਲਵਾ ਦਿੱਤਾ ਇਸ ਤਰ੍ਹਾਂ ਮਨਪ੍ਰੀਤ ਦਾ ਖੇਡਾਂ ਦਾ ਸਫ਼ਰ ਸ਼ੁਰੂ ਹੋਇਆ ਅਤੇ ਉਹ ਕੋਚ ਪਰਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਪੈਰਾ ਪਾਵਰਲਿਫ਼ਟਿੰਗ ਕਰਨ ਲੱਗੀ ਅਤੇ ਇਸ ਖੇਤਰ ਵਿਚ ਪ੍ਰਾਪਤੀਆਂ ਵੀ ਕਰਨ ਲੱਗੀ। ਇਸ ਮਾਣਮੱਤੀ ਧੀ ਨੇ ਹੁਣ ਤੱਕ ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਹੋਈਆਂ ਕੌਮੀ ਪੱਧਰ ਦੀਆਂ ਖੇਡਾਂ ਵਿਚ ਪੈਰਾ ਪਾਵਰਲਿਫ਼ਟਿੰਗ ਵਿਚ 7 ਵਾਰ ਪਹਿਲੀ ਪੁਜ਼ੀਸ਼ਨ ਹਾਸਲ ਕਰ ਕੇ ਚੈਂਪੀਅਨਸ਼ਿਪ ਆਪਣੇ ਨਾਂਅ ਕੀਤੀ ਹੈ। ਜੇਕਰ ਉਸ ਦੇ ਅੰਤਰਰਾਸ਼ਟਰੀ ਕਰੀਅਰ ਦੀ ਗੱਲ ਕੀਤੀ ਜਾਵੇ ਤਾਂ ਉਹ ਕਜਾਕਿਸਤਾਨ ਦੇ ਸ਼ਹਿਰ ਅਲਮੈਟੀ ਵਿਚ ਹੋਈ ਪੈਰਾ ਏਸ਼ੀਆ ਚੈਂਪੀਅਨਸ਼ਿਪ ਵਿਚ ਵੀ ਹਿੱਸਾ ਲੈ ਚੁੱਕੀ ਹੈ ਅਤੇ ਹੁਣੇ-ਹੁਣੇ ਲੰਡਨ ਵਿਚ ਹੋਈਆਂ ਕਾਮਨਵੈਲਥ ਖੇਡਾਂ ਵਿਚ ਮਨਪ੍ਰੀਤ ਕੌਰ ਨੇ ਚੌਥੀ ਪੁਜ਼ੀਸ਼ਨ ਹਾਸਲ ਕਰ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਦਿਨ ਦੂਰ ਨਹੀਂ ਜਲਦ ਹੀ ਦੇਸ਼ ਲਈ ਸੋਨ ਤਮਗ਼ਾ ਲੈ ਕੇ ਆਵੇਗੀ। ਅੱਜ ਕੱਲ੍ਹ ਉਹ ਅੰਤਰਰਾਸ਼ਟਰੀ ਸਾਬਕਾ ਖਿਡਾਰੀ ਕੋਚ ਰਜਿੰਦਰ ਸਿੰਘ ਰਹੇਲੂ ਦੀ ਅਗਵਾਈ ਵਿਚ ਗੁਜਰਾਤ ਸਾਈ ਸਪੋਰਟਸ ਅਥਾਰਟੀ ਆਫ਼ ਇੰਡੀਆ ਵਲੋਂ ਲੱਗੇ ਗਾਂਧੀ ਨਗਰ ਕੈਂਪ ਵਿਚ ਅੰਤਰਰਾਸ਼ਟਰੀ ਪੱਧਰ ਦੀ ਤਿਆਰੀ ਕਰ ਰਹੀ ਹੈ ਕਿਉਂਕਿ ਏਸ਼ੀਆ ਖੇਡਾਂ ਵਿਚ ਤਮਗ਼ਾ ਜਿੱਤਣ ਤੋਂ ਬਾਅਦ ਸਾਈ ਸਪੋਰਟਸ ਅਥਾਰਟੀ ਨੇ ਉਸ ਨੂੰ ਪੱਕੇ ਤੌਰ 'ਤੇ ਲੈ ਕੇ ਤਿਆਰੀ ਕਰਵਾਉਣੀ ਸ਼ੁਰੂ ਕਰ ਦਿੱਤੀ ਸੀ। ਮਨਪ੍ਰੀਤ ਕੌਰ ਨੇ ਪੰਜਾਬ ਦੇ ਮੁੱਖ ਮੰਤਰੀ 'ਤੇ ਗਿਲਾ ਕਰਦਿਆਂ ਕਿਹਾ ਕਿ ਕਾਮਨਵੈਲਥ ਖੇਡਾਂ ਵਿਚ ਵੀ ਪੰਜਾਬ ਦੇ ਪੈਰਾ-ਖਿਡਾਰੀ ਆਪਣਾ ਸਫਲ ਪ੍ਰਦਰਸ਼ਨ ਕਰ ਕੇ ਆਏ ਹਨ, ਜਦਕਿ ਹੋਰਾਂ ਖਿਡਾਰੀਆਂ ਨੂੰ ਤਾਂ ਇਨਾਮ ਅਤੇ ਸਨਮਾਨ ਦੇ ਦਿੱਤਾ ਪਰ ਪੈਰਾ-ਖਿਡਾਰੀਆਂ ਨੂੰ ਮਨੋ ਵਿਸਾਰ ਦਿੱਤਾ ਪਰ ਫਿਰ ਵੀ ਉਸ ਨੂੰ ਆਸ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਦਾ ਬਣਦਾ ਮੁੱਲ ਪਾਵੇਗੀ।

Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਾਮਰਸ ਅਤੇ ਆਨਲਾਈਨ ਸਟੋਰਜ਼ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
Mob.: +91-8437636421
webmediaart24@gmail.com
www, webmediaart.com



# ਅਜਨਬੀ

ਭਾਗ -7

## ਅਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਫੇਰ ਕੰਧ ਉੱਤੇ ਹੌਲੀ-ਹੌਲੀ ਹੱਥ ਫੇਰਦਾ ਹੋਇਆ ਪੁੱਛਣ ਲੱਗਾ, 'ਸੱਚਮੁੱਚ, ਇਨ੍ਹਾਂ ਭੌਤਿਕ ਪਦਾਰਥਾਂ ਨਾਲ ਤੈਨੂੰ ਏਨਾ ਮੋਹ ਏ ?'

ਮੈਂ ਕੋਈ ਜਵਾਬ ਨਹੀਂ ਦਿੱਤਾ।

ਉਹ ਕਾਫੀ ਦੇਰ ਤੀਕ ਮੇਰੇ ਵੱਲ ਦੇਖਦਾ ਰਿਹਾ। ਮੈਂ ਨਜ਼ਰਾਂ ਬਚਾਉਂਦਾ ਰਿਹਾ। ਉਸਦਾ ਇੱਥੇ ਹੋਣਾ ਹੁਣ ਮੈਨੂੰ ਤਕਲੀਫ਼ ਦੇ ਰਿਹਾ ਸੀ ਤੇ ਬੜਾ ਅਸਹਿ ਹੁੰਦਾ ਜਾ ਰਿਹਾ ਸੀ-ਤੇ ਮੈਂ ਉਸਨੂੰ ਕਹਿਣ ਈ ਲੱਗਾ ਸੀ ਕਿ 'ਤੁਸੀਂ ਹੁਣ ਤਸ਼ਰੀਫ਼ ਲੈ ਜਾਓ। ਮੈਨੂੰ ਬਖ਼ਸ਼ੋ', ਕਿ ਅਚਾਨਕ ਉਹ ਝੱਟਕੇ ਨਾਲ ਮੇਰੇ ਵੱਲ ਭੌਂ ਪਿਆ ਤੇ ਤਿੱਖੀ, ਰੋਹੀਲੀ ਆਵਾਜ਼ ਵਿਚ ਬੋਲਿਆ, 'ਨਈਂ...ਨਈਂ...ਮੈਨੂੰ ਵਿਸ਼ਵਾਸ ਨਹੀਂ ਆਉਂਦਾ ਪਿਆ। ਮੈਂ ਖ਼ੂਬ ਜਾਣਦਾ ਆਂ ਕਿ ਅਕਸਰ ਤੇਰੇ ਮਨ ਵਿਚ ਪੁਨਰ-ਜਨਮ ਦੀ ਕਾਮਨਾ ਹੋਈ ਏ।'

'ਜ਼ਰੂਰ ਕਾਮਨਾ ਹੋਈ ਏ।' ਮੈਂ ਕਿਹਾ, 'ਕਦੀ-ਕਦੀ ਹਰ ਆਦਮੀ ਦੇ ਮਨ ਵਿਚ ਅਜਿਹੀ ਕਾਮਨਾ ਜਾਗਦੀ ਏ। ਪਰ ਇਸ ਤੋਂ ਕੁਝ ਸਿੱਧ ਨਹੀਂ ਹੁੰਦਾ। ਵੈਸੇ ਆਦਮੀ ਧਨਵਾਨ ਹੋਣ ਦੀ ਕਾਮਨਾ ਕਰਦਾ ਏ, ਸਪੀਡ ਨਾਲ ਤੈਰਨ ਦੀ ਕਾਮਨਾ ਕਰਦਾ ਏ ਜਾਂ ਹੋਰ ਵੀ ਸੁਡੌਲ ਚਿਹਰੇ ਦੀ ਕਾਮਨਾ ਕਰਦਾ ਏ-ਠੀਕ ਉਸੇ ਤਰ੍ਹਾਂ ਦੀ ਕਾਮਨਾ ਇਹ ਵੀ ਏ।' ਮੈਂ ਇਸੇ ਰੌਅ ਵਿਚ ਕੁਝ ਹੋਰ ਬੋਲਦਾ ਕਿ ਉਸਨੇ ਵਿਚਕਾਰ ਈ ਸਵਾਲ ਕੀਤਾ ਕਿ ਮਰਨ ਪਿੱਛੋਂ ਮੈਂ ਕਿਸ ਤਰ੍ਹਾਂ ਦੇ ਜੀਵਨ ਦੀ ਕਾਮਨਾ ਕਰਦਾ ਹਾਂ ?

ਮੈਂ ਇਕ ਤਰ੍ਹਾਂ ਨਾਲ ਦਹਾੜ ਕੇ ਈ ਕਿਹਾ, 'ਅਜਿਹੇ ਜੀਵਨ ਦੀ, ਜਿੱਥੇ ਇਸ ਧਰਤੀ ਦੇ ਜੀਵਨ ਦੀ ਯਾਦ ਸਲਾਮਤ ਰਹੇ। ਬਸ, ਮੈਨੂੰ ਹੋਰ ਕੁਝ ਨਈਂ ਚਾਹੀਦਾ।' ਤੇ ਇਸ ਗੱਲ ਦੇ ਨਾਲ ਇਕੋ ਸਾਹ ਵਿਚ ਮੈਂ ਇਹ ਵੀ ਕਹਿ ਦਿੱਤਾ, 'ਬਸ, ਹੁਣ ਤੁਹਾਡੇ ਸਤਸੰਗ ਨਾਲ ਮੇਰਾ ਢਿੱਡ ਭਰ ਗਿਆ।'

ਪਰ ਲੱਗਿਆ ਕਿ ਉਸਨੇ ਤਾਂ 'ਈਸ਼ਵਰ' ਦੇ ਵਿਸ਼ੇ ਉੱਤੇ ਕੁਝ ਹੋਰ ਪ੍ਰਵਚਨ ਵੀ ਕਰਨੇ ਸਨ। ਮੈਂ ਯਕਦਮ ਉਸਦੇ ਕੋਲ ਜਾ ਪਹੁੰਚਿਆ ਤੇ ਆਖ਼ਰੀ ਵਾਰ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਾ ਕਿ ਮੇਰੇ ਕੋਲ ਹੁਣ ਸਮਾਂ ਨਹੀਂ ਏ ਤੇ ਜਿਹੜਾ ਥੋੜ੍ਹਾ-ਬਹੁਤ ਸਮਾਂ ਹੈ ਵੀ, ਉਸਨੂੰ ਮੈਂ ਈਸ਼ਵਰ-ਵੀਸ਼ਵਰ ਲਈ ਬਰਬਾਦ ਨਹੀਂ ਕਰਨਾ ਚਾਹੁੰਦਾ।

ਹੁਣ ਉਸਨੇ ਗੱਲ ਬਦਲਣ ਦੀ ਕੋਸ਼ਿਸ਼ ਕੀਤੀ। ਪੁੱਛਿਆ ਕਿ ਇਹ ਦੇਖ ਕੇ ਵੀ ਕਿ ਉਹ ਪਾਦਰੀ ਏ, ਮੈਂ ਉਸਨੂੰ 'ਫਾਦਰ' ਕਹਿ ਕੇ ਕਿਉਂ ਨਹੀਂ ਬੁਲਾਇਆ ? ਇਸ 'ਤੇ ਤਾਂ ਮੈਂ ਹੋਰ ਵੀ ਹਿਰਖ ਗਿਆ। ਕਿਹਾ, 'ਤੂੰ ਮੇਰਾ 'ਫਾਦਰ' ਕਿੰਜ ਹੋ ਗਿਆ ? ਉਲਟਾ ਤੂੰ ਤਾਂ ਦੁਸ਼ਮਣਾਂ ਨਾਲ ਮਿਲਿਆ ਹੋਇਆ ਏਂ।'

ਉਹ ਮੇਰੇ ਮੋਢੇ 'ਤੇ ਹੱਥ ਰੱਖ ਕੇ ਬੋਲਿਆ, 'ਨਈਂ-ਨਈਂ ਬੇਟਾ, ਮੈਂ ਤਾਂ ਤੇਰੇ ਪਾਸੇ ਈ ਆਂ। ਤੂੰ ਸਮਝਦਾ ਈ ਨਈਂ ਤਾਂ ਮੈਂ ਕੀ ਕਰਾਂ ? ਤੇਰਾ ਦਿਲ ਪਥਰਾਅ ਗਿਆ ਏ। ਖ਼ੈਰ, ਮੈਂ ਤੇਰੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕਰਾਂਗਾ।'

ਤੇ ਉਸਦਾ ਏਨਾ ਕਹਿਣਾ ਸੀ ਕਿ ਯਕਦਮ ਈ ਮੈਨੂੰ ਪਤਾ ਨਹੀਂ ਕੀ ਹੋਇਆ ਕਿ ਮੈਨੂੰ ਲੱਗਿਆ, ਮੇਰੇ ਅੰਦਰ ਭਿਅੰਕਰ ਧਮਾਕਾ ਹੋਇਆ ਏ। ਮੈਂ ਚੀਕਣਾ-ਕੂਕਣਾ, ਬਕਨਾ ਸ਼ੁਰੂ ਕਰ ਦਿੱਤਾ। ਉਸ ਉੱਤੇ ਅੰਨ੍ਹੇਵਾਹ ਗਾਲ੍ਹਾਂ ਦੀ ਵਾਛੜ ਕਰ ਦਿੱਤੀ ਤੇ ਕਹਿ ਦਿੱਤਾ ਕਿ ਉਸਨੂੰ ਮੇਰੇ ਲਈ ਕੋਈ ਪ੍ਰਾਰਥਨਾ-ਪ੍ਰੂਰਥਨਾ ਕਰਨ ਦੀ ਕਤਈ ਲੋੜ ਨਹੀਂ। 'ਜਿੰਨੀ ਛੇਤੀ ਹੋ ਸਕੇ ਇੱਥੋਂ ਦਫ਼ਾ ਹੋ ਜਾ।' ਝਪਟ ਕੇ ਮੈਂ ਉਸਦੇ ਲਿਬਾਦੇ ਦਾ ਗਲਮਾਂ ਜਾ ਫੜਿਆ ਤੇ ਪਤਾ ਨਹੀਂ ਕਿਸ ਹਿਰਖ ਤੇ ਜਨੂੰਨ ਵੱਸ ਅੰਨ੍ਹਾਂ ਹੋ ਕੇ ਮਨ ਵਿਚ ਭੌਂਦੀਆਂ ਕਹੀਆਂ-ਅਣਕਹੀਆਂ ਸਾਰੀਆਂ ਗੱਲਾਂ ਉਸਨੂੰ ਕਹਿ ਦਿੱਤੀਆਂ ਕਿ ਉਸਨੂੰ ਜੇ ਏਨਾ ਈ ਅਟੱਲ-ਅਡੋਲ ਵਿਸ਼ਵਾਸ ਏ ਤਾਂ ਆਪਣੇ ਕੋਲ ਰੱਖੀ ਰੱਖੇ। ਉਸਦੀਆਂ ਸਾਰੀਆਂ ਮਾਨਤਾਵਾਂ ਦਾ ਮੁੱਲ ਮੇਰੇ ਲਈ ਕਾਣੀ ਕੌਡੀ ਨਾਲੋਂ ਵੱਧ ਨਹੀਂ। ਕਹਿਣ ਨੂੰ ਤਾਂ ਉਹ ਭਲ਼ੇ ਈ ਆਪਣੇ-ਆਪ ਨੂੰ ਜਿਊਂਦਾ ਸਮਝਦਾ ਰਹੇ, ਪਰ ਅਸਲ ਵਿਚ ਮਰੇ ਨਾਲੋਂ ਵੀ ਗਿਆ ਬੀਤਿਆ ਏ। ਉਸਨੂੰ ਖ਼ੁਦ ਆਪਣੇ ਜਿਊਣ 'ਤੇ ਵਿਸ਼ਵਾਸ ਨਹੀਂ ਏ। ਉਪਰੋਂ ਦੇਖਣ ਨਾਲ ਮੇਰੇ ਵਿਚ ਕੁਝ ਵੀ ਨਾ ਬਚਿਆ ਹੋਏ, ਇਹ ਗੱਲ ਹੋਰ ਏ। ਪਰ ਮੈਂ ਆਪਣੇ ਬਾਰੇ ਵਿਚ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਜਿਉਂਦਾ ਹਾਂ...ਘੱਟੋ-ਘੱਟ, ਉਸ ਨਾਲੋਂ ਵਧੇਰੇ ਵਿਸ਼ਵਾਸ ਨਾਲ ਜਾਣਦਾ ਹਾਂ, ਆਪਣੀ ਵਰਤਮਾਨ ਜ਼ਿੰਦਗੀ ਤੇ ਮੌਤ ਦਾ ਪਤਾ ਮੈਨੂੰ ਉਸ ਨਾਲੋਂ ਲੱਖ ਗੁਣਾ ਵੱਧ ਚੰਗੀ ਤਰ੍ਹਾਂ ਏ। ਉਹ ਕੀ ਜਾਣੇ ? ਬੇਸ਼ੱਕ ਮੇਰੀ ਪੂੰਜੀ ਏਨੀ ਕੁ ਏ, ਪਰ ਮੇਰੇ ਲਈ ਇਹ ਸੱਚਾਈ ਘੱਟੋ-ਘੱਟ ਏਨੀ ਸਪੱਸ਼ਟ ਤੇ ਠੋਸ ਤਾਂ ਐ ਕਿ ਮੈਂ ਇਸਨੂੰ ਛੂਹ ਸਕਦਾਂ, ਦੇਖ ਸਕਦਾਂ ਤੇ ਉਸ ਵਿਚ ਉਸੇ ਤਰ੍ਹਾਂ ਦੰਦ ਗੱਡ ਸਕਦਾਂ, ਜਿਵੇਂ ਇਸ ਸੱਚਾਈ ਨੇ ਮੇਰੀ ਚੇਤਨਾ ਵਿਚ ਦੰਦ ਗੱਡੇ ਹੋਏ ਨੇ। ਮੈਂ ਕਦੀ ਗ਼ਲਤੀ ਨਹੀਂ ਕੀਤੀ, ਅੱਜ ਵੀ ਸਹੀ ਹਾਂ ਤੇ ਹਮੇਸ਼ਾ ਸਹੀ ਰਹਾਂਗਾ। ਮੈਂ ਇਕ ਖਾਸ ਢੰਗ ਦੀ ਜ਼ਿੰਦਗੀ ਬਿਤਾਈ ਏ, ਚਾਹੁੰਦਾ ਤਾਂ ਦੂਜੀ ਤਰ੍ਹਾਂ ਵੀ ਬਿਤਾ ਸਕਦਾ ਸੀ। ਮੇਰਾ ਹੱਥ ਕਿਸਨੇ ਫੜ੍ਹਿਆ ਸੀ ? ਜਿੱਥੇ ਜੋ ਠੀਕ ਸਮਝਿਆ ਉਹੀ ਕੀਤਾ, ਉਸਦੇ ਇਲਾਵਾ ਕੁਝ ਨਹੀਂ ਕੀਤਾ, ਯਾਨੀ ਹੁਣ ਇਸਦਾ ਮਤਲਬ ਵੀ ਸਾਫ਼ ਕਰਾਂ ? ਮਤਲਬ ਇਹ ਹੋਇਆ ਕਿ ਇਸ ਸਾਰੇ ਸਮੇਂ ਵਿਚ ਇਕ-ਇਕ ਦਿਨ ਅੱਜ ਦੇ ਇਸ ਛਿਣ ਦੀ ਉਡੀਕ ਕਰਦਾ ਰਿਹਾਂ। ਉਹ ਕਲ੍ਹ ਹੋਵੇ ਜਾਂ ਹੋਰ ਕਿਸੇ ਦਿਨ, ਪਰ ਮੈਂ ਹਰ ਤੜਕੇ ਉਸ ਛਿਣ ਦੀ ਉਡੀਕ ਕੀਤੀ ਏ ਜਿਹੜਾ ਮੇਰੀ ਸਾਰੀ ਜ਼ਿੰਦਗੀ ਦੀ ਸਾਰਥਕਤਾ, ਮੇਰੇ ਜੀਵਨ ਦੇ ਰਵੱਈਏ ਦੀ ਸੱਚਾਈ ਸਿੱਧ ਕਰ ਦਵੇਗਾ। ਕਿਸੇ ਹੋਰ ਚੀਜ਼ ਦਾ, ਕਿਸੇ ਹੋਰ ਗੱਲ ਦਾ ਮੇਰੀ ਨਜ਼ਰ ਵਿਚ ਕਦੀ ਭੋਰਾ ਵੀ ਮੁੱਲ ਨਹੀਂ ਰਿਹਾ, ਤੇ ਕਿਉਂ ਨਹੀਂ ਰਿਹਾ, ਇਸ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਪਾਦਰੀ ਖ਼ੁਦ ਵੀ ਚੰਗੀ ਤਰ੍ਹਾਂ ਜਾਣਦਾ ਏ। ਭਵਿੱਖ ਦੇ ਹਨੇਰੇ-ਦਿਸਹੱਦੇ ਵੱਲੋਂ ਇਕ ਅਜੀਬ ਨਿੰਮ੍ਹੀ-ਨਿੰਮ੍ਹੀ ਹਠੀ ਹਵਾ ਲਗਾਤਾਰ, ਬਿਨਾਂ ਰੁਕੇ, ਮੇਰੇ ਵੱਲ ਵਗਦੀ ਰਹੀ ਏ-ਵਹਿੰਦੀ ਰਹੀ ਏ, ਆਉਣ ਵਾਲੇ ਵਰ੍ਹਿਆਂ ਦੇ ਝੁਰਮੁਟਾਂ 'ਚੋਂ ਛਣ-ਛਣ ਕੇ ਮੇਰੇ ਸਾਰੇ ਜੀਵਨ ਦੇ ਵਿਸਥਾਰ ਉੱਤੇ। ਪਤਾ ਨਹੀਂ ਕਿੰਨੇ-ਕਿੰਨੇ ਖੋਟੇ ਆਦਰਸ਼ਾਂ ਦੇ ਸਿੱਕੇ ਲੋਕਾਂ ਨੇ ਮੈਨੂੰ ਫੜਾਏ, ਮੈਂ ਖ਼ੁਦ ਵੀ ਤਾਂ ਉਹਨੀਂ ਦਿਨੀਂ ਓਹੋ-ਜਿਹੀ ਨਕਲੀ ਤੇ ਝੂਠੀ ਜ਼ਿੰਦਗੀ ਬਿਤਾਈ ਏ, ਪਰ ਸਾਹਮਣੇ ਵੱਲੋਂ ਆਉਣ ਵਾਲੀ ਹਵਾ ਦੇ ਇਸ ਪ੍ਰਵਾਹ ਨੇ, ਝੂਠੇ ਆਦਰਸ਼ਾਂ ਤੇ ਨਕਲੀ ਜ਼ਿੰਦਗੀ ਦਾ ਸਾਰਾ ਕੂੜਾ-ਕਚਰਾ ਬੁਹਾਰ ਦਿੱਤਾ ਏ। ਦੂਜਿਆਂ ਦੀ ਮੌਤ, ਮਾਂ ਦਾ ਪਿਆਰ ਜਾਂ ਪਾਦਰੀ ਦੇ ਈਸ਼ਵਰ ਦੀ ਕਿਰਪਾ ਦੀ ਮੇਰੇ ਲਈ ਕੀ ਗਿਣਤੀ ? ਕੋਈ ਕਿਹੋ-ਜਿਹੀ ਵੀ ਜ਼ਿੰਦਗੀ ਚੁਣੇ, ਮੈਨੂੰ ਕੀ ? ਇਹ ਸਿਰਫ਼, ਇਕ-ਅਜਿਹਾ ਘੜਿਆ-ਘੜਾਇਆ ਨਜ਼ਾਮ ਏਂ ਜਿਹੜਾ ਇਕ ਮੈਨੂੰ ਈ ਨਹੀਂ, ਪਾਦਰੀ ਵਾਂਗ ਮੇਰਾ ਭਰਾ ਬਣਨ ਵਾਲੇ ਲੱਖਾਂ-ਲੱਖਾਂ 'ਕਿਸਮਤਵਰ' ਲੋਕਾਂ ਨੂੰ 'ਛਾਂਟ' ਲੈਂਦਾ ਏ ਤੇ ਇਸ ਤਰ੍ਹਾਂ ਉਹ ਛਾਂਟੇ ਜਾਣ ਲਈ ਮਜ਼ਬੂਰ ਹੁੰਦੇ ਨੇ। ਪਰ ਦੁਖਾਂਤ ਦੇਖੋ, ਅਸੀਂ ਸਮਝਦੇ ਹਾਂ ਆਪਣੀ ਕਿਸਮਤ ਦੀ ਚੋਣ ਅਸੀਂ ਖ਼ੁਦ ਕਰਦੇ ਹਾਂ, ਜ਼ਿੰਦਗੀ ਜਿਊਣ ਦਾ ਫ਼ੈਸਲਾ ਅਸੀਂ ਕਰ ਰਹੇ ਹਾਂ-ਇਹ ਸਾਰੀਆਂ ਗੱਲਾਂ ਮੇਰੇ ਲਈ ਬਕਵਾਸ ਨੇ। ਹਾਂ-ਹਾਂ, ਉਹ ਖ਼ੁਦ ਈ ਦੇਖ ਲੈਣ ਨਾ ! ਹਰ ਜਿਊਂਦਾ ਜਾਗਦਾ ਆਦਮੀ ਇਨ੍ਹਾਂ ਅਰਥਾਂ ਵਿਚ ਤਾਂ 'ਕਿਸਮਤ ਵਾਲਾ' ਏ। ਧਰਤੀ 'ਤੇ ਸਿਰਫ਼ ਇਕ ਵਰਗ ਦੇ ਲੋਕ ਰਹਿੰਦੇ ਨੇ, 'ਕਿਸਮਤਵਰ' ਵਰਗ ਦੇ ਲੋਕ...ਤੇ ਇਕ ਦਿਨ ਸਭ ਨੂੰ ਇਕ ਸਿਰੇ ਤੋਂ ਫੜ ਕੇ ਫਾਂਸੀ ਤੇ ਲਟਕਾ ਦਿੱਤਾ ਜਾਵੇਗਾ...ਘਬਰਾਉਣ ਵਾਲੀ ਗੱਲ ਨਹੀਂ, ਇਕ ਦਿਨ ਉਸਦਾ ਵੀ ਨੰਬਰ ਆਵੇਗਾ। ਅੱਛਾ, ਜਦੋਂ ਸਾਰਿਆਂ ਦਾ ਇਹੋ ਹਸ਼ਰ ਹੋਣਾ ਏ ਤਾਂ ਇਸ ਨਾਲ ਉਸਨੂੰ ਕੀ ਕਿ ਉਸ ਉੱਤੇ ਮੁਕੱਦਮਾ ਹੱਤਿਆ ਦਾ ਚੱਲੇ ਤੇ ਫਾਂਸੀ ਇਸ ਲਈ ਹੋ ਜਾਵੇ ਕਿ ਇਹ ਮਾਂ ਦੀ ਅੰਤੇਸ਼ਟੀ 'ਤੇ ਰੋਇਆ ਨਹੀਂ ? ਸਲਾਮਾਨੋ ਦੀ ਘਰਵਾਰੀ, ਤੇ ਸਲਾਮਾਨੋ ਦੇ ਕੁੱਤੇ ਦਾ ਵੀ ਇਹੋ ਹਸ਼ਰ ਹੋਵੇਗਾ। ਇਸ ਨਜ਼ਰੀਏ ਨਾਲ ਦੇਖੋ ਤਾਂ ਉਹ 'ਚਾਬੀ ਭਰੀ ਕਠਪੁਤਲੀ' ਔਰਤ ਵੀ ਓਨੀਂ ਈ ਅਪਰਾਧੀ ਏ, ਜਿੰਨੀ ਮੈਸਨ ਦੀ ਪੈਰਿਸ ਵਾਲੀ ਪਤਨੀ, ਜਿੰਨੀ ਮੈਨੂੰ ਪਤੀ ਰੂਪ ਵਿਚ ਚਾਹੁਣ ਵਾਲੀ ਮੇਰੀ 'ਅਪਰਾਧੀ' ਏ। ...ਸੇਲੇਸਤੇ, ਰੇਮੰਡ ਨਾਲੋਂ ਲੱਖ ਗੁਣਾ ਚੰਗਾ ਆਦਮੀ ਏ ਤਾਂ ਹੋਵੇ, ਮੇਰੇ ਤਾਂ ਦੋਵੇਂ ਈ ਜਿਗਰੀ ਦੋਸਤ ਨੇ। ਮੇਰੀ ਜੇ ਇਸ ਸਮੇਂ ਕਿਸੇ ਨਵੇਂ ਮੁੰਡੇ ਦੇ ਗਲ਼ ਵਿਚ ਬਾਹਾਂ ਪਾ ਕੇ ਉਸਨੂੰ ਚੁੰਮ ਰਹੀ ਹੋਵੇ, ਤਾਂ ਵੀ ਮੈਨੂੰ ਕੀ ? ਬਕੌਲ ਉਸ ਪਾਦਰੀ ਦੇ, ਉਸਨੂੰ ਖ਼ੁਦ ਵੀ ਤਾਂ ਸਜ਼ਾਏ-ਮੌਤ ਮਿਲੀ ਹੋਈ ਏ। ਪਰ ਉਸਦੀ ਸਮਝ ਵਿਚ ਕਿਉਂ ਨਹੀਂ ਆਉਂਦਾ ਕਿ ਮੇਰੀ ਭਾਵੀ ਦੀ ਘਾਟੀ ਵਿਚੋਂ ਆਉਣ ਵਾਲੀ ਇਹ ਅੰਨ੍ਹੀ ਹਨੇਰੀ ਕੀ ਏ, ਕੈਸੀ ਏ?



ਮੈਂ ਐਨੇ ਜ਼ੋਰ-ਜ਼ੋਰ ਦੀ ਚੀਕ ਰਿਹਾ ਸੀ ਕਿ ਮੇਰਾ ਸਾਹ ਉੱਖੜ ਗਿਆ ਸੀ। ਉਦੋਂ ਈ ਵਾਰਡਰ ਲੋਕ ਦੌੜੇ ਆਏ ਤੇ ਪਾਦਰੀ ਨੂੰ ਮੇਰੀ ਗ੍ਰਿਫਤ 'ਚੋਂ ਛੁਡਾਉਣ ਦੀ ਕੋਸ਼ਿਸ਼ ਕਰਨ ਲੱਗੇ। ਇਕ ਨੇ ਮੇਰੇ ਮਾਰਨ ਲਈ ਹੱਥ ਚੁੱਕਿਆ ਈ ਸੀ ਕਿ ਪਾਦਰੀ ਨੇ ਸਭ ਨੂੰ ਸ਼ਾਂਤ ਕਰ ਦਿੱਤਾ ਤੇ ਖ਼ੁਦ ਬਿਨਾਂ ਕੁਝ ਬੋਲੇ ਇਕਟੱਕ ਮੇਰੇ ਵੱਲ ਦੇਖਦਾ ਰਿਹਾ। ਦੇਖਿਆ, ਉਸਦੀਆਂ ਅੱਖਾਂ ਵਿਚ ਅੱਥਰੂ ਨੇ। ਤੇ ਫੇਰ ਉਹ ਪਰਤ ਕੇ ਕੋਠੜੀ 'ਚੋਂ ਬਾਹਰ ਨਿਕਲ ਗਿਆ।

ਉਹ ਚਲਾ ਗਿਆ ਤਾਂ ਮੇਰਾ ਮਨ ਫੇਰ ਸ਼ਾਂਤ ਹੋ ਗਿਆ। ਪਰ ਇਸ ਸਾਰੀ ਉਤੇਜਨਾ ਨੇ ਮੈਨੂੰ ਐਨਾ ਥਕਾ ਦਿੱਤਾ ਸੀ ਕਿ ਮੈਂ ਘੜੰਮ ਕਰਕੇ ਆਪਣੇ ਸੌਣ ਵਾਲੇ ਤਖ਼ਤ 'ਤੇ ਆ ਡਿੱਗਿਆ। ਸ਼ਾਇਦ ਕਾਫੀ ਦੇਰ ਪਿਆ-ਪਿਆ ਸੁੱਤਾ ਰਿਹਾ। ਸੁੱਤਾ ਵੀ ਕਾਫੀ ਦੇਰ ਈ, ਕਿਉਂਕਿ ਜਦੋਂ ਉੱਠਿਆ ਤਾਂ ਐਨ ਸਾਹਮਣੇ ਤਾਰੇ ਚਮਕ ਰਹੇ ਸਨ। ਖੇਤਾਂ-ਖਲਿਆਣਾ 'ਚੋਂ ਆ ਰਹੇ ਧੀਮੇ ਸੁਰ ਤੇ ਰਾਤ ਦੀ ਠੰਢੀ-ਠੰਢੀ, ਖਾਰੀ-ਖਾਰੀ ਸੋਂਹਦੀ ਹਵਾ ਮੇਰੀਆਂ ਪੁੜਪੁੜੀਆ ਪਲੋਸ ਰਹੀ ਸੀ। ਗਰਮੀ ਦੀ ਉਨੀਂਦੀ ਰਾਤ ਦੀ ਅਡੋਲ ਸ਼ਾਂਤੀ ਸਮੁੰਦਰ ਦੇ ਜਵਾਰ ਵਾਂਗ ਮੇਰੇ ਲੂੰ-ਲੂੰ ਵਿਚ ਤੈਰ ਭਰ ਗਈ ਸੀ। ਅਜੇ ਠੀਕ ਤਰ੍ਹਾਂ ਪਹੁ ਵੀ ਨਹੀਂ ਸੀ ਪਾਟੀ ਕਿ ਬਾਹਰ ਜਹਾਜ਼ ਦਾ ਭੌਂਪੂ ਸੁਣਾਈ ਦਿੱਤਾ। ਲੋਕੀ ਉਸ ਦੁਨੀਆਂ ਦੀ ਯਾਤਰਾ 'ਤੇ ਨਿਕਲ ਪਏ ਸਨ, ਜਿਸ ਨਾਲ ਮੇਰਾ ਹੁਣ ਕਦੀ ਕੋਈ ਸਰੋਕਾਰ ਨਹੀਂ ਸੀ ਰਹਿਣਾ। ਪਤਾ ਨਹੀਂ ਕਿੰਨੇ ਮਹੀਨੇ ਬਾਅਦ ਅੱਜ ਮੈਨੂੰ ਸ਼ਾਇਦ ਪਹਿਲੀ ਵਾਰ ਮਾਂ ਦੀ ਯਾਦ ਆਉਣ ਲੱਗੀ। ਲੱਗਿਆ, ਜਿਵੇਂ ਮੈਂ ਅੱਜ ਸਮਝਦਾ ਹਾਂ, ਕਿਉਂ ਉਸਨੇ ਜੀਵਨ ਦੇ ਅੰਤਮ ਪੜਾ ਵਿਚ ਨਵਾਂ 'ਸਾਥੀ' ਚੁਣਿਆ, ਕਿਉਂ ਮੁੜ ਜ਼ਿੰਦਗੀ ਦਾ ਨਵਾਂ ਰਾਗ ਛੇੜਿਆ...ਉਹ ਵੀ ਉਸ ਆਸ਼ਰਮ ਵਿਚ ਜਿੱਥੇ ਜ਼ਿੰਦਗੀਆਂ ਦੀ ਲੋਅ ਬੁਝਣ ਵਾਲੀ ਹੁੰਦੀ ਏ। ...ਜਿੱਥੇ ਗੋ-ਧੂਲੀ ਦੀ ਉਦਾਸੀ, ਥਕਾਵਟ ਭਰੀ ਸ਼ਾਂਤੀ ਬਣ ਕੇ ਆਉਂਦੀ ਏ। ਮੌਤ ਦੇ ਏਨਾ ਨੇੜੇ ਆ ਕੇ ਮਾਂ ਨੇ ਵੀ ਐਨ ਉਸੇ ਤਰ੍ਹਾਂ ਸੋਚਿਆ ਹੋਵੇਗਾ, ਜਿਵੇਂ ਮੁਕਤੀ ਦੇ ਖੁੱਲ੍ਹੇ ਦੁਆਰ 'ਤੇ ਆਦਮੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰਨ ਦੀ ਗੱਲ ਸੋਚਦਾ ਏ। ਨਹੀਂ, ਉਸ ਲਈ ਰੋਣ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ। ਤੇ ਉਸ ਛਿਣ ਮੈਨੂੰ ਵੀ ਲੱਗਿਆ ਕਿ ਕਿਉਂ ਨਾ ਮੈਂ ਵੀ ਆਪਣੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰ ਲਵਾਂ ? ਲੱਗਿਆ, ਕਰੋਧ ਤੇ ਜੋਸ਼ ਦੇ ਉਸ ਝੱਖੇੜ ਨੇ ਮੇਰੇ ਮਨ ਦੀ ਸਾਰੀ ਕਾਲਸ ਨੂੰ, ਕਲੇਸ਼ ਨੂੰ ਧੋ ਕੇ ਸਾਫ਼ ਤੇ ਨਿਰਮਲ ਕਰ ਦਿੱਤਾ ਏ। ਸਾਰੀਆਂ ਇੱਛਾਵਾਂ ਤੇ ਉਮੀਦਾਂ ਜਾਲੇ ਮੇਰੇ ਮਨ 'ਤੋਂ ਲਾਹ ਸੁੱਟੇ ਨੇ। ਉਸ ਸਮੇਂ, ਗ੍ਰਹਿ-ਨਛੱਤਰਾਂ ਨਾਲ ਜਗਮਗਾਉਂਦੇ ਹਨੇਰੇ ਆਸਮਾਨ ਨੂੰ ਅਪਲਕ ਦੇਖਦੇ ਹੋਏ ਪਹਿਲੀ ਵਾਰੀ, ਹਾਂ...ਪਹਿਲੀ ਵਾਰੀ ਮਨ ਵਿਚ ਸੰਸਾਰ ਦੇ ਪ੍ਰਤੀ ਸੱਚਾ ਬੈਰਾਗ ਜਾਗਿਆ। ਉਸ ਬੈਰਾਗ ਨੂੰ ਮਨ ਨਾਲ ਮੇਚ ਕੇ, ਉਸਨੂੰ ਆਪਣੀ ਆਤਮਾ ਦਾ ਅੰਸ਼ ਮਹਿਸੂਸ ਕਰਦਿਆਂ ਹੋਇਆਂ ਲੱਗਾ, ਜਿਵੇਂ ਮੈਨੂੰ ਕਦੀ ਕੋਈ ਦੁੱਖ ਨਹੀਂ ਸੀ ਹੋਇਆ ਤੇ ਅੱਜ, ਇਸ ਸਮੇਂ ਵੀ ਮੈਂ ਪਰਮ ਪ੍ਰਸੰਨ ਹਾਂ।

ਹੁਣ ਇਸ ਨਵੀਂ ਯਾਤਰਾ ਦੌਰਾਨ ਬਹੁਤਾ ਇਕੱਲਾ-ਇਕੱਲਾ ਮਹਿਸੂਸ ਨਾ ਹੋਵੇ, ਏਨੀ ਦ੍ਰਿੜ੍ਹਤਾ ਪ੍ਰਾਪਤ ਕਰ ਲੈਣ ਲਈ ਬਸ, ਮੇਰੀ ਇਹੋ ਕਾਮਨਾ ਸੀ ਕਿ ਜਿਸ ਸਮੇਂ ਮੈਨੂੰ ਫਾਂਸੀ ਲੱਗੇ, ਉਸ ਦਿਨ ਦਰਸ਼ਕਾਂ ਕੀ ਅਣਗਿਣਤ ਭੀੜ ਮੇਰੇ ਚਾਰੇ-ਪਾਸੇ ਇਕੱਠੀ ਹੋਈ ਹੋਵੇ ਤੇ ਜ਼ੋਰ-ਸ਼ੋਰ ਦੇ ਹੱਲੇ-ਗੁੱਲੇ ਨਾਲ ਮੈਨੂੰ ਵਿਦਾਅ ਕਰ ਰਹੀ ਹੋਵੇ...।

ਮੈਂ ਹੁਣੇ-ਹੁਣੇ ਜੇਲ੍ਹ ਵਿਚ ਪਾਦਰੀ ਨੂੰ ਤੀਜੀ ਵਾਰੀ ਮਿਲਣ ਤੋਂ ਇਨਕਾਰ ਕੀਤਾ ਏ। ਨਾ ਤਾਂ ਮੇਰੇ ਕੋਲ ਉਸ ਨਾਲ ਕਰਨ ਵਾਲੀ ਕੋਈ ਗੱਲ ਏ ਤੇ ਨਾ ਗੱਲ ਕਰਨ ਨੂੰ ਜੀਅ ਈ ਕਰਦਾ ਏ। ਖ਼ੈਰ ਜੀ, ਬੜੀ ਛੇਤੀ ਮੁਲਾਕਾਤ ਤਾਂ ਹੋਵੇਗੀ ਈ। ਇਨ੍ਹੀਂ ਦਿਨੀਂ ਤਾਂ ਮੇਰੀ ਸਾਰੀ ਦਿਲਚਸਪੀ ਇੱਕੋ ਚੀਜ਼ ਵਿਚ ਏ ਕਿ ਕਿੰਜ ਇਸ ਸਾਰੀ ਮਸ਼ੀਨਰੀ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾਵੇ ? ਜਾਣਨਾ ਇਹੋ ਚਾਹੁੰਦਾ ਆਂ ਕਿ ਕੀ ਇਸ ਮਾਣਯੋਗ ਹੋਣੀ ਵਿਚ ਕਿਤੇ ਕੋਈ ਗੁੰਜਾਇਸ਼, ਕੋਈ ਦਰਾੜ ਵੀ ਹੈ ਜਾਂ ਨਹੀਂ ?

ਮੈਨੂੰ ਦੂਜੀ ਕੋਠੜੀ ਵਿਚੋਂ ਹਟਾਅ ਦਿੱਤਾ ਗਿਆ ਏ। ਇੱਥੇ ਚਿਤ ਲੇਟ ਕੇ ਆਸਮਾਨ ਦਿਖਾਈ ਦਿੰਦਾ ਏ, ਕੁਝ ਹੋਰ ਦੇਖਣ ਵਾਲ ਹੈ ਵੀ ਨਹੀਂ। ਦਿਨ ਦਾ ਮੁਸਾਫ਼ਿਰ ਰਾਤ ਦੀ ਦਿਸ਼ਾ ਵਿਚ ਵਧਦਾ ਜਾ ਰਿਹਾ ਏ। ਤੇ ਆਸਮਾਨ ਦੇ ਇਨ੍ਹਾਂ ਬਦਲਦੇ ਰੰਗਾਂ ਨੂੰ ਦੇਖਦਿਆਂ-ਦੇਖਦਿਆਂ ਸਾਰਾ ਸਮਾਂ ਲੰਘ ਜਾਂਦਾ ਏ। ਮੈਂ ਸਿਰ ਦੇ ਹੇਠਾਂ ਹੱਥ ਰੱਖ ਕੇ ਉਤਾਂਹ ਤੱਕਦਾ ਰਹਿੰਦਾ ਹਾਂ...ਤੱਕਦਾ ਰਹਿੰਦਾ ਹਾਂ ਤੇ ਉਡੀਕਦਾ ਰਹਿੰਦਾ ਹਾਂ...।

ਗੁੰਜਾਇਸ਼ ਜਾਂ ਦਰਾੜ ਲੱਭ ਲੈਣ ਦੀ ਇਹ ਸਮੱਸਿਆ ਭੂਤ ਵਾਂਗ ਸਿਰ 'ਤੇ ਸਵਾਰ ਏ। ਅੱਜ ਕਲ੍ਹ ਤਾਂ ਹਰ ਵੇਲੇ ਇਕੋ ਗੱਲ ਈ ਸੋਚਦਾ ਰਹਿੰਦਾ ਹਾਂ ਕਿ ਕੀ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਈਆਂ ਈ ਨਹੀਂ ਕਿ ਮੌਤ ਦੀ ਸਜ਼ਾ ਦੇ ਕੈਦੀ ਨਿਆਂ ਦੀ ਨਿਰਦਈ, ਅਮੋਘ (ਖਾਲੀ ਨਾ ਜਾਣ ਵਾਲਾ) ਮਸ਼ੀਨ ਦੇ ਪੰਜੇ 'ਚੋਂ ਛੁੱਟ ਕੇ, ਪੁਲਿਸ ਦੇ ਘੇਰੇ ਨੂੰ ਤੋੜ ਕੇ, ਗਰਦਨ 'ਤੇ 'ਗਿਲੋਟਿਨ' (ਟੋਕਾ) ਵੱਜਣ ਤੋਂ ਪਹਿਲਾਂ ਐਨ ਸਮੇਂ 'ਤੇ ਨੌਂ ਦੋ ਗਿਆਰਾਂ ਹੋ ਗਏ ਹੋਣ ? ਮੈਂ ਈ ਜਾਣਦਾ ਹਾਂ ਕਿ ਕਿੰਨਾ ਫਿਟਕਾਰਿਆ ਏ ਮੈਂ ਆਪਣੇ-ਆਪ ਨੂੰ ਕਿ ਸਰੇ-ਬਾਜ਼ਾਰ ਫਾਂਸੀ ਲੱਗਣ ਦੇ ਵੇਰਵਿਆਂ ਵੱਲ ਮੈਂ ਪਹਿਲਾਂ ਕਦੀ ਧਿਆਨ ਕਿਉਂ ਨਹੀਂ ਦਿੱਤਾ। ਹਮੇਸ਼ਾ ਆਦਮੀ ਨੂੰ ਅਜਿਹੀਆਂ ਗੱਲਾਂ ਵਿਚ ਦਿਲਚਸਪੀ ਲੈਂਦੇ ਰਹਿਣਾ ਚਾਹੀਦਾ ਏ-ਕੌਣ ਜਾਣੇ ਕਿਸ ਵੇਲੇ ਕੈਸਾ ਮੌਕਾ ਆ ਜਾਵੇ ! ਫਾਂਸੀ ਦੇ ਵਰਨਣ ਮੈਂ ਵੀ ਹੋਰਾਂ ਵਾਂਗ ਅਖ਼ਬਾਰਾਂ ਵਿਚ ਪੜ੍ਹੇ ਨੇ, ਪਰ ਇਸ ਵਿਸ਼ੇ ਦਾ ਤਕਨੀਕੀ ਵਰਨਣ ਕਰਨ ਵਾਲੀਆਂ ਪੁਸਤਕਾਂ ਵੀ ਤਾਂ ਆਖ਼ਰ ਹੋਣਗੀਆਂ ਈ। ਉਨ੍ਹਾਂ ਨੂੰ ਲੱਭਣ ਵੱਲ ਮੈਂ ਕਦੀ ਧਿਆਨ ਈ ਨਹੀਂ ਦਿੱਤਾ। ਕੌਣ ਜਾਣੇ ਇਨ੍ਹਾਂ ਕਿਤਾਬਾਂ ਵਿਚ ਮੈਨੂੰ ਭੱਜ ਨਿਕਲਣ ਵਾਲਿਆਂ ਦੀਆਂ ਕੁਝ ਕਹਾਣੀਆਂ ਮਿਲ ਜਾਂਦੀਆਂ ! ਤੇ ਜਦੋਂ ਉਹ ਕਹਾਣੀਆਂ ਬਚ ਨਿਕਲਣ ਵਾਲਿਆਂ ਦੀਆਂ ਹੁੰਦੀਆਂ ਤਾਂ ਜ਼ਰੂਰ ਈ ਉਹਨਾਂ ਵਿਚ ਦੱਸਿਆ ਗਿਆ ਹੁੰਦਾ ਕਿ ਕਿੰਜ ਇਸ ਮਸ਼ੀਨ ਦੇ ਪਹੀਏ ਇਕ ਵਾਰ ਰੁਕ ਗਏ ਸਨ, ਕਿੰਜ ਘਟਨਾਵਾਂ ਦੀ ਮਾਰੂ ਦੌੜ ਵਿਚ ਸਿਰਫ਼ ਇਕ ਵਾਰੀ-ਕਾਸ਼, ਸਿਰਫ਼ ਇਕ ਵਾਰੀ-ਸੰਯੋਗ ਜਾਂ ਚੰਗੀ ਕਿਸਮਤ ਨੇ ਅਜਿਹਾ ਗੁਲ ਖਿਲਾ ਦਿੱਤਾ ਸੀ ਕਿ ਸਾਰਾ ਨਕਸ਼ਾ ਈ ਬਦਲ ਗਿਆ ਸੀ। ਬਸ, ਮੈਨੂੰ ਤਾਂ ਸਿਰਫ਼ ਇਕ ਉਦਾਹਰਨ ਚਾਹੀਦੀ ਏ। ਇਸ ਤਰ੍ਹਾਂ ਦੀ ਇਕੱਲੀ ਘਟਨਾ ਮੈਨੂੰ ਕਿੰਨੀ ਵੱਡੀ ਤਸੱਲੀ, ਕਿੰਨੀ ਮਾਨਸਿਕ ਸ਼ਾਂਤੀ ਦੇ ਜਾਂਦੀ। ਬਾਕੀ ਰੰਗ ਤਾਂ ਮੇਰੇ ਅਹਿਸਾਸ ਖ਼ੁਦ ਈ ਭਰ ਲੈਂਦੇ। ਅਖ਼ਬਾਰਾਂ ਵਿਚ ਅਕਸਰ ਲੋਕ 'ਸਮਾਜ ਦੇ ਕਰਜ਼ੇ' ਦੀ ਚਰਚਾ ਕਰਦੇ ਨੇ। ਕਹਿੰਦੇ ਨੇ ਕਿ ਅਪਰਾਧੀ ਨੂੰ ਤਾਂ ਹਰ ਹਾਲਤ ਵਿਚ ਕਰਜ਼ਾ ਲਾਹੁਣਾ ਈ ਚਾਹੀਦਾ ਏ। ਪਰ ਇਸ ਤਰ੍ਹਾਂ ਦੀਆਂ ਇਹ ਚਰਚਾਵਾਂ ਕਦੀ ਵੀ ਤਾਂ ਕਲਪਨਾ ਨੂੰ ਨਹੀਂ ਛੂੰਹਦੀਆਂ। ਨਹੀਂ, ਇਹ ਸਭ ਨਹੀਂ। ਮੇਰੇ ਲਈ ਤਾਂ ਬਸ ਇਕੋ ਚੀਜ਼ ਜ਼ਿੰਦਗੀ-ਮੌਤ ਦਾ ਸਵਾਲ ਬਣ ਗਈ ਸੀ ਕਿ ਕਿੰਜ ਇਕੋ ਝਟਕੇ, ਇਕੋ ਹੱਲੇ ਨਾਲ ਅਜਿਹਾ ਕੁਝ ਕਰ ਦਿਆਂ ਕਿ ਇਨ੍ਹਾਂ ਲੋਕਾਂ ਦਾ ਇਹ ਖ਼ੂਨੀ ਮਨਸੂਬਾ ਧਰਿਆ ਰਹਿ ਜਾਵੇ। ਛੁੱਟ ਭੱਜਣ ਦੀ ਇਕ ਜਨੂੰਨੀ ਮਹਾ-ਭਗਦੜ ਦੀ ਕਲਪਨਾ ਵਿਚ ਈ ਮੈਨੂੰ ਉਮੀਦ ਦੀ ਇਕ ਕਿਰਨ ਦਿਖਾਈ ਦਿੰਦੀ ਸੀ, ਕੌਣ ਜਾਣੇ ਪਾਸਾ ਈ ਪਲਟ ਜਾਵੇ। ਇਸ (ਆਸ) ਦਾ ਜੋ ਅੰਤ ਹੋਣਾ ਸੀ ਉਹ ਵੀ ਮੈਂ ਚੰਗੀ ਤਰ੍ਹਾਂ ਜਾਣਦਾ ਸੀ-ਭੱਜੇ ਜਾਂਦੇ ਨੂੰ ਕਿਸੇ ਸੜਕ ਦੇ ਮੋੜ 'ਤੇ ਡੇਗ ਲਿਆ ਜਾਂਦਾ ਤੇ ਪਿੱਠ ਵਿਚ ਗੋਲੀ ਮਾਰ ਕੇ ਭੋਗ ਪਾ ਦਿੱਤਾ ਜਾਂਦਾ। ਪਰ ਸਭ ਕੁਝ ਮੰਨਦੇ ਹੋਏ ਵੀ ਇਹ 'ਦੌੜ' ਮੇਰੀ ਕਿਸਮਤ ਵਿਚ ਨਹੀਂ ਸੀ ਲਿਖੀ ਹੋਈ। ਮੈਂ ਤਾਂ ਅਜਿਹੀ ਚੂਹੇਦਾਨੀ ਵਿਚ ਜਾ ਫਸਿਆ ਸੀ ਕਿ ਕੋਈ ਰਸਤਾ ਈ ਨਜ਼ਰ ਨਹੀਂ ਸੀ ਆਉਂਦਾ ਪਿਆ। ਪਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਹ ਹੋਣੀ ਮੇਰੇ ਗਲ਼ੋਂ ਨਹੀਂ ਸੀ ਲੱਥ ਰਹੀ। ਇਸਦਾ ਕਾਰਨ ਸੀ। ਵਿਚਾਰ ਕਰਨ 'ਤੇ ਲੱਗਦਾ ਕਿ ਜਿਸ ਫ਼ੈਸਲੇ ਦੇ ਆਧਾਰ 'ਤੇ ਇਹ ਟਿਕੀ ਹੋਈ ਏ, ਉਸ ਵਿਚ ਤੇ ਫ਼ੈਸਲਾ ਸੁਣਾ ਚੁੱਕਣ ਦੇ ਬਾਅਦ ਸ਼ੁਰੂ ਹੋਣ ਵਾਲੇ ਅਟਲ ਘਟਨਾ ਚੱਕਰ ਵਿਚਾਲੇ ਕੋਈ ਅਨੁਪਾਤ, ਕੋਈ ਸੰਤੁਲਨ, ਈ ਨਹੀਂ ਸੀ ਦਿਖਾਈ ਦਿੰਦਾ। ਉਦਾਹਰਨ ਵਜੋਂ ਪਹਿਲੀ ਗੱਲ ਤਾਂ ਇਹ ਕਿ ਫ਼ੈਸਲਾ ਪੰਜ ਦੀ ਬਜਾਏ ਅੱਠ ਵਜੇ ਪੜ੍ਹ ਕੇ ਸੁਣਾਇਆ ਗਿਆ। ਦੂਜੀ ਗੱਲ ਇਹ ਕਿ ਫ਼ੈਸਲਾ ਇਹ ਨਾ ਹੋ ਕੇ ਕੁਝ ਹੋਰ ਵੀ ਹੋ ਸਕਦਾ ਸੀ। ਤੀਜੀ ਗੱਲ ਇਹ ਕਿ ਇਹ ਫ਼ੈਸਲਾ ਉਹਨਾਂ ਲੋਕਾਂ ਨੇ ਦਿੱਤਾ ਸੀ ਜਿਹੜੇ ਬਾਹਰੀ ਕੱਪੜੇ ਤਾਂ ਹਮੇਸ਼ਾ ਇਕੋ-ਜਿਹੇ ਈ ਪਾਉਂਦੇ ਨੇ, ਪਰ ਅੰਦਰੂਨੀ ਭੇਸ ਬਦਲਦੇ ਰਹਿੰਦੇ ਨੇ। ਚੌਥੀ ਗੱਲ ਇਹ ਕਿ ਫ਼ੈਸਲਾ 'ਫਰਾਂਸੀਸੀ ਜਨਤਾ' ਜਿਹੀ ਨਿਰਾਕਾਰ ਤੇ ਅਸਪੱਸ਼ਟ-ਜਿਹੀ ਚੀਜ਼ ਦੇ ਨਾਂ 'ਤੇ ਲੱਦਿਆ ਗਿਆ ਸੀ। ਇਹੀ ਜੇ ਮੈਂ ਇਹ ਪੁੱਛਾਂ ਕਿ ਇਹ ਕੰਮ 'ਚੀਨੀ' ਜਾਂ 'ਜਰਮਨ ਜਨਤਾ' ਦੇ ਨਾਂ 'ਤੇ ਕਿਉਂ ਨਹੀਂ ਕੀਤਾ ਗਿਆ ਫੇਰ ? ਇਸ ਤਰ੍ਹਾਂ ਇਹ ਸਾਰੀਆਂ ਗੱਲਾਂ ਸਨ, ਜਿਨ੍ਹਾਂ ਨੇ ਮੇਰੀ ਸਮਝ ਅਨੁਸਾਰ ਅਦਾਲਤ ਦੇ ਫ਼ੈਸਲੇ ਦੀ ਗੰਭੀਰਤਾ ਨੂੰ ਧੋ ਦਿੱਤਾ ਸੀ।

(ਚਲਦਾ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਬਲਵੰਤ ਗਾਰਗੀ

ਪੰਜਾਬੀ ਕਹਾਣੀ

# ਵੱਡੀ ਸੱਧਰ

ਸ਼ਾਂਤਾ ਦੀ ਸਭ ਤੋਂ ਵੱਡੀ ਸੱਧਰ ਇਹ ਸੀ ਕਿ ਉਹ ਗਾਉਣਾ ਸਿੱਖੇ ਤੇ ਸੰਗੀਤ ਦੀ ਦੁਨੀਆਂ ਵਿਚ ਨਾਂ ਪੈਦਾ ਕਰੇ।

ਪਰ ਉਸ ਦੀ ਮਾਂ ਨੂੰ ਇਹ ਗੱਲ ਉੱਕਾ ਪਸੰਦ ਨਾ ਸੀ। ਉਸ ਦੀ ਮਾਂ ਨੇ ਸਿਰਫ਼ ਹਿੰਦੀ ਰਤਨ ਦਾ ਇਮਤਿਹਾਨ ਪਾਸ ਕੀਤਾ ਸੀ। ਉਹ ਚਾਹੁੰਦੀ ਸੀ ਕਿ ਉਸ ਦੀ ਧੀ ਘੱਟ ਤੋਂ ਘੱਟ ਬੀ.ਏ. ਤਾਂ ਕਰੇ। ਪਰ ਸ਼ਾਂਤਾ ਦਾ ਕਿਤਾਬਾਂ ਵਿਚ ਬਹੁਤਾ ਧਿਆਨ ਨਹੀਂ ਸੀ ਜੁੜਦਾ। ਉਹ ਗਾਉਣ ਦੀ ਸ਼ੌਕੀਨ ਸੀ। ਕਿਤੋਂ ਭੁੱਲੀ-ਭਟਕੀ ਕੋਈ ਤਰਜ਼ ਸੁਣ ਲੈਂਦੀ ਤਾਂ ਉਹਦੇ ਮਨ ਤੇ ਨਕਸ਼ ਹੋ ਜਾਂਦੀ ਤੇ ਉਹ ਉਸ ਧੁਨ ਨੂੰ ਗਾਉਂਦੀ ਰਹਿੰਦੀ।

ਉਸ ਦੀ ਮਾਂ ਕਈ ਵਾਰ ਖਿਝ ਕੇ ਆਖਦੀ, 'ਕੁੜੀਏ, ਇਹ ਮਰਾਸੀਆਂ ਵਾਲੇ ਕਿੱਤੇ ਛੱਡ। ਪੜ੍ਹਾਈ ਬਾਝ ਆਦਮੀ ਡੰਗਰ ਰਹਿ ਜਾਂਦੈ। ਅਸੀਂ ਤੈਨੂੰ ਪੜ੍ਹਾਉਂਦੇ ਆਂ, ਵੱਡੀ ਹੋ ਕੇ ਅਕਲ ਆਊਗੀ ਤਾਂ ਆਖੇਂਗੀ ਕਿ ਮਾਪਿਆਂ ਤੇਰੇ ਲਈ ਚੰਗਾ ਹੀ ਕੀਤਾ। ਬਾਬੂ ਰਾਮਲਾਲ ਦੀ ਧੀ ਤੇਰੇ ਹਾਣ ਦੀ ਏ, ਕਾਲਜ ਜਾਣ ਲਈ ਤਰਸਦੀ ਏ। ਉਸ ਦੇ ਮਾਪੇ ਉਸ ਨੰ ਨਹੀਂ ਭੇਜ ਸਕਦੇ। ਅਸੀਂ ਤੈਨੂੰ ਮਾਰ-ਮਾਰ ਕੇ ਖੀਰ ਖੁਆਉਣੇ ਆਂ, ਪਰ ਤੈਨੂੰ ਪੜ੍ਹਾਈ ਪਸੰਦ ਹੀ ਨਹੀਂ।'

ਮਾਂ ਮੈਨੂੰ ਕਿਤਾਬਾਂ ਉੱਕਾ ਚੰਗੀਆਂ ਨਹੀਂ ਲਗਦੀਆਂ। ਪੜ੍ਹ-ਪੜ੍ਹ ਅੱਖਾਂ ਕਾਣੀਆਂ ਹੋ ਗਈਆਂ ਨੇ। ਇਹ ਹਿਸਾਬ ਦੇ ਸੁਆਲ.. ਜੀ ਕਰਦੈ ਕਿਤਾਬ ਪਾੜ ਸੁੱਟਾਂ। ਹੁਣ ਤਾਂ ਮੈਂ ਅੱਗੇ ਤਾਂ ਪੜ੍ਹੂੰਗੀ ਜੇ ਘਰ ਗਾਉਣ ਲਈ ਮਾਸਟਰ ਰੱਖ ਦੇਵੇਂ।

'ਉਹ! ਗਾਣ ਦਾ ਭੂਤ ਪਤਾ ਨਹੀਂ ਕਿਥੋਂ ਪੈ ਗਿਆ। ਚੰਦਰੀਏ, ਦੋ ਅੱਖਰ ਢਿੱਡ ਵਿਚ ਪਾਏਂਗੀ ਤਾਂ ਵੱਡੀ ਹੋਈ ਸਾਨੂੰ ਅਸੀਸੀਂ ਦਏਂਗੀ। ਗਾਣਾ ਸਿਖ ਕੇ ਡੂਮਾਂ ਦੇ ਵਾਂਗ ਟਾਰ੍ਹਾਂ ਮਾਰੇਂਗੀ, ਚੰਗੀ ਲਗੇਂਗੀ?'

ਸ਼ਾਂਤਾ ਨੇ ਰੋ-ਪਿੱਟ ਕੇ ਦਸਵੀਂ ਕੀਤੀ। ਉਸ ਪਿੱਛੋਂ ਐਫ.ਏ., ਬੀ.ਏ. ਵਿਚ ਇਕ ਸਾਲ ਫੇਲ੍ਹ ਹੋਈ, ਅਗਲੇ ਸਾਲ ਪਾਸ ਹੋ ਗਈ। ਉਸ ਦੀ ਮਾਂ ਨੇ ਪਾਸ ਹੋਈ ਦੇ ਲੱਡੂ ਵੰਡੇ ਤੇ ਕੁੜੀ ਦਾ ਵਿਆਹ ਧਰ ਦਿੱਤਾ।

ਸ਼ਾਂਤੀ ਵਿਆਹੀ ਗਈ। ਵਿਆਹ ਦੇ ਗੀਤ ਉਸ ਖੁਦ ਕੁੜੀਆਂ ਵਿਚ ਬੈਠ ਕੇ ਗਾਏ, ਮਾਂ-ਧੀ ਦੇ ਵਿਛੋੜੇ ਦੇ ਗੀਤ ਜਿਨ੍ਹਾਂ ਨੂੰ ਸੁਣ-ਸੁਣ ਉਸ ਦੀ ਮਾਂ ਦਾ ਕਲੇਜਾ ਸੱਲ ਹੁੰਦਾ ਸੀ।

ਵਿਆਹ ਪਿੱਛੋਂ ਸ਼ਾਂਤਾ ਫਿਰੋਜ਼ਪੁਰ ਤੋਂ ਲੁਧਿਆਣੇ ਚਲੀ ਗਈ। ਘਰ ਦੀਆਂ ਜ਼ਿੰਮੇਦਾਰੀਆਂ, ਕਬੀਲਦਾਰੀ, ਨਿੱਤ ਦੇ ਰੁਝੇਵਿਆਂ ਵਿਚ ਉਸ ਦੀ ਸੱਧਰ ਦਬੀ ਗਈ। ਉਸ ਦੀ ਕੁੜੀ ਹੱਦੋਂ ਸੋਹਣੀ ਸੀ, ਗੋਰੀ ਚਿੱਟੀ, ਵੱਡੀਆਂ ਵੱਡੀਆਂ ਕੰਵਲਾਂ ਵਰਗੀਆਂ ਅੱਖਾਂ।

'ਕੀ ਹੋਇਆ ਜੇ ਮੈਂ ਗਾਣਾ ਨਹੀਂ ਸਿੱਖ ਸੀ ਮੇਰੀ ਧੀ ਮੇਰੀ ਸਧਰ ਪੂਰੀ ਕਰੇਗੀ' ਸ਼ਾਂਤਾ ਸੋਚਦੀ। 'ਛੇਕੜ ਧੀਆਂ-ਪੁੱਤ ਮਾਪਿਆਂ ਦੀਆਂ ਅਪੂਰਣ ਆਸਾਂ ਤੇ ਸੁਫ਼ਨਿਆਂ ਦਾ ਹੀ ਤਾਂ ਪਰਗਟਾਵਾ ਹੁੰਦੇ ਹਨ।'

ਉਸ ਨੇ ਕੁੜੀ ਦਾ ਨਾਂ ਕੰਵਲ ਰੱਖਿਆ। ਘਰ ਵਿਚ ਤਵਿਆਂ ਵਾਲੀ ਮਸ਼ੀਨ ਸੀ। ਚੰਗੇ ਚੰਗੇ ਰਿਕਾਰਡ ਸਨ। ਰੇਡੀਓ ਸੀ। ਨਿੱਕੀ ਕੰਵਲ ਗੀਤ ਸੁਣਦੀ ਤਾਂ ਨਾਲ-ਨਾਲ ਗਾਉਂਦੀ ਤੇ ਨੱਚਦੀ। ਮਾਂ ਵਾਰੇ-ਵਾਰੇ ਜਾਂਦੀ। ਉਸ ਨੂੰ ਚੁੰਮਦੀ, ਪਿਆਰ ਕਰਦੀ ਤੇ ਆਪਣਾ ਨੱਕ ਉਸ ਦੀਆਂ ਗੱਲ੍ਹਾਂ ਨਾਲ ਰਗੜ ਕੇ ਆਖਦੀ, 'ਮੇਰੀ ਧੀ ਸੰਗੀਤ ਦੀ ਰਾਣੀ ਬਣੇਗੀ।'

ਕੰਵਲ ਸਕੂਲ ਵਿਚ ਸਭ ਤੋਂ ਸੋਹਣੀ ਸੀ। ਮਾਂ ਉਸ ਦੇ ਕੱਜਲ ਪਾਉਣ ਲਗਿਆਂ, ਉਸ ਦੇ ਮੱਥੇ ਉਤੇ ਟਿੱਕਾ ਲਾ ਦੇਂਦੀ ਤਾਂ ਜੋ ਕੁੜੀ ਨੂੰ ਨਜ਼ਰ ਨਾ ਲਗ ਜਾਏ। ਕੰਵਲ ਸੰਗੀਤ ਦੇ ਵਾਤਾਵਰਨ ਵਿਚ ਪਰਵਾਨ ਚੜ੍ਹੀ। ਪਰ ਸਕੂਲ ਵਿਚ ਸਾਲਾਨਾ ਜਲਸੇ ਉਤੇ ਸਭ ਕੁੜੀਆਂ ਵਿਚੋਂ ਕੰਵਲ ਨੂੰ ਗਾਉਣ ਵਿਚ ਨਹੀਂ, ਸਗੋਂ ਨੱਚਣ ਵਿਚ ਇਨਾਮ ਮਿਲਿਆ।

ਇਹ ਨੱਚਣਾ ਉਸ ਪਤਾ ਨਹੀਂ ਕਿਥੋਂ ਸਿੱਖ ਲਿਆ ਸੀ। ਪਤਾ ਨਹੀਂ ਨ੍ਰਿਤ ਦਾ ਸ਼ੌਕ ਉਸ ਨੂੰ ਕਿਥੋਂ ਆਇਆ। ਕਿਸ ਨੇ ਉਸ ਦੀਆਂ ਨਸਾਂ ਵਿਚ ਥਿਰਕਣ ਭਰ ਦਿੱਤੀ ਸੀ? ਉਹ ਕਈ ਵਾਰ ਕੁੰਡੀ ਜੜ ਕੇ ਡਰਾਇੰਗ ਰੂਮ ਵਿਚ ਰੇਡੀਓ ਲਾਉਂਦੀ ਤਾਂ ਨਾਲ ਨਾਲ ਨੱਚਦੀ। ਉਸ ਦੇ ਹੱਥਾਂ ਪੈਰਾਂ ਵਿਚ ਤਬਲੇ ਦੀ ਥਾਪ ਸੀ। ਜਦੋਂ ਗਾਣਾ ਸੁਣਦੀ ਤਾਂ ਉਸ ਦੀ ਅੱਡੀ ਵੱਜਣੋਂ ਨਹੀਂ ਸੀ ਰਹਿੰਦੀ। ਇਕ ਦਿਨ ਉਸ ਆਪਣੀ ਮਾਂ ਨੂੰ ਆਖਿਆ –'ਮਾਂ ਮੈਨੂੰ ਸੰਗੀਤ ਚੰਗਾ ਲਗਦੈ, ਪਰ ਸੰਗੀਤ ਦੇ ਸੁਰ ਨਾਲੋਂ ਇਸ ਦੀ ਤਾਲ ਚੰਗੀ ਲਗਦੀ ਐ। ਜੀਅ ਕਰਦੈ ਇਨ੍ਹਾਂ ਬੋਲਾਂ ਨੂੰ ਗਾਵਾਂ ਨਾ, ਸਗੋਂ ਇਨ੍ਹਾਂ ਉਤੇ ਨੱਚਾਂ। ਮੈਨੂੰ ਨਾਚ ਸਿਖਾਉਣ ਵਾਲਾ ਮਾਸਟਰ ਕਿਉਂ ਨਹੀਂ ਲਾ ਦੇਦੀ?'

'ਤੂੰ ਨਾਚ ਸਿਖੇਂਗੀ ਕੀ?' ਮਾਂ ਨੇ ਹੈਰਾਨ ਹੋ ਕੇ ਪੁੱਛਿਆ। 'ਸੰਗੀਤ ਕਿਉਂ ਨਹੀਂ?'

'ਸੰਗੀਤ ਨਾਲੋਂ ਮੈਨੂੰ ਨਾਚ ਵਧੇਰੇ ਚੰਗਾ ਲਗਦੈ।'

'ਖ਼ਵਰੇ ਇਹ ਭੈੜੇ-ਭੈੜੇ ਸ਼ੌਕ ਤੈਨੂੰ ਕਿਥੋਂ ਪੈ ਗਏ?'

ਜਦ ਕੰਵਲ ਨੇ ਨੱਚਣ ਲਈ ਜਿੱਦ ਕੀਤੀ ਤਾਂ ਮਾਂ ਨੂੰ ਬਹੁਤ ਗੁੱਸਾ ਆਇਆ।

ਉਹ ਨੱਚਣ ਦੇ ਖ਼ਿਲਾਫ਼ ਸੀ, ਇਸ ਲਈ ਕਿ ਸਮਾਜੀ ਤੌਰ ਤੇ ਇਹ ਭੈੜਾ ਕੰਮ ਹੈ। ਉਸ ਕੰਵਲ ਨੂੰ ਝਿੜਕਿਆ ਝੰਬਿਆ, ਪਰ ਕੰਵਲ ਉਤੇ ਕੋਈ ਅਸਰ ਨਾ ਹੋਇਆ। ਉਸ ਦੀ ਸਭ ਤੋਂ ਵੱਡੀ ਸੱਧਰ ਸੀ ਕਿ ਉਹ ਇਕ ਵੱਡੀ ਨ੍ਰਿਤਕੀ ਬਣੇ। ਉਸ ਦੀਆਂ ਅੱਖਾਂ ਵਿਚ ਨ੍ਰਿਤਕੀ ਦੀ ਚਮਕ ਤੇ ਅੰਗਾਂ ਵਿਚ ਮੁਦਰਾਵਾਂ ਸਨ। ਇਕ ਦਿਨ ਮਾਂ-ਧੀ ਵਿਚ ਲੜਾਈ ਹੋਈ। ਮਾਂ ਨੇ ਘੁੰਗਰੂ ਬਾਹਰ ਸੁੱਟ ਦਿੱਤੇ। ਕੰਵਲ ਬਹੁਤ ਚਿਰ ਬੈਠੀ ਰੋਂਦੀ ਰਹੀ। ਉਸ ਦੀਆਂ ਸੱਧਰਾਂ ਦਾ ਖ਼ੂਨ ਹੋ ਗਿਆ।

ਕੰਵਲ ਸਿਆਣੀ ਹੋਈ ਤਾਂ ਉਸ ਦੀਆਂ ਉਂਗਲਾਂ ਤੇ ਥਿਰਕਦੀਆਂ ਅੱਡੀਆਂ ਦੀਆਂ ਲੂਹ੍ਰੀਆਂ ਘਟ ਗਈਆਂ। ਇਕ ਵੱਡੇ ਠੇਕੇਦਾਰ ਦੇ ਮੁੰਡੇ ਨਾਲ ਉਸ ਦਾ ਵਿਆਹ ਹੋਇਆ। ਕੁੜੀ ਪੜ੍ਹੀ ਲਿਖੀ ਸੀ ਬੀ.ਏ. ਪਾਸ। ਗਾਣਾ ਜਾਣਦੀ ਸੀ, ਸਿਤਾਰ ਵੀ ਵਜਾਂਦੀ ਸੀ, ਨੱਚਣ ਦਾ ਉਸ ਨੂੰ ਸ਼ੌਕ ਸੀ। ਤੇ ਫਿਰ ਸੋਹਣੀ। ਠੇਕੇਦਾਰ ਦਾ ਮੁੰਡਾ ਵਲਾਇਤ ਪਾਸ ਕਰਕੇ ਆਇਆ ਸੀ। ਉਹ ਕੰਵਲ ਨੂੰ ਪਿਆਰ ਕਰਦਾ ਸੀ। ਕੰਵਲ ਨੇ ਸੋਚਿਆ, 'ਚਲੋ, ਮਾਪਿਆਂ ਦੇ ਘਰ ਜੋ ਸਧਰ ਪੂਰੀ ਨਹੀਂ ਹੋਈ, ਵਿਆਹ ਹੋਣ ਪਿੱਛੋਂ ਪੂਰੀ ਕਰਾਂਗੀ।'

ਵਿਆਹ ਪਿੱਛੋਂ ਦੋਹਾਂ ਨੇ ਹਨੀਮੂਨ ਕਸ਼ਮੀਰ ਮਨਾਇਆ। ਕੰਵਲ ਵਾਪਸ ਆਪਣੇ ਪਤੀ ਨਾਲ ਦਿੱਲੀ ਆ ਗਈ ਤਾਂ ਉਸ ਬਿਨਾ ਕੋਈ ਕਲਚਰਲ ਪ੍ਰੋਗਰਾਮ ਪੂਰਾ ਨਹੀਂ ਸੀ ਹੁੰਦਾ। ਉਹ ਪਾਰਟੀਆਂ ਦੀ ਜਾਨ ਸੀ। ਉਨ੍ਹੀਂ ਦਿਨੀਂ ਜਦ ਉਹ ਸੋਚ ਰਹੀ ਸੀ ਕਿ ਦੱਖਣ ਵਿਚ ਜਾ ਕੇ ਕਿਸੇ ਗੁਰੂ ਤੋਂ ਭਰਤ ਨੱਟਯਮ ਦੀ ਸ਼ਿਖਸ਼ਾ ਲਵੇ ਜਾਂ ਦਿੱਲੀ ਹੀ ਪਹਿਲਾਂ ਕਿਸੇ ਕੋਲੋਂ ਸਿੱਖੇ ਤਾਂ ਉਸ ਦਾ ਜੀਅ ਖਰਾਬ ਰਹਿਣ ਲੱਗਾ। ਉਸ ਨੂੰ ਪਤਾ ਲੱਗਾ ਕਿ ਉਹ ਅੱਠ ਮਹੀਨੇ ਨਾਚ ਨਹੀਂ ਸਿੱਖੇਗੀ। ਆਪਣੀ ਮਾਂ ਦੀ ਛੱਤ ਹੇਠ ਰਹਿੰਦੀ ਉਹ ਕੈਦ ਸੀ ਪਰ ਸਰੀਰਿਕ ਤੌਰ ਤੇ ਆਜ਼ਾਦ। ਪਤੀ ਦੀ ਛੱਤ ਹੇਠ ਉਸ ਨੂੰ ਹਰ ਕਾਸੇ ਦੀ ਆਜ਼ਾਦੀ ਸੀ ਪਰ ਸਰੀਰਿਕ ਤੌਰ 'ਤੇ ਨਹੀਂ। ਉਸ ਨੇ ਤੀਵੀਂ ਦੇ ਇਸ ਪੱਖ ਬਾਰੇ ਕਦੀ ਵੀ ਨਹੀਂ ਸੀ ਸੋਚਿਆ।

ਅੱਠ ਮਹੀਨਿਆਂ ਪਿੱਛੋਂ ਉਸ ਦੇ ਮੁੰਡਾ ਹੋਇਆ। ਬੱਚਾ ਹੋਣ ਪਿੱਛੋਂ ਉਹ ਇਕ ਮਹੀਨਾ ਹਸਪਤਾਲ ਵਿਚ ਹੀ ਰਹੀ। ਉਸ ਨੂੰ ਬਹੁਤ ਤ੍ਰੇਹ ਲਗਦੀ। ਗਰਮੀਆਂ ਦੇ ਦਿਨ ਸਨ। ਉਹ ਵਾਰ ਵਾਰ ਪਾਣੀ ਪੀਂਦੀ-ਬਰਫ਼ ਦਾ ਪਾਣੀ, ਸ਼ਰਬਤ, ਕੱਚੀ ਲੱਸੀ। ਬੱਚੇ ਦੀ ਸਿਹਤ ਤਾਂ ਕੁਝ ਦਿਨਾਂ ਪਿਛੋਂ ਠੀਕ ਹੋ ਗਈ ਪਰ ਕੰਵਲ ਰਾਣੀ ਦੀ ਕਮਰ ਜੋ ਪਹਿਲਾਂ 21 ਇੰਚ ਸੀ, ਹੁਣ ਰਤਾ ਵਧੇਰੇ ਘੇਰੇ ਦੀ ਹੋ ਗਈ ਸੀ। ਪਹਿਲੀਆਂ ਸਭੇ ਕਮੀਜ਼ਾਂ ਤੰਗ ਹੋ ਗਈਆਂ। ਤਰੀਜ਼ਾਂ ਖੋਲ੍ਹੀਆਂ ਗਈਆਂ,



ਪਲੋਈਆਂ ਤੇ ਪਲੇਟ ਉਧੇੜੇ ਗਏ, ਫੇਰ ਵੀ ਕਮੀਜ਼ਾਂ ਫਸ ਕੇ ਆਉਂਦੀਆਂ ਸਨ। ਖਾਣਾ ਘਟ ਕੀਤਾ ਤਾਂ ਜੋ ਕੰਵਲ ਆਪਣੀ ਅਸਲੀ ਥਾਂ ਤੇ ਆ ਜਾਵੇ। ਪਰ ਖਾਣਾ ਘਟਾਉਣ ਨਾਲ ਕੰਵਲ ਨਾ ਘਟੀ।

ਉਸ ਨੂੰ ਆਪਣੇ ਆਪ ਤੇ ਬਹੁਤ ਗੁੱਸਾ ਆਉਂਦਾ। ਉਹ ਪਹਿਰਾਂ ਬੈਠੀ ਸ਼ੀਸ਼ੇ ਵਿਚ ਆਪਣਾ ਮੂੰਹ ਤੱਕਦੀ ਰਹਿੰਦੀ। ਅੱਖਾਂ ਦੀ ਚਮਕ ਉਸੇ ਤਰ੍ਹਾਂ ਸੀ, ਪਰ ਅੱਖਾਂ ਹੇਠ ਕਿਤੇ ਕਿਤੇ ਛਾਈ ਫਿਰ ਗਈ ਸੀ। ਹੱਡਾਂ ਵਿਚ ਸੁਸਤੀ। ਅਜ਼ੀਬ ਨਸ਼ੀਲਾ ਮਿੱਠਾ-ਮਿੱਠਾ ਦਰਦ.. ਜੀਅ ਕਰਦਾ ਸੀ ਸਰੀਰ ਨੂੰ ਢਿੱਲਾ ਛੱਡ ਕੇ ਪਲੰਘ ਉਤੇ ਪੈ ਜਾਵੇ। ਮੁੰਡਾ ਵੱਡਾ ਹੋਣ ਲੱਗਾ। ਉਹ ਚਾਰ ਸਾਲਾਂ ਦਾ ਸੀ ਕਿ ਕੰਵਲ ਦਾ ਜੀਅ ਫਿਰ ਘਿਰਣ ਲੱਗਾ ਤੇ ਪਹਿਲਾਂ ਵਾਂਗ ਉਸ ਦੀ ਜੀਭ ਦਾ ਸੁਆਦ ਕਸੈਲਾ-ਕਸੈਲਾ ਰਹਿਣ ਲੱਗਾ।

ਉਹ ਮੁੜ ਕਿਸੇ ਧੀ-ਪੁੱਤ ਦੀ ਆਸਵੰਦ ਸੀ। ਜਿਨ੍ਹੀਂ ਦਿਨੀਂ ਉਸ ਦੇ ਬੱਚਾ ਹੋਣ ਵਾਲਾ ਸੀ, ਉਹ ਕਮਰੇ ਵਿਚ ਪਈ ਕਈ-ਕਈ ਘੰਟੇ ਸੋਚਦੀ ਰਹਿੰਦੀ। ਕੀ ਉਹ ਮੁੜ ਕਦੇ ਨੱਚਣਾ ਸਿਖ ਸਕੇਗੀ? ਕਬੀਲਦਾਰੀ ਦੇ ਝੇੜਿਆਂ ਵਿਚ ਗਾਣਾ ਮੁਮਕਿਨ ਹੈ, ਪੜ੍ਹਨਾ-ਲਿਖਣਾ ਵੀ ਆਸਾਨ ਹੈ। ਪਰ ਨੱਚਣਾ.... ਉੱਕਾ ਨਾ-ਮੁਮਕਿਨ! ਉਹ ਕਦੀ ਵੀ ਨੱਚਣਾ ਨਹੀਂ ਸਿੱਖ ਸਕੇਗੀ। ਜਿੰਦਗੀ ਦੀ ਸਭ ਤੋਂ ਵੱਡੀ ਸੱਧਰ ਦਿਲ ਵਿਚ ਹੀ ਲੈ ਕੇ ਇਸ ਦੁਨੀਆਂ ਤੋਂ ਤੁਰ ਜਾਏਗੀ। ਪਹਿਲੀ ਵਾਰ ਮੁੰਡਾ ਹੋਇਆ ਸੀ। ਮੁੰਡਿਆਂ ਭਲਾ ਨੱਚਣਾ ਕੀ ਐ? ਜੇ ਇਸ ਵਾਰ ਕੁੜੀ ਹੋਈ ਤਾਂ ਉਸ ਨੂੰ ਜੰਮਦੀ ਨੂੰ ਹੀ ਨੱਚਣ ਦੇ ਸਕੂਲ ਪਾ ਦਿਆਂਗੀ। ਪੰਜਾ ਸਾਲ ਦੀ ਕੁੜੀ ਹੋਈ ਤਾਂ ਘਰ ਮਾਸਟਰ ਰੱਖ ਦਿਆਂਗੀ। ਫਿਰ ਦਸ ਸਾਲ ਦੀ ਉਮਰ ਵਿਚ ਦੱਖਣ ਕਿਸੇ ਗੁਰੂ ਕੋਲ ਘੱਲ ਦਿਆਂਗੀ ਤਾਂ ਜੋ ਉਹ ਵੱਡੀ ਨ੍ਰਿਤਕੀ ਬਣ ਸਕੇ..।

ਉਸ ਦੋਵੇਂ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਕਿ ਇਸ ਵਾਰ ਉਸ ਦੇ ਕੁੜੀ ਹੋਵੇ।

ਉਸ ਦੀ ਪ੍ਰਾਰਥਨਾ ਮੰਜ਼ੂਰ ਹੋਈ ਤੇ ਉਸ ਦੇ ਕੁੜੀ ਜੰਮੀ। ਕੁੜੀ ਨੇ ਹੌਲੀ-ਹੌਲੀ ਵੱਡੇ ਹੋਣਾ ਸ਼ੁਰੂ ਕੀਤਾ। ਕੰਵਲ ਚਾਹੁੰਦੀ ਸੀ ਕਿ ਇਕੋ ਛਡ.ਪੇ ਵਿਚ ਕੁੜੀ ਪੰਜ ਸਾਲਾਂ ਦੀ ਹੋ ਜਾਵੇ ਤਾਂ ਜੋ ਨੱਚਣ ਦੀ ਵਿਦਿਆ ਸ਼ੁਰੂ ਕਰ ਸਕੇ। ਇਕ ਤਰ੍ਹਾਂ ਦਾ ਜਨੂੰਨ ਜਿਹੀ ਸੀ ਉਸ ਨੂੰ। ਉਹ ਆਪਣੀ ਮਾਂ ਤੇ ਉਸ ਦੀ ਮਾਂ ਤੋ ਬਦਲਾ ਲੈਣਾ ਚਾਹੁੰਦੀ ਸੀ। ਕੁੜੀ ਨੂੰ ਸਿਖਾ ਕੇ ਉਹ ਆਪਣੀ ਸਭ ਤੋਂ ਵੱਡੀ ਸੱਧਰ ਪੂਰੀ ਕਰਨੀ ਚਾਹੁੰਦੀ ਸੀ। ਉਸ ਕੁੜੀ ਦਾ ਨਾਂ ਰੱਖਿਆ ਆਸ਼ਾ।

ਆਸ਼ਾ ਘੁੰਗਰੂਆਂ ਦੀ ਛਣਕਾਰ ਤੇ ਸਿਤਾਰ ਦੀ ਝੁਣਕਾਰ ਵਿਚ ਵੱਡੀ ਹੋਈ। ਭਾਵੇਂ ਨੱਚਣ ਦੇ ਸਭ ਸਾਧਨ ਘਰ ਵਿਚ ਮੌਜੂਦ ਸਨ ਪਰ ਆਸ਼ਾ ਨੂੰ ਇਸ ਨਾਲੋਂ ਗੁੱਡੀਆਂ ਪਟੋਲੇ ਤੇ ਮੂਰਤਾਂ ਵਾਲੀਆਂ ਕਿਤਾਬਾਂ ਚੰਗੀਆਂ ਲਗਦੀਆਂ ਸਨ।

ਉਸ ਨੂੰ ਅਣਗਿਣਤ ਕਹਾਣੀਆਂ ਯਾਦ ਸਨ, ਫਿਰ ਵੀ ਉਸ ਦੀ ਕਹਾਣੀਆਂ ਦੀ ਭੁੱਖ ਨਹੀਂ ਸੀ ਮਿਟਦੀ। ਰਾਤ ਨੂੰ ਸੌਣ ਲੱਗੇ ਆਪਣੀ ਮਾਂ ਨੂੰ ਜੰਗਲੀ ਸ਼ਹਿਜ਼ਾਦੀ, ਰਾਜੇ ਦਾ ਹਾਥੀ, ਤੇ ਸਤ-ਲੜੇ ਹਾਰ ਦੀਆਂ ਕਹਾਣੀਆਂ ਸੁਣਾਉਣ ਲਈ ਆਖਦੀ। ਸਕੂਲ ਵਿਚ ਅੱਧੀ ਛੁੱਟੀ ਵੇਲੇ ਬਾਕੀ ਕੁੜੀਆਂ ਅੱਡੀ-ਟੱਪਾ ਤੇ ਸਤ ਸਮੁੰਦਰ ਖੇਡਦੀਆਂ ਆਸ਼ਾ ਮੂਰਤਾਂ ਵਾਲੀ ਕਿਤਾਬ ਲੈ ਕੇ ਬੈਠ ਜਾਂਦੀ।

ਇਕ ਦਿਨ ਉਸ ਦੀ ਮਾਂ ਸਕੂਲ ਗਈ। ਸਲਾਨਾ ਜਲਸਾ ਸੀ। ਆਸ਼ਾ ਜਮਾਤ ਵਿਚ ਅੱਵਲ ਆਈ ਸੀ। ਮਾਂ ਨੇ ਆਖਿਆ, 'ਧੀਏ, ਬਹੁਤਾ ਪੜ੍ਹੀਦਾ ਨਹੀਂ। ਅੱਖਾਂ ਖਰਾਬ ਹੋ ਜਾਂਦੀਆਂ ਨੇ। ਸੰਗੀਤ ਤੇ ਨੱਚਣ ਵਲ ਵੀ ਧਿਆਨ ਦਿਆ ਕਰ। ਅੱਜ ਕੱਲ੍ਹ ਤਾਂ ਹਰ ਕੁੜੀ ਨੂੰ ਨੱਚਣਾ ਆਉਣਾ ਜ਼ਰੂਰੀ ਹੈ। ਸਾਡਾ ਘਰ ਬਾਕੀ ਟੱਬਰਾਂ ਵਾਂਗ ਸੌੜੀਆਂ ਕੀਮਤਾਂ ਦਾ ਗ਼ੁਲਾਮ ਨਹੀਂ, ਸਗੋਂ ਵਿਸ਼ਾਲ ਤੇ ਚੰਗੀਆਂ ਕੀਮਤਾਂ ਨੂੰ ਕਬੂਲਦਾ ਹੈ। ਜਦ ਤੂੰ ਦਸਵੀਂ ਪਾਸ ਕਰ ਲਈ ਤਾਂ ਤੈਨੂੰ ਨਾਚ ਦੇ ਸਕੂਲ ਘੱਲਾਂਗੀ।'

'ਨਹੀਂ ਮਾਂ, ਮੈਂ ਤਾਂ ਕਾਲਜ ਜਾਵਾਂਗੀ।'

'ਝੱਲੀਏ ਕਾਲਜ ਵਿਚ ਆਏ ਸਾਲ ਹਜ਼ਾਰਾਂ ਕੁੜੀਆਂ ਬੀ.ਏ. ਪਾਸ ਕਰ ਲੈਂਦੀਆਂ ਨੇ। ਕੋਈ ਪੁਛਦਾ ਵੀ ਨਹੀਂ। ਪਰ ਜੇ ਨੱਚਣਾ ਆਉਂਦਾ ਹੋਵੇ ਤਾਂ ਇਸ ਕਲਾ ਦੀ ਸੌ ਕਦਰ ਹੈ।'

ਮਾਂ ਆਪਣੀਆਂ ਆਸਾਂ ਗੁੰਦਦੀ ਰਹੀ, ਆਸ਼ਾ ਆਪਣੀਆਂ। ਮਾਂ ਨਾਚ ਦੇ ਸੁਫ਼ਨੇ ਤੱਕਦੀ ਰਹੀ, ਆਸ਼ਾ ਕਿਤਾਬਾਂ ਵਿਚ ਲੁਕੀ ਹੋਈ ਦੁਨੀਆ ਦੇ। ਦਸਵੀਂ ਵਿਚ ਆਸ਼ਾ ਅੱਵਲ ਆਈ। ਉਸ ਦੀ ਸੱਧਰ ਸੀ ਕਿ ਐਮ.ਏ. ਪਾਸ ਕਰੇ, ਸਾਹਿਤ ਦਾ ਐਮ.ਏ. ਤੇ ਕਹਾਣੀਆਂ ਲਿਖੇ। ਸਾਹਿਤ ਦੀ ਦੁਨੀਆ ਵਿਚ ਡੁੱਬੀ ਹੋਈ ਆਸ਼ਾ ਨੂੰ ਇਕ ਦਿਨ ਉਸ ਦੀ ਮਾਂ ਨੇ ਆਖਿਆ :-

'ਮੈਂ ਤੇਰੇ ਸਕੂਲ ਦਾ ਪ੍ਰਬੰਧ ਕਰ ਦਿੱਤੈ।'

'ਮੈਂ ਨਹੀਂ ਜਾਣਾ।'

'ਕਿਉਂ?'

'ਮੈਨੂੰ ਨੱਚਣ ਵਿਚ ਕੋਈ ਦਿਲਚਸਪੀ ਨਹੀਂ। ਮੈਂ ਅੱਗੇ ਪੜ੍ਹਨਾ ਚਾਹੁੰਦੀ ਆਂ। ਮੇਰੇ ਨਾਲ ਦੀਆਂ ਸਾਰੀਆਂ ਕੁੜੀਆਂ ਪੜ੍ਹ ਰਹੀਆਂ ਨੇ। ਸਾਹਿਤ ਦੀ ਦੁਨੀਆ ਵਚਿੱਤਰ ਐ, ਮਹਾਨ ਐ, ਮੈਂ ਪੜ੍ਹਾਂਗੀ, ਕਾਲਜ ਵਿਚ...।'

ਮਾਂ ਦੀਆਂ ਸਧਰਾਂ ਉਤੇ ਪਾਣੀ ਫਿਰ ਗਿਆ। ਉਸ ਮੂੰਹ ਵੱਟ ਲਿਆ। ਉਸ ਨੂੰ ਇੰਜ ਲੱਗਿਆ ਜਿਵੇਂ ਪੰਦਰਾਂ ਸਾਲ ਉਹ ਕਿਸੇ ਨੂੰ ਪਿਆਰ ਕਰਦੀ ਰਹੀ ਹੈ, ਤੇ ਇਕਦਮ ਉਸ ਆਦਮੀ ਨੇ ਆਖਿਆ - ਮੈਨੂੰ ਤੇਰੇ ਨਾਲ ਪਿਆਰ ਨਹੀਂ, ਮੈਂ ਤਾਂ ਕਿਸੇ ਹੋਰ ਕੁੜੀ ਨੂੰ ਪਿਆਰ ਕਰਦਾ ਹਾਂ, ਉੱਕਾ ਧਰੋਹ! ਦਗ਼ਾ! ਧੋਖਾ!

ਮਾਂ ਧੀ ਦੇ ਵਿਚਕਾਰ ਵੱਡੀ ਕੰਧ ਸੀ। ਉਹ ਇਕ ਦੂਜੀ ਨੂੰ ਦੇਖ ਨਹੀਂ ਸਨ ਸਕਦੀਆਂ। ਆਸ਼ਾ ਦੇ ਦਿਲ ਅੰਦਰ ਡੋਬ ਪੈ ਰਹੇ ਸਨ। ਉਸ ਦੀ ਮਾਂ ਕਿਉਂ ਪੜ੍ਹਾਈ ਦੇ ਵਿਰੁੱਧ ਸੀ? ਕਿਉਂ ਉਸ ਦੀ ਸਭ ਤੋਂ ਵੱਡੀ ਦੁਸ਼ਮਣ ਉਸ ਦੀ ਮਾਂ ਸੀ?

ਉਸ ਦੇ ਦਿਲ ਅੰਦਰ ਚੀਸ ਉਠ ਰਹੀ ਸੀ। ਕੀ ਉਸ ਦੀ ਸਭ ਤੋਂ ਵੱਡੀ ਸੱਧਰ ਉਸ ਦੀ ਮਾਂ ਦੀ ਖਾਹਸ਼ ਉਤੇ ਕੁਰਬਾਨ ਹੋ ਜਾਵੇਗੀ? ਉਹ ਗਿੱਲੀਆਂ ਅੱਖਾਂ ਨਾਲ ਖਿੜਕੀ ਵਿਚੋਂ ਦੂਰ ਬਾਹਰ ਤੱਕ ਰਹੀ ਸੀ।

---

ਕਲਮਾਂ ਦੇ ਜਜ਼ਬਾਤ

ਯਾਦਾਂ ਦੇ ਝਰੋਖੇ 'ਚੋਂ

ਪਰਵੀਨ ਕੌਰ ਸਿੱਧੂ

# ਜਾਦੂ ਟੂਣੇ

ਬਚਪਨ ਦੀਆਂ ਕਈ ਅਜਿਹੀਆਂ ਯਾਦਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਜਦੋਂ ਮਰਜ਼ੀ ਯਾਦ ਕਰ ਲਵੋ। ਉਹ ਤੁਹਾਡੇ ਚਿਹਰੇ 'ਤੇ ਖ਼ੁਸ਼ੀ ਲਿਆ ਦਿੰਦੀਆਂ ਹਨ।

ਅਸੀਂ ਦੋਨੋਂ ਭੈਣ ਭਰਾ ਘਰ ਦੀ ਛੱਤ ਉੱਤੇ ਖੇਡ ਰਹੇ ਸੀ। ਸ਼ਾਮ ਦਾ ਵਕਤ ਸੀ। ਮੰਮੀ ਜੀ ਸਾਨੂੰ ਸ਼ਾਮ ਨੂੰ ਦੁੱਧ ਦੇ ਗਿਲਾਸ ਪੀਣ ਲਈ ਦੇ ਕੇ ਗਏ। ਮੈਂ ਤਾਂ ਉਸੇ ਵਕਤ ਦੁੱਧ ਪੀ ਕੇ ਗਲਾਸ ਵਾਪਸ ਮੰਮੀ ਜੀ ਨੂੰ ਫੜਾ ਦਿੱਤਾ। ਵੀਰਾ ਦੁੱਧ ਹੌਲੀ-ਹੌਲੀ ਪੀਂਦਾ ਹੁੰਦਾ ਸੀ। ਮੰਮੀ ਜੀ ਤਾਂ ਚਲੇ ਗਏ, ਪਰ ਵੀਰੇ ਨੇ ਅੱਧਾ ਕੁ ਦੁੱਧ ਪੀ ਕੇ ਛੱਤ ਤੋਂ ਪਿਛਲੇ ਪਾਸੇ ਡੋਲ੍ਹ ਦਿੱਤਾ। ਹਨੇਰਾ ਹੁੰਦਿਆਂ ਤੱਕ ਪਿਛਲੀ ਗੁਆਂਢਣ ਨੇ ਰੌਲਾ ਪਾ ਦਿੱਤਾ ਕਿ ਉਸ ਦੇ ਘਰ ਸਾਡੇ ਘਰ ਵਾਲਿਆਂ ਨੇ ਟੂਣਾ ਕਰ ਦਿੱਤਾ ਹੈ। ਗੱਲ ਪਹੁੰਚਦੀ-ਪਹੁੰਚਦੀ ਦਾਦੀ ਅੰਮਾਂ ਤੱਕ ਪਹੁੰਚ ਗਈ। ਸਾਰੇ ਘਰ ਦੇ ਹੈਰਾਨ ਸਨ ਕਿ ਇਹ ਹੋਇਆ ਕੀ ਹੈ?

ਗੱਲ ਕਰਦਿਆਂ ਪਤਾ ਚੱਲਿਆ ਕਿ ਉਨ੍ਹਾਂ ਦੇ ਲਾਏ ਪਰਾਲੀ ਦੇ ਢੇਰ 'ਤੇ ਦੁੱਧ ਡੋਲ੍ਹ ਕੇ ਅਸੀਂ ਟੂਣਾ ਕੀਤਾ ਹੈ। ਜਦੋਂ ਮੈਂ ਇਹ ਸਭ ਸੁਣਿਆ ਤਾਂ ਮੈਂ ਇਕਦਮ ਦੌੜ ਕੇ ਛੱਤ ਉੱਤੇ ਗਈ। ਮੈਨੂੰ ਪਤਾ ਸੀ ਕਿ ਉਹ ਕਈ ਵਾਰ ਮੈਨੂੰ ਵੀ ਆਪਣੇ ਵਾਲੇ ਗਲਾਸ ਵਿੱਚੋਂ ਦੁੱਧ ਨੂੰ ਖ਼ਤਮ ਕਰਨ ਲਈ ਕਹਿੰਦਾ ਹੁੰਦਾ ਸੀ।

ਮੇਰੇ ਪਿੱਛੇ-ਪਿੱਛੇ ਦਾਦੀ ਅੰਮਾ ਵੀ ਆ ਗਏ। ਉਦੋਂ ਤੱਕ ਹਨੇਰਾ ਹੋਰ ਵੀ ਹੋ ਗਿਆ ਸੀ। ਧਿਆਨ ਨਾਲ ਦੇਖਣ 'ਤੇ ਪਤਾ ਚੱਲਿਆ ਕਿ ਛੱਤ ਉੱਤੇ ਜਿਹੜਾ ਢੀਂਜਣ ਪਿਆ ਸੀ। ਉਸ ਵਿਚਲੇ ਇੱਕ ਡੰਡੇ ਵਿੱਚ ਛੋਟੀ ਜਿਹੀ ਮੋਰੀ ਸੀ। ਉਸ ਵਿੱਚ ਦੋ ਕੁ ਬੂੰਦਾਂ ਦੁੱਧ ਦੀਆਂ ਪਈਆਂ ਸਨ।

ਸਾਰਿਆਂ ਨੂੰ ਸਮਝ ਆ ਗਈ ਕਿ ਅਸਲ ਵਿੱਚ ਮਾਜਰਾ ਕੀ ਹੈ? ਦਾਦੀ ਜੀ ਨੇ ਜਾ ਕੇ ਸਮਝਾਇਆ ਕਿ ਅਸੀਂ ਆਪਣੇ ਮੁੰਡੇ ਨੂੰ ਦੁੱਧ ਪੀਣ ਲਈ ਦਿੱਤਾ ਸੀ, ਪਰ ਉਸ ਨੇ ਇਹ ਦੁੱਧ ਅੱਖ ਬਚਾ ਕੇ ਡੋਲ੍ਹ ਦਿੱਤਾ ਸੀ। ਕੋਈ ਟੂਣਾ ਟਮਾਣਾ ਨਹੀਂ ਹੋਇਆ। ਵਹਿਮ ਦਾ ਕੋਈ ਇਲਾਜ ਨਹੀਂ ਹੁੰਦਾ।

ਸਾਨੂੰ ਸਭ ਨੂੰ ਇਹ ਤਾਂ ਪਤਾ ਸੀ ਕਿ ਉਹ ਦੁੱਧ ਪੀਣ ਤੋਂ ਕੰਨੀ ਕਤਰਾਉਂਦਾ ਹੈ, ਪਰ ਇਹ ਨਹੀਂ ਸੀ ਸੋਚਿਆ ਕਿ ਦੁੱਧ ਪੀਣ ਦੀ ਥਾਂ 'ਤੇ ਅੱਖ ਬਚਾ ਕੇ ਡੋਲ੍ਹ ਵੀ ਦੇਵੇਗਾ। ਉਸ ਨੂੰ ਜਦੋਂ ਪੁੱਛਿਆ ਗਿਆ ਤਾਂ ਪਹਿਲਾਂ ਉਸ ਨੇ ਨਾਂਹ ਨੁੱਕਰ ਕੀਤੀ। ਫਿਰ ਦਬਕਾ ਵੱਜਣ ਤੇ ਸੱਚ ਦੱਸ ਦਿੱਤਾ ਕਿ ਦੁੱਧ ਉਸੇ ਨੇ ਹੀ ਡੋਲ੍ਹਿਆ ਹੈ।

ਮੂੰਹ ਹਨੇਰੇ ਤੱਕ ਮਸਾਂ ਮਸਲਾ ਹੱਲ ਹੋਇਆ। ਸਭ ਨੇ ਰਾਤ ਦੀ ਰੋਟੀ ਚੈਨ ਨਾਲ ਖਾਧੀ। ਕਈ ਦਿਨਾਂ ਤੱਕ ਇਸ ਗੱਲ ਦੀ ਚਰਚਾ ਆਂਢ-ਗੁਆਂਢ ਚਲਦੀ ਰਹੀ। ਉਸ ਤੋਂ ਬਾਅਦ ਜਦੋਂ ਵੀ ਵੀਰੇ ਨੂੰ ਦੁੱਧ ਦਾ ਗਲਾਸ ਦਿੱਤਾ ਜਾਂਦਾ, ਉਸ ਦੇ ਕੋਲ਼ ਉਨੀ ਦੇਰ ਖੜੇ ਹੋ ਕੇ ਪਿਆਉਣਾ ਪੈਂਦਾ। ਵਿਚਾਰਾ ਹੁਣ ਫ਼ਸ ਤਾਂ ਗਿਆ ਸੀ। ਦੁੱਧ ਪੀਣ ਦੀ ਮਜ਼ਬੂਰੀ ਵੀ ਬਣ ਗਈ ਸੀ। ਹੁਣ ਵੀ ਕਈ ਵਾਰ ਇਸ ਘਟਨਾ ਦਾ ਜ਼ਿਕਰ ਕਰਕੇ ਖੁਸ਼ ਹੋ ਲਈਦਾ ਹੈ।

# ਕਾਵਿ ਸੰਸਾਰ

## ਸਕੂਲ

ਅਮਰਦੀਪ ਕੌਰ




ਗਾਚਨੀ ਨਾਲ ਪੋਚ ਸੁਕਾਂਦੇ ਧੁੱਪੇ ਜਾਹ ਕੇ,
ਪੈਨਸਿਲ ਦੇ ਨਾਲ ਲਕੀਰਾਂ ਵਾਹ ਕੇ,
ਕਾਨਿਆਂ ਨੂੰ ਘੜ ਕੇ ਕਲਮ ਬਣਾਈ ਜੀ,
ਫੱਟੀ ਤੋਂ ਸ਼ੁਰੂ ਅਸੀਂ ਕੀਤੀ ਸੀ ਪੜ੍ਹਾਈ ਜੀ।
ਕਾਲੀ ਸਿਆਹੀ ਨੂੰ ਪਾਣੀ ਵਿੱਚ ਰਲਾ ਕੇ,
ਕਰਦੇ ਸੀ ਗੂੜ੍ਹੀ ਗੁੜ ਦੀ ਡਲੀ ਮਿਲਾ ਕੇ,
ਡੁਬੋ ਕੇ ਕਲਮ ਕਰਦੇ ਲਿਖਾਈ ਜੀ,
ਫੱਟੀ ਤੋਂ ਸ਼ੁਰੂ ਅਸੀਂ ਕੀਤੀ ਸੀ ਪੜ੍ਹਾਈ ਜੀ।
ਕੋਈ ਲਿਖਦਾ ਸਾਫ਼ ਕੋਈ ਗੰਦ ਪਾਂਦਾ ਸੀ,
ਮਾਸਟਰ ਜੀ ਕੋਲੋਂ ਗਾਲਾਂ ਵੀ ਖਾਂਦਾ ਸੀ,
ਲਬੇੜ ਲੈਂਦੇ ਲੀੜੇ ਪਰਵਾਹ ਨਾ ਕਾਈ ਜੀ,
ਫੱਟੀ ਤੋਂ ਸ਼ੁਰੂ ਅਸੀਂ ਕੀਤੀ ਸੀ ਪੜ੍ਹਾਈ ਜੀ।
ਇੱਕ ਹੀ ਦਵਾਤ 'ਚੋਂ ਲਿਖਦੇ ਸੀ ਰਲ਼ ਕੇ,
ਬਹਿ ਜਾਂਦੇ ਭੂੰਜੇ ਹੀ ਜਗ੍ਹਾ ਜਿਹੀ ਮਲ਼ ਕੇ,
ਕਿਤਾਬ ਤੋਂ ਵੇਖ ਕਰਦੇ ਸੀ ਲਿਖਾਈ ਜੀ,
ਫੱਟੀ ਤੋਂ ਸ਼ੁਰੂ ਅਸੀਂ ਕੀਤੀ ਸੀ ਪੜ੍ਹਾਈ ਜੀ।
ਨਾ ਮਹਿੰਗਾ ਸਕੂਲ ਨਾ ਫੀਸਾਂ ਦਾ ਭਾਰ ਸੀ,
ਕਲਮ ਤੇ ਦਵਾਤ ਝੋਲੇ ਦਾ ਸ਼ਿੰਗਾਰ ਸੀ,
ਮਾਂ ਬੋਲੀ ਚੋਂ ਪੜ੍ਹ ਕੇ ਮੰਜ਼ਲ ਹੈ ਪਾਈ ਜੀ,
ਫੱਟੀ ਤੋਂ ਸ਼ੁਰੂ ਅਸੀਂ ਕੀਤੀ ਸੀ ਪੜ੍ਹਾਈ ਜੀ।

## ਰਹਿਮਤਾਂ

ਹਰਵਿੰਦਰ ਸਿੰਘ ਭੱਟੋਂ

ਤੂੰ ਇਹ ਨਾ ਸੋਚਿਆ ਕਰ,
ਆਪਾਂ ਕਦੇ ਨਹੀ ਮਿਲਣਾ,
ਤੂੰ ਜਦ ਵੀ ਸੱਦਿਆ ਬੁਲਾਇਆ,
ਮੈਂ ਹਾਜ਼ਰ ਹੋ ਜਾਂਵਾਗਾ।
ਰਿਸ਼ਤੇ ਮੁਲਾਕਾਤਾਂ ਤੇ ਛੋਹਾਂ,
ਮੰਗਦੇ ਹੁੰਦੇ ਹਨ,
ਪਰ ਮੈਂ ਤਾਂ ਤੈਨੂੰ ਤੇਰੀ,
ਰੂਹ ਦੀ ਪਰਿਕਰਮਾ ਕਰਦਾ,
ਵੀ ਮਿਲ ਜਾਂਵਾਗਾ।
ਭਾਵੇਂ ਮੈਂ ਤੇਰੇ ਰਾਹਾਂ ਵਿੱਚ,
ਫੁੱਲ ਨਹੀ ਵਿਛਾ ਸਕਿਆ,
ਪਰ ਮੈਂ ਤੈਨੂੰ ਤੇਰੇ ਰਾਹਾਂ 'ਚੋਂ
ਕੰਡੇ ਚੁੱਗਦਾ ਅਕਸਰ ਮਿਲ ਜਾਵਾਂਗਾ।
ਮੁਹੱਬਤ ਘਾਟੇ ਵਾਧੇ,
ਨਹੀ ਦੇਖਦੀ ਹੁੰਦੀ,
ਪਰ ਮੈਂ ਤੇਰੀਆਂ ਰਹਿਮਤਾਂ ਗਿਣਦਾ,
ਤੈਨੂੰ ਅਕਸਰ ਮਿਲ ਜਾਵਾਂਗਾ।
ਤੂੰ ਇਹ ਨਾ ਸੋਚਿਆ ਕਰ,
ਆਪਾਂ ਕਦੇ ਨਹੀ ਮਿਲਣਾ,
ਤੂੰ ਜਦ ਵੀ ਸੱਦਿਆ ਬੁਲਾਇਆ,
ਮੈਂ ਹਾਜ਼ਰ ਹੋ ਜਾਵਾਂਗਾ।

## ਨਜ਼ਮ

### 'ਔਗੁਣ ਤਿਆਗ, ਬਣੀ ਇਨਸਾਨ'

ਮਨਪ੍ਰੀਤ ਸਿੰਘ ਮੁਹਾਰ, ਅੰਮ੍ਰਿਤਸਰ
9915104727

ਔਗੁਣ ਤਿਆਗ, ਬਣੀ ਇਨਸਾਨ,
ਰੱਖੀਂ ਬੋਲੀ 'ਚ ਮਿਠਾਸ,
ਕੋਈ ਵੀ ਤੇਰਾ ਵਿਭਾਗ ਹੋਵੇ,
ਜ਼ਿੰਦਾ ਰਹੇ ਜ਼ਮੀਰ ਸਦਾ,
ਰੋਸ਼ਨ ਤੇਰਾ ਦਿਮਾਗ ਹੋਵੇ।
ਤੁਰਿਆ ਜਾਵੀਂ ਨਿਰੰਤਰ,
ਚਾਲ ਬੇਸ਼ੱਕ, ਰੱਖੀਂ ਮੱਧਮ।
ਵੇਖੀਂ ਹੁੰਦੀਆਂ ਮੰਜ਼ਲਾਂ ਸਰ,
ਜੇ ਬਲਦਾ ਮਿਹਨਤ ਦਾ ਚਿਰਾਗ ਹੋਵੇ।
ਜ਼ਿੰਦਾ ਰਹੇ ਜ਼ਮੀਰ ਸਦਾ,
ਰੋਸ਼ਨ ਤੇਰਾ ਦਿਮਾਗ ਹੋਵੇ।
ਜਾਵੀਂ ਨਾ ਤੂੰ ਕਿਧਰੇ ਡੋਲ,
ਬਹੁਤਾ ਬਣੀ ਨਾ ਅਣਭੋਲ,
ਅਸਲ ਦੀ ਫਿਰ ਹੋਵੇ ਪਰਖ,
ਜੇ ਪੜ੍ਹੀ ਜ਼ਿੰਦਗੀ ਦੀ ਕਿਤਾਬ ਹੋਵੇ।
ਜ਼ਿੰਦਾ ਰਹੇ ਜ਼ਮੀਰ ਸਦਾ,
ਰੋਸ਼ਨ ਤੇਰਾ ਦਿਮਾਗ ਹੋਵੇ।
ਚੁਣੀ ਰਸਤਾ ਸਮਝ ਸੋਚ,
ਕਦਮਾਂ ਨੂੰ ਆਊ ਨਾ ਮੋਚ,
ਫਲਾਂ ਨਾਲ ਝੋਲੀ ਭਰ ਜਾਊ,
ਜੇ ਨੀਅਤ ਨਾ ਖਰਾਬ ਹੋਵੇ।
ਜ਼ਿੰਦਾ ਰਹੇ ਜ਼ਮੀਰ ਸਦਾ,
ਰੋਸ਼ਨ ਤੇਰਾ ਦਿਮਾਗ ਹੋਵੇ।

## ਬਹੁਤ ਫਰਕ ਹੁੰਦਾ

ਵਿਰਕ ਪੁਸ਼ਪਿੰਦਰ

ਬਹੁਤ ਫਰਕ ਹੁੰਦਾ
ਕਵਿਤਾ ਨਾਂ ਦੀ ਕੁੜੀ
ਤੇ ਕਵਿਤਾ ਕਹਿਣ ਵਿਚ
ਕਵਿਤਾ ਨਾਂ ਦੀ ਕੁੜੀ
ਤਾਂ ਲੁਕੋ ਲੈਂਦੀ ਹੈ
ਹਰ ਤਰ੍ਹਾਂ ਦਾ ਸੱਚ
ਤੇ ਮੁਸਕਰਾਉਂਦੀ ਹੈ ਬੱਸ
ਝੂਠੀ-ਮੂਠੀ।
ਤੋਤਲੀ ਬੋਲੀ 'ਚ
ਬੋਲਦੀ ਖੇਡਦੀ
ਹੱਸਦੀ ਨੱਚਦੀ ਦੇ
ਜਦੋਂ ਕੋਈ ਆ
ਚਾਕਲੇਟ ਦੇ ਬਹਾਨੇ
ਪਾਉਂਦਾ ਹੈ ਹੱਥ
ਫਰਾਕ 'ਚ
ਤੇ ਛੇੜਦਾ ਹੈ
ਉਹਦੇ ਗੁਪਤ ਅੰਗਾਂ ਨੂੰ
ਉਹ ਡਰਦੀ ਮਾਰੀ
ਨਹੀਂ ਦੱਸਦੀ ਘਰ ਆ।
ਜਦੋਂ ਆਪਣੀ ਮਸਤ ਤੋਰ ਤੁਰਦੇ
ਸਕੂਲ ਕਾਲਜ ਜਾਂਦੀ ਦਾ
ਆ ਘੇਰਦਾ ਹੈ ਕੋਈ ਰਾਹ
ਉਦੋਂ ਵੀ ਉਹ ਡਰਦੇ ਮਾਰੇ
ਵੱਟ ਲੈਂਦੀ ਹੈ ਪਾਸਾ
ਤੇ ਬੇਧਿਆਨਾ ਕਰ ਨਿਕਲ ਜਾਂਦੀ ਹੈ
ਨਹੀਂ ਦੱਸਦੀ ਕਿਸੇ ਨੂੰ।
ਜਦੋਂ ਸ਼ਰਾਬੀ ਪਤੀ ਕਰਦਾ ਹੈ
ਸਰੀਰਿਕ ਅਤੇ ਮਾਨਸਿਕ ਬਲਾਤਕਾਰ
ਉਦੋਂ ਵੀ ਉਹ ਰੱਖ ਲੈਂਦੀ ਹੈ
ਫੋਕੀਆਂ ਇੱਜ਼ਤਾਂ ਦੀ ਲਾਜ
ਤੇ ਸਹਿ ਜਾਂਦੀ ਹੈ
ਮਰਦੇ ਦਮ ਤੱਕ
ਆਪਣੀ ਜੀਭ ਨੂੰ ਤਾਲਾ ਲਾ ਕੇ
ਬਣ ਜਾਂਦੀ ਹੈ ਲਾਸ਼
ਤੇ ਨਹੀਂ ਦੱਸਦੀ ਕਿਸੇ ਨੂੰ।
ਕਵਿਤਾ ਨਾਂ ਦੀ ਕੁੜੀ
ਤਾਂ ਸਹਿੰਦੀ ਹੈ
ਕਈ ਤਰ੍ਹਾਂ ਦੇ ਬਲਾਤਕਾਰ
ਪਰ ਕਵਿਤਾ
ਨਹੀਂ ਸਹਿੰਦੀ
ਕਿਸੇ ਵੀ ਤਰ੍ਹਾਂ ਦਾ
ਬੇਇਨਸਾਫ
ਕਵਿਤਾ ਤਾਂ
ਲਾਹ ਸੁੱਟਦੀ ਹੈ
ਨਕਾਬਪੋਸ਼ਾਂ ਦੇ ਨਕਾਬ
ਤੇ ਕਰ ਦਿੰਦੀ ਹੈ
ਸਭ ਨੂੰ ਨੰਗਾ ਚਿੱਟਾ
ਕਵਿਤਾ ਨਾਂ ਦੀ ਕੁੜੀ
ਤਾਂ ਰਹਿ ਸਕਦੀ ਹੈ ਹਨੇਰੇ 'ਚ
ਪਰ ਕਵਿਤਾ ਤਾਂ
ਲੈ ਕੇ ਆਉਂਦੀ ਹੈ
ਇੱਕ ਨਵਾਂ ਸਵੇਰਾ
ਤੇ ਬਣਦੀ ਹੈ
ਇਨਕਲਾਬ।

## ਅੱਖਰਾਂ ਦੇ ਰਸ ਨਾਲ

ਲਖਵਿੰਦਰ ਸਿੰਘ ਲੱਖਾ ਸਲੇਮਪੁਰੀ
+447438398345

ਅੱਖਰਾਂ ਦੇ ਰਸ ਨਾਲ ਮੈਂ ਐਸਾ, ਧੋਵਾਂ ਮੁੱਖ ਪੰਜਾਬੀ ਦਾ।
ਹਰ ਕੋਈ ਹੀ ਰਹੇ ਮਾਣਦਾ, ਸੱਜਣੋਂ ਸੁੱਖ ਪੰਜਾਬੀ ਦਾ।
ਧੂੜ ਲੇਖਕਾਂ ਇਸ ਤੇ ਪਾਈ, ਜੋ ਅੱਜ ਖਿੱਚਾ ਧੂਹੀ ਦੀ,
ਸਾਫ਼ ਓਸ ਨੂੰ ਕਰਕੇ ਕੱਟਾਂ, ਹਰੇਕ ਦੁੱਖ ਪੰਜਾਬੀ ਦਾ।
ਹੇਠਾਂ ਵੱਲੇ ਰਹੀ ਨਿੱਘਰ ਜੋ, ਅੱਜ ਹੈ ਸਾਡੇ ਕਾਰਨ ਹੀ,
ਅੰਬਰਾਂ ਵੱਲ ਨੂੰ ਕਰ ਦੇਵਾਂ ਮੈਂ, ਯਾਰੋ ਰੁਖ ਪੰਜਾਬੀ ਦਾ।
ਹੋਰ ਭਾਸ਼ਾਵਾਂ ਸਿੱਖਣੀਆਂ ਵੀ, ਭਾਵੇਂ ਮਾੜੀ ਗੱਲ ਨਹੀਂ,
ਸ਼ਾਮ-ਸਵੇਰੇ ਲਿਆ ਕਰਾਂ ਮੈਂ, ਦੁੱਖੜਾ ਪੁੱਛ ਪੰਜਾਬੀ ਦਾ।
ਮਾਂ ਪੰਜਾਬੀ ਕਹਿੰਦੇ ਹਾਂ ਜੇ, ਬਣਨਾ ਧੀ-ਪੁੱਤ ਚਾਹੀਦਾ,
ਕਿਸ ਗੱਲੋਂ ਨਿਰਾਦਰ ਕਰੀਏ, ਸੱਜਣੋਂ ਕੁੱਖ ਪੰਜਾਬੀ ਦਾ।
ਇਹੇ ਗੱਲ ਨਹੀਓਂ ਮਾਮੂਲੀ, ਅਣਖ਼ ਜਮੀਰਾਂ ਵਾਲੇ ਲਈ,
ਐਪਰ ਅਣਗੌਲਿਆ ਕਰ ਦੇਵੇ, ਸਦਾ ਕਪੁੱਤ ਪੰਜਾਬੀ ਦਾ।
ਦਿਲ ਸੋਚੇ ਅੰਗਰੇਜ਼ਾਂ ਨੂੰ ਵੀ, ਮਾਂ ਦੀ ਗੋਦ ਬਿਠਾ ਦੇਵਾਂ,
ਦੇਸ਼-ਵਿਦੇਸ਼ੀਂ ਵੰਡਾਂ ਯਾਰੋ, ਭਰ-ਭਰ ਬੁੱਕ ਪੰਜਾਬੀ ਦਾ।
ਸੇਵਾ ਅਤੇ ਸੰਭਾਲ ਇਹ ਮਾਂ ਦੀ, ਕਰਦਾ ਜੱਗੋਂ ਤਰ ਜਾਵੇ,
ਸਲੇਮਪੁਰੇ ਦਾ 'ਲੱਖਾ' ਮਿੱਤਰੋ, ਬਣ ਕੇ ਪੁੱਤ ਪੰਜਾਬੀ ਦਾ।

## ਮਸ਼ੀਨਾਂ

ਰਜਨੀਸ਼

ਤੂੰ ਕਦੇ ਸੁਣਿਆ ਮਸ਼ੀਨਾਂ ਨੂੰ ਬੋਲਦਿਆਂ,
ਨਹੀਂ ਕਦੇ ਨਹੀਂ ਸੁਣਿਆ ਹੋਵੇਗਾ,
ਪਤਾ ਕਿਉਂ,
ਮਸ਼ੀਨਾਂ ਬੋਲਦੀਆਂ ਨਹੀਂ,
ਸਿਰਫ ਕੰਮ ਕਰਦੀਆਂ ਨੇ,
ਤਾਂ ਈ ਤਾਂ ਸਭ ਨੂੰ ਚੰਗੀਆਂ ਲਗਦੀਆਂ ਨੇ,
ਤੇ ਮਨੁੱਖ,
ਮਨੁੱਖ....ਮਨੁੱਖ ਦਾ ਕੀ ਐ,
ਐਵੇਂ ਈ ਬੋਲੀ ਜਾਂਦਾ,
ਸ਼ਾਇਦ ਕੀਮਤ ਪੁਆਉਣਾ ਚਾਹੁੰਦੈ,
ਪਰ ਕੀਮਤ..ਕੀਮਤ ਤਾਂ ਕੰਮ ਦੀ ਹੁੰਦੀ ਐ,
ਸੱਧਰਾਂ ਉਮੀਦਾਂ ਦੀ ਥੋੜ੍ਹੀ,
ਇਹਨਾਂ ਦੀ ਤਾਂ ਬਲੀ ਈ ਹੁੰਦੀ ਐ,
ਹੁਣ ਤੇਰੀ ਮਰਜ਼ੀ ਐ,
ਕੀਮਤ ਪੁਆਉਣੀ ਐ ਜਾਂ..ਫੇਰ....,
ਸੱਧਰਾਂ ਪਾਲਣੀਆਂ ਨੇ,
ਜੇ ਸੱਧਰਾਂ ਪਾਲਣੀਆਂ ਨੇ,
ਤਾਂ ਦੁੱਖ ਵੀ ਸਹਿਣਾ ਸਿੱਖ ਲੈ,
ਤੇ ਜੇ ਕੀਮਤ ਪੁਆਉਣੀ ਐ ਤਾਂ...।
ਕੁਝ ਨਹੀਂ ਬਸ..
ਹਾਂ ਕੁਝ ਵੀ ਤੇ ਨਹੀਂ...
ਬਸ ਮਸ਼ੀਨ ਬਣ ਜਾ,
ਫੇਰ ਵੇਖੀਂ ਕੀਮਤ ਪੈਂਦੀ।

## ਸੱਚ ਦੀ ਚੁੱਪ



ਸੱਚ ਲਿਖਾ ਕੇ ਝੂਠ ਲਿਖਾਂ ਮੈਂ
ਜਾਂ ਕੀਤਾ ਹੋਇਆ ਮਹਿਸੂਸ ਲਿਖਾ ਮੈਂ
ਹਾਸੇ ਲਿਖਾ ਜਾਂ ਗ਼ਮ ਲਿਖਾਂ ਮੈਂ
ਦੱਸ ਕੀ ਸੱਚ ਕਲਮ ਲਿਖਾ ਮੈਂ
ਅੱਖਾਂ ਦੇ ਵਿਚ ਵਗਦੇ ਨੀਰ
ਜਦ ਸੱਚ ਇਬਾਦਤ ਲਿਖਾਂ ਮੈਂ
ਰੂਹ ਦੀ ਹਾਣੀ, ਗ਼ਮਾਂ ਦੀ ਰਾਣੀ
ਦੱਸ ਕੀ ਸੱਚ ਲਿਖਾਂ ਕਹਾਣੀ
ਪੰਜਾਬ ਦਾ ਇੱਕ ਦਰਦ ਏ ਲੁਕਿਆ
ਧੁਰ ਅੰਦਰੋਂ ਇਹ ਜਾਏ ਨਾ ਛੁਪਿਆ
ਜਵਾਨੀ ਚੜ੍ਹਗੀ ਨਸ਼ਿਆਂ ਦੀ ਭੇਟਾ
ਦੱਸ ਕੀ ਸੱਚ ਕਿੱਥੋਂ ਮੈਂ ਦੇਖਾਂ
ਮਲੂਕ ਕਰੂੰਬਲਾਂ ਸੋਚੀਂ ਪੈ ਜਾਵੇ
ਕਿੱਥੋਂ ਮੁੜ ਸੱਭਿਆਚਾਰ ਲਿਆ ਵੇ
ਸੂਰਮਗਤੀ ਦੀ ਲਲਕਾਰ ਨਾ ਲੱਭੇ
ਦੱਸ ਕੀ ਸੱਚ ਹਕੀਕਤ ਸਭ ਏ
ਜਵਾਨੀ ਨੂੰ ਪੁੱਠੇ ਰਾਹ ਤੇ ਪਾ ਕੇ
ਨਾਮ ਗੈਂਗਸਟਰ ਦਾ ਲੇਬਲ ਲਾ ਕੇ
ਸਿਆਸਤ ਨੇ ਹੈ ਨਾਮ ਏ ਖੱਟਿਆ
ਦੱਸ ਕੀ ਸੱਚ ਕਿੱਥੋਂ ਮੈਂ ਰਟਿਆ
ਸਿੱਧੂ ਬਣ ਗਿਆ ਹਕੀਕਤ ਸਮੇਂ ਦੀ
ਜਿਸ ਨੇ ਸੱਚ ਦਰਵੇਸ਼ੀ ਦੱਸਿਆ
ਘੋਲ ਪਤਾਸੇ ਦੁਨੀਆਂ ਪੀ ਗਈ
ਦਸ ਕਿ ਸੱਚ ਕਿੱਥੇ ਸੀ ਰੱਖਿਆ

-ਅਜਮੇਰ ਸਿੰਘ ਸਿੱਧੂ

## ਮੈਂ ਹਾਂ ਤਰੀਮਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

ਮੈਂ ਹਾਂ ਤਰੀਮਤ ਮੇਰੀ ਕੀਮਤ, ਕੋਈ ਐਵੇਂ ਕਿਵੇਂ ਪਾ ਸਕਦਾ ਹੈ,
ਮੇਰਾ ਨਗ਼ਮਾ ਮੇਰੇ ਸਾਜ਼ 'ਤੇ, ਕੋਈ ਐਵੇਂ ਕਿਵੇਂ ਗਾ ਸਕਦਾ ਹੈ ?
ਮੇਰੀ ਤਰਜ਼ ਹੈ ਤਰਜ਼ੇ ਜ਼ਿੰਦਗੀ, ਅੱਖਰ ਮੇਰੇ ਬੰਦ ਵੀ ਮੇਰੇ,
ਕੋਈ ਕਿਵੇਂ ਬੰਦਿਸ਼ ਵਿੱਚ ਬੰਨ੍ਹ ਕੇ, ਮਰਜ਼ੀ ਦੀਆਂ ਹੇਕਾਂ ਲਾ ਸਕਦਾ ਹੈ ?
ਮੈਨੂੰ ਹੱਕ ਹੈ ਪਿਆਰ ਕਰਨ ਦਾ, ਮਮਤਾ ਦੇ ਗੀਗੜੇ ਗਾਵਣ ਦਾ,
ਕੋਈ ਆਪਣੀ ਧੌਂਸ 'ਤੇ ਮੈਥੋਂ, ਕੀਰਨੇ ਕਿਵੇਂ ਪਵਾ ਸਕਦਾ ਹੈ ?
ਖੋਖਲੇ ਰਿਸ਼ਤੇ, ਫੋਕੇ ਵਾਅਦੇ, ਮੇਰੀ ਨਜ਼ਰ ਵਿੱਚ ਕੌਡੀਉਂ ਖੋਟੇ,
ਕੋਈ ਇਨ੍ਹਾਂ ਦਾ ਜਾਲ ਵਿਛਾ ਕੇ, ਮੈਨੂੰ ਕਿਵੇਂ ਫਸਾ ਸਕਦਾ ਹੈ ?
ਕੋਠੀਆਂ, ਕੋਠਿਆਂ ਦੇ ਅਹਾਤੇ, ਵਸਦੇ ਰਸਦੇ ਮੇਰੇ ਸਦਕੇ,
ਪਰ ਕੋਈ ਮੇਰੀ ਮਰਜ਼ੀ ਬਾਝੋਂ, ਠੁਮਕਾ ਕਿਵੇਂ ਲਵਾ ਸਕਦਾ ਹੈ ?
ਸਮਾਜੀ ਰਸਮੀ ਰਿਵਾਜੀ ਤੰਦਾਂ, ਹੱਥਕੜੀਆਂ, ਜ਼ੰਜੀਰਾਂ, ਲੜੀਆਂ,
ਮੇਰੀ ਉਮਰ ਦੇ ਗਹਿਣੇ ਕਹਿ ਕੇ, ਮੈਨੂੰ ਕਿਵੇਂ ਪਵਾ ਸਕਦਾ ਹੈ ?
ਰੁੱਖ ਦੀ ਛਾਇਆ, ਰੁੱਖ ਦੀ ਕਾਇਆ, ਜੜ੍ਹ ਹੈ ਸਾਰੀ ਮੇਰੀ ਕੁੱਖ ਦੀ,
ਕੋਈ ਇੱਕ ਦੂਜੇ ਤੋਂ ਵੱਖ ਕਰਕੇ, ਮੈਨੂੰ ਕਿਵੇਂ ਦਿਖਾ ਸਕਦਾ ਹੈ ?
ਮੇਰੀਆਂ ਸੋਚਾਂ ਛੋਹਣ ਆਕਾਸ਼ੀਂ, ਮੇਰੇ ਜਾਏ ਪਤਾਲ ਦੇ ਵਾਸੀ,
ਕਾਇਨਾਤ ਨੂੰ ਮੈਥੋਂ ਖੋਹ ਕੇ, ਕੋਈ ਕਿੱਥੇ ਲਿਜਾ ਸਕਦਾ ਹੈ ?

# 1-2 ਅਕਤੂਬਰ ਨੂੰ ਖ਼ਾਲਸਾ ਦੀਵਾਨ ਸਟਾਕਟਨ ਵਿਖੇ ਗ਼ਦਰੀ ਬਾਬਿਆਂ ਨੂੰ ਸਮਰਪਿਤ ਸਮਾਗਮ ’ਤੇ ਵਿਸ਼ੇਸ਼

# ਗ਼ਦਰੀ ਯੋਧਿਆਂ ਦੀਆਂ ਕੁਰਬਾਨੀਆਂ ਅਤੇ ਅੱਜ ਦਾ ਭਾਰਤ



ਡਾ. ਗੁਰਵਿੰਦਰ ਸਿੰਘ,
ਬੀ ਸੀ ਕੈਨੇਡਾ

ਉੱਤਰੀ ਅਮਰੀਕਾ ਦੀ ਧਰਤੀ ’ਤੇ ਪੰਜਾਬੀ ਵੀਹਵੀਂ ਸਦੀ ਦੇ ਆਰੰਭ ਵਿੱਚ ਵਸਣੇ ਸ਼ੁਰੂ ਹੋਏ। ਬੇਸ਼ੱਕ ਉਨ੍ਹਾਂ ਦਾ ਆਉਣਾ ਰੋਜ਼ੀ-ਰੋਟੀ ਦੀ ਭਾਲ ਦਾ ਮਸਲਾ ਬਣਿਆ, ਪਰ ਕੈਨੇਡਾ ਅਤੇ ਅਮਰੀਕਾ ਆ ਕੇ ਉਨ੍ਹਾਂ ਮਿਹਨਤ-ਮੁਸ਼ੱਕਤ ਨਾਲ ਨਵੇਂ ਇਤਿਹਾਸ ਸਿਰਜ ਦਿੱਤੇ। ਪੈਸੇਫਿਕ ਰੇਲਵੇ ਲਈ ਲਾਈਨਾਂ ਵਿਛਾਉਣ, ਖਾਣਾਂ ਵਿਚੋਂ ਧਾਤਾਂ ਲਈ ਖੁਦਾਈ ਕਰਨ ਅਤੇ ਜੰਗਲ ਕੱਟਣ ਆਦਿ ਦੇ ਸਖ਼ਤ ਕੰਮਾਂ ਨੂੰ ਪੰਜਾਬੀਆਂ ਨੇ ਚੁਣੌਤੀ ਸਹਿਤ ਅਪਣਾਇਆ। ਉਨ੍ਹਾਂ ਆਪਣੀ ਰਿਹਾਇਸ਼ ਘੋੜਿਆਂ ਦੀਆਂ ਬਾਰਨਾਂ ਅਤੇ ਬੰਕ ਹਾਊਸਾਂ ਵਿਚ ਕੀਤੀ ਅਤੇ ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਹੌਂਸਲਾ ਨਾ ਹਾਰਿਆ। ਨਸਲਵਾਦ ਅਤੇ ਬਸਤੀਵਾਦੀ ਦੈਂਤ ਨਾਲ ਲੜਦਿਆਂ ਹੋਇਆਂ ਵੀ ਉਨ੍ਹਾਂ ਕਦੇ ਦਿਲ ਨਾ ਛੱਡਿਆ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹੇ। ਨਿੱਕੀਆਂ ਨਿੱਕੀਆਂ ਕੁੱਲੀਆਂ ਵਿਚ ਵਸਦੇ ਪੰਜਾਬੀਆਂ ਨੇ ਮਿਹਨਤ ਮੁਸ਼ੱਕਤ ਦੇ ਨਾਲ-ਨਾਲ, ਧਾਰਮਿਕ ਭਾਵਨਾ ਦੀ ਪੂਰਤੀ ਲਈ ਗੁਰਬਾਣੀ ਦਾ ਓਟ ਆਸਰਾ ਲੈ ਕੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਉਪਦੇਸ਼ ਵਿਦੇਸ਼ਾਂ ਵਿਚ ਰਹਿੰਦਿਆਂ ਵੀ ਹਿਰਦੇ ਵਿਚ ਵਸਾਇਆ ਹੋਇਆ ਸੀ। ਤਨ ਦੀ ਖ਼ੁਰਾਕ ਲਈ ਜਿੱਥੇ ਰੁੱਖੀ-ਸੁੱਖੀ ਖਾ ਕੇ ਵੀ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ, ਉੱਥੇ ਆਤਮਾ ਦੀ ਖ਼ੁਰਾਕ ਵਜੋਂ ਗੁਰਬਾਣੀ ਦਾ ਆਸਰਾ ਲੈਣ ਲਈ ਭਾਈ ਅਰਜੁਨ ਸਿੰਘ ਮਲਿਕ ਵੱਲੋਂ 1904 ਵਿਚ ਕੈਨੇਡਾ ਦੀ ਧਰਤੀ ਤੇ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆ ਕੇ ਕੌਮੀ ਉਪਕਾਰ ਕੀਤਾ ਗਿਆ।ਹੁਣ ਉਨ੍ਹਾਂ ਇਕ ਅਜਿਹੀ ਸਾਂਝੀ ਜਥੇਬੰਦੀ ਦੀ ਲੋੜ ਮਹਿਸੂਸ ਕੀਤੀ, ਜਿਸ ਰਾਹੀਂ ਧਾਰਮਿਕ ਭਾਵਨਾਵਾਂ ਦੇ ਨਾਲ-ਨਾਲ ਸਭਿਆਚਾਰਕ ਰਿਸ਼ਤਿਆਂ, ਸਮਾਜਿਕ ਸੰਬੰਧਾਂ ਅਤੇ ਭਾਸ਼ਾਈ ਸਾਂਝ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ।

22 ਜੁਲਾਈ 1906 ਨੂੰ ਕੈਨੇਡਾ ਦੀ ਧਰਤੀ ਤੇ ‘ਖਾਲਸਾ ਦੀਵਾਨ ਸੁਸਾਇਟੀ’ ਵੈਨਕੂਵਰ ਜਥੇਬੰਦੀ ਦੀ ਨੀਂਹ ਰੱਖੀ ਗਈ, ਜਿਸ ਨੇ ਅੱਗੇ ਜਾ ਕੇ ਨਾ ਸਿਰਫ਼ ਸਿੱਖਾਂ ਲਈ ਧਾਰਮਿਕ ਮੰਚ ਹੀ ਪ੍ਰਦਾਨ ਕੀਤਾ, ਸਗੋਂ ਵਿਦੇਸ਼ਾਂ ਦੀ ਧਰਤੀ ਤੋਂ ਅਨਿਆਂ, ਜ਼ੁਲਮ, ਧੱਕੇਸ਼ਾਹੀ, ਬੇਇਨਸਾਫ਼ੀ ਅਤੇ ਅਣਮਨੁੱਖੀ ਵਰਤਾਰੇ ਖਿਲਾਫ਼ ਇਤਿਹਾਸਕ ਸੰਘਰਸ਼ ਨੂੰ ਵੀ ਜਨਮ ਦਿੱਤਾ। ਇੱਥੇ ਇਹ ਦੱਸਣਾ ਵਾਜਬ ਹੋਏਗਾ ਕਿ ਖ਼ਾਲਸਾ ਦੀਵਾਨ ਸੰਸਥਾਂਵਾਂ ਦਾ ਜਨਮ ਸਿੰਘ ਸਭਾ ਲਹਿਰ ਦੇ ਵਿੱਚੋਂ ਹੋਇਆ ਹੈ।ਅੱਜ ਤੋਂ ਡੇਢ ਸੌ ਸਾਲ ਪਹਿਲਾਂ ਸੰਨ 1873 ਨੂੰ ਸਿੰਘ ਸਭਾ ਲਹਿਰ, ਸਿੱਖਾਂ ਦੀ ਪੁਨਰ-ਸੁਰਜੀਤੀ ਦੇ ਰੂਪ ਵਿੱਚ ਆਰੰਭ ਹੋਈ, ਜਿਸ ਨੇ ਸਮੇਂ ਦੇ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ, ਸਿੱਖਾਂ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਗੁਰਬਾਣੀ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਸਿੰਘ ਸਭਾ ਲਹਿਰ ਵਿੱਚੋਂ ਜਨਮੀਆਂ ਸੰਸਥਾਵਾਂ ਵਿੱਚੋਂ ਇੱਕ ਪ੍ਰਮੁੱਖ ਸੰਸਥਾ ‘ਖਾਲਸਾ ਦੀਵਾਨ’ ਸੀ, ਜਿਸ ਨੇ ਵਿੱਦਿਆ ਦਾ ਪ੍ਰਚਾਰ ਕੀਤਾ ਅਤੇ ਵਿਦੇਸ਼ਾਂ ਵਿੱਚ ਗੁਰਦੁਆਰੇ ਕਾਇਮ ਕਰਨ ਵਿਚ ਵੱਡੀ ਭੂਮਿਕਾ ਨਿਭਾਈ। ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ, ਅਮਰੀਕਾ, ਹਾਂਗਕਾਂਗ ਸਮੇਤ ਵੱਖ-ਵੱਖ ਦੇਸ਼ਾਂ ’ਚ ਸਥਾਪਤ ਹੋਏ ਮੁਢਲੇ ਗੁਰਦੁਆਰਿਆਂ ਦੇ ਨਾਂ ‘ਖ਼ਾਲਸਾ ਦੀਵਾਨ’ ਹੀ ਮਿਲਦੇ ਹਨ। ਇਹ ਗੁਰਦੁਆਰੇ ਅੱਗੇ ਜਾ ਕੇ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਦਾ ਆਧਾਰ ਬਣੇ। ਇਹ ਵੀ ਸੱਚ ਹੈ ਕਿ ਸਿੰਘ ਸਭਾ ਲਹਿਰ ’ਚੋਂ ਪੈਦਾ ਹੋਏ ਇਕ ਧੜੇ ਦੀ ਸਰਕਾਰ ਪੱਖੀ ਸੋਚ ਅਤੇ ਚੀਫ ਖਾਲਸਾ ਦੀਵਾਨ ਦੀ ਅੰਗਰੇਜ਼ਾਂ ਪੱਖੀ ਪਹੁੰਚ ਦਾ, ਕੈਨੇਡਾ ਅਮਰੀਕਾ ਆਦਿ ਦੀਆਂ ਖਾਲਸਾ ਦੀਵਾਨ ਜਥੇਬੰਦੀਆਂ ਨੇ ਸਖ਼ਤ ਵਿਰੋਧ ਕੀਤਾ ਸੀ। ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸੇਵਾਦਾਰਾਂ ਵੱਲੋਂ, ਸਮੇਂ-ਸਮੇਂ ਦੀਆਂ ਸਰਕਾਰਾਂ ਖ਼ਿਲਾਫ਼ ਸਿੱਖ ਸੰਘਰਸ਼ ਦੇ ਯੋਧਿਆਂ ਦੀ, ਕੁਰਬਾਨੀ ਦੀ ਵਿਰਾਸਤ ਤੋਂ ਸੇਧ ਲੈ ਕੇ, ਵਤਨ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਲਈ ਜਨ-ਸ਼ਕਤੀ ਅਤੇ ਮਾਲੀ ਸਹਾਇਤਾ ਰਾਹੀਂ, ਅਜ਼ਾਦੀ ਦੀਆਂ ਲਹਿਰਾਂ ਦੀ ਅਗਵਾਈ ਕੀਤੀ ਜਾਂਦੀ ਰਹੀ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸੰਨ 1906 ਵਿਚ ਵੈਨਕੂਵਰ ਸ਼ਹਿਰ ਅੰਦਰ ਪਹਿਲੀ ਕੇਂਦਰੀ ਸੰਸਥਾ ‘ਖ਼ਾਲਸਾ ਦੀਵਾਨ ਸੁਸਾਇਟੀ’ ਦੀ ਸਥਾਪਨਾ ਨੇ ਅਜਿਹੇ ਬੀਜ ਬੀਜੇ, ਜਿਨ੍ਹਾਂ ਸਦਕਾ ਮਗਰੋਂ ਗ਼ਦਰ ਪਾਰਟੀ, ਗ਼ਦਰ ਅਖ਼ਬਾਰ ਅਤੇ ਗ਼ਦਰ ਲਹਿਰ ਸਥਾਪਤ ਹੋਏ। ਦੂਸਰੇ ਸ਼ਬਦਾਂ ਵਿਚ ਕੈਨੇਡਾ ਦੇ ਮੋਢੀ ਸਿੱਖਾਂ ਦੀ ਪ੍ਰੇਰਨਾ ਸਦਕਾ ਹੀ ਅਮਰੀਕਾ ਵਿਚ ਅੱਧਾ ਦਹਾਕਾ ਮਗਰੋਂ ਗ਼ਦਰ ਲਹਿਰ ਦਾ ਮੁੱਢ ਬੱਝਿਆ। ਇੱਥੇ ਵਿਚਾਰਨ ਵਾਲੀ ਵੱਡੀ ਗੱਲ ਇਹ ਹੈ ਕਿ ਕਈ ਇਤਿਹਾਸਕਾਰ ਕੈਨੇਡਾ ਤੋਂ ਗੁਰਬਾਣੀ ਅਤੇ ਸਿੱਖ ਵਿਰਾਸਤ ਤੋਂ ਸੇਧ ਲੈ ਕੇ ਸ਼ੁਰੂ ਹੋਏ, ਨਸਲਵਾਦ ਅਤੇ ਬਸਤੀਵਾਦ ਵਿਰੋਧੀ ਅਤੇ ਅਜ਼ਾਦੀ ਦੇ ਹੱਕ ਦੇ ਸੰਘਰਸ਼ ਨੂੰ, ਗ਼ਦਰ ਪਾਰਟੀ ਦਾ ਸੰਘਰਸ਼ ਕਹਿ ਕੇ ਬਿਆਨਦੇ ਹਨ, ਜਦ ਕਿ ਗ਼ਦਰ ਪਾਰਟੀ ਤਾਂ ਉਸਤੋਂ ਕਈ ਵਰ੍ਹੇ ਮਗਰੋਂ ਕਾਇਮ ਹੁੰਦੀ ਹੈ।

ਅਸੀਂ ਇਹ ਤਾਂ ਕਹਿ ਸਕਦੇ ਹਾਂ ਕਿ ਗ਼ਦਰ ਲਹਿਰ ਤੇ ਗ਼ਦਰ ਪਾਰਟੀ ਦੇ ਪ੍ਰੇਰਨਾ-ਸਰੋਤ ਕੈਨੇਡਾ ਦੇ ਸਿੱਖ ਯੋਧੇ ਸਨ, ਪਰ ਇਹ ਕਹਿਣਾ ਉਚਿਤ ਨਹੀਂ ਹੋਏਗਾ ਕਿ ਗ਼ਦਰ ਲਹਿਰ ਤੋਂ ਮੋਢੀ ਸਿੱਖ ਅਤੇ ਅਜ਼ਾਦੀ ਘੁਲਾਟੀਏ ਪ੍ਰੇਰਿਤ ਅਤੇ ਪ੍ਰਭਾਵਿਤ ਹੋਏ। ਇਹ ਆਪਣੇ ਆਪ ਵਿੱਚ ਅਗਿਆਨਤਾ ਭਰੀ ਗੱਲ ਕਹੀ ਜਾ ਸਕਦੀ ਹੈ। ਕੈਨੇਡਾ ਵਿੱਚ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਲੜਨ ਵਾਲੇ ਮੋਢੀ ਯੋਧੇ ਭਾਈ ਭਾਗ ਸਿੰਘ ਭਿੱਖੀਵਿੰਡ, ਭਾਈ ਬਲਵੰਤ ਸਿੰਘ ਖ਼ੁਰਦਪੁਰ, ਭਾਈ ਮੇਵਾ ਸਿੰਘ ਲੋਪੋਕੇ, ਭਾਈ ਬਦਨ ਸਿੰਘ ਦਲੇਲ ਸਿੰਘ ਵਾਲਾ, ਬਾਬੂ ਹਰਨਾਮ ਸਿੰਘ ਸਾਹਰੀ, ਬੱਬਰ ਕਰਮ ਸਿੰਘ ਦੌਲਤਪੁਰ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਜਗਤ ਸਿੰਘ ਸੁਰ ਸਿੰਘ, ਬੱਬਰ ਹਰੀ ਸਿੰਘ ਸੂੰਢ, ਭਾਈ ਬੀਰ ਸਿੰਘ ਬਾਹੋਵਾਲ, ਬੱਬਰ ਕਰਮ ਸਿੰਘ ਝਿੰਗੜਾਂ, ਭਾਈ ਜਵੰਦ ਸਿੰਘ ਨੰਗਲ, ਭਾਈ ਉਤਮ ਸਿੰਘ ਹਾਂਸ ਅਤੇ ਭਾਈ ਮਿੱਤ ਸਿੰਘ ਪੰਡੋਰੀ ਸਮੇਤ ਅਨੇਕਾਂ ਸੂਰਮੇ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੀ ਬ੍ਰਿਟਿਸ਼ ਸਾਮਰਾਜ ਦੀ ਗੁਲਾਮੀ ਅਤੇ ਵਿਦੇਸ਼ਾਂ ’ਚ ਹੋ ਰਹੇ ਨਸਲੀ ਵਿਤਕਰੇ ਖ਼ਿਲਾਫ਼ ਜੂਝਦੇ ਰਹੇ। ਉਨ੍ਹਾਂ ਬਰਾਬਰੀ ਤੇ ਅਜ਼ਾਦੀ ਲਈ ਸਰਕਾਰੀ ਜਬਰ ਨਾਲ ਟੱਕਰ ਲੈਂਦਿਆਂ ਅਜ਼ਾਦੀ ਦਾ ਮੁੱਢ ਬੰਨ੍ਹਿਆ।

ਨਸਲਵਾਦ ਦੀਆਂ ਅਮਰੀਕਾ ਅੰਦਰ ਵਾਪਰਨ ਵਾਲੀਆਂ ਪ੍ਰਮੁੱਖ ਘਟਨਾਵਾਂ ’ਚੋਂ ਬਿਲੰਗਹੈਮ ’ਚ ਭਾਰਤੀਆਂ ’ਤੇ ਯੋਜਨਾਬੱਧ ਹਮਲਾ ਕਰਕੇ, ਸੈਂਕੜਿਆਂ ਦੀ ਗਿਣਤੀ ’ਚ ਉਨ੍ਹਾਂ ਨੂੰ ਸ਼ਹਿਰੋਂ ਬਾਹਰ ਕੱਢਣਾ ਅਤੇ ਪੋਰਟਲੈਂਡ ਨੇੜਲੀ ਸੈਂਟਜ਼ੋਨ ਮਿੱਲ ਵਿਚ ਅਮਰੀਕੀ ਮਜ਼ਦੂਰਾਂ ਵੱਲੋਂ ਹਮਲਾ ਕੀਤਾ ਜਾਣਾ ਅਤੇ ਪੁਲਿਸ ਵੱਲੋਂ ਰੱਖਿਆ ਦੇ ਪ੍ਰਬੰਧ ਨਾ ਕਰਨਾ ਅਜ਼ਾਦੀ ਲਈ ਹਲੂਣਾ ਪੈਦਾ ਕਰਨ ਵਾਲੇ ਤੱਤ ਕਹੇ ਜਾ ਸਕਦੇ ਹਨ। ਇਕ ਹੋਰ ਘਟਨਾ, ਜਿਸ ਦਾ ਜ਼ਿਕਰ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਆਪਣੀ ਆਤਮਕਥਾ ‘ਜੀਵਨ ਸੰਗਰਾਮ’ ਵਿਚ ਵੀ ਕਰਦੇ ਹਨ, ਅਨੁਸਾਰ ਇਕ ਵਾਰ ਸੰਤ ਤੇਜਾ ਸਿੰਘ ਮਸਤੂਆਣਾ ਕੈਨੇਡਾ ਤੋਂ ਅਮਰੀਕਾ ਉਨ੍ਹਾਂ ਕੋਲ ਪੁੱਜੇ। ਪੋਰਟਲੈਂਡ ਸ਼ਹਿਰ ਵਿਚ ਉਹ ਦੋਵੇਂ ‘ਅਮਰੀਕਨ’ ਹੋਟਲ ’ਚ ਖਾਣਾ ਖਾਣ ਪੁੱਜੇ, ਪਰ ਹੋਟਲ ਵਾਲਿਆਂ ਉਨ੍ਹਾਂ ਨੂੰ ਦਾਖ਼ਲ ਨਾ ਹੋਣ ਦਿੱਤਾ। ਇਸ ਤਰ੍ਹਾਂ ਹੀ ਉਹ ਕਿਸੇ ਮਿੱਲ ’ਚ ਕੰਮ ਲੈਣ ਵਾਸਤੇ ਗਏ ਤਾਂ ਸੁਪਰਡੈਂਟ ਨੇ ਕਿਹਾ, ‘ਕੰਮ ਤਾਂ ਬਹੁਤ ਹੈ ਪਰ ਤੁਹਾਡੇ ਲਈ ਨਹੀਂ’। ਇਸ ਦਾ ਕਾਰਨ ਪੁੱਛਣ ’ਤੇ ਉਸ ਨੇ ਭਾਰਤ ਦੇਸ਼ ਦੀ ਅਬਾਦੀ ਬਾਰੇ ਪੁੱਛ ਲਿਆ। ਬਾਬਾ ਭਕਨਾ ਵਲੋਂ ਇਸ ਦਾ ਉੱਤਰ ‘30 ਕਰੋੜ’ ਦਿੱਤੇ ਜਾਣ ’ਤੇ ਅੱਗਿਉਂ ਉਸ ਨੇ ਦੁਬਾਰਾ ਪੁੱਛਿਆ, ‘30 ਕਰੋੜ ਆਦਮੀ ਹਨ ਜਾਂ ਭੇਡਾਂ? ਜੇ ਤੁਸੀਂ 30 ਕਰੋੜ ਹੁੰਦੇ ਤਾਂ ਗੁਲਾਮ ਕਿਸ ਤਰ੍ਹਾਂ ਰਹਿੰਦੇ?’ ਦਰਅਸਲ ਇਨ੍ਹਾਂ ਘਟਨਾਵਾਂ ਨੇ ਹੀ ਅਜਿਹੇ ਹਾਲਾਤ ਪੈਦਾ ਕੀਤੇ ਕਿ ਉੱਤਰੀ ਅਮਰੀਕਾ ’ਚ ਖ਼ੁਸ਼ਹਾਲ ਜੀਵਨ ਜਿਊਣ ਲਈ ਆਏ ਗ਼ਦਰੀ ਬਾਬਿਆਂ ਨੇ ਆਪਣੇ ਸੁੱਖ-ਆਰਾਮ ਤਿਆਗ ਕੇ ਅਜ਼ਾਦੀ ਦੇ ਸੰਘਰਸ਼ ਦਾ ਰਾਹ ਅਪਣਾ ਲਿਆ।

ਕੈਨੇਡਾ ਦੀਆਂ ਇਨਕਲਾਬੀ ਜਥੇਬੰਦੀਆਂ ਵੱਲੋਂ ਸਮੇਂ-ਸਮੇਂ ਕੱਢੇ ਗਏ ਪਰਚਿਆਂ ਤੋਂ ਪ੍ਰੇਰਨਾ ਲੈ ਕੇ ਅਤੇ ਵਿਸ਼ੇਸ਼ ਕਰ ਕੇ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਇਤਿਹਾਸਕ ਦੇਣ ਅਤੇ ਜਾਗਰੂਕ ਲਹਿਰ ਤੋਂ ਸੇਧ ਲੈ ਕੇ, ਅਮਰੀਕਾ ਵਿਚ ਅਜਿਹੇ ਅਮਲ ਅਧੀਨ ਬਾਬਾ ਬਿਸਾਖਾ ਸਿੰਘ ਦਦੇਹਰ ਅਤੇ ਬਾਬਾ ਜਵਾਲਾ ਸਿੰਘ ਠੱਠੀਆਂ ਨੇ ਉਥੇ ਵਸਦੇ ਇਨਕਲਾਬੀਆਂ ਨੂੰ ਜੱਥੇਬੰਦ ਕਰਨਾ ਆਰੰਭ ਕਰ ਦਿੱਤਾ। ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਤਰਜ਼ ਤੇ ਹੀ ਅਮਰੀਕਾ ਵਿੱਚ ਸਿੱਖਾਂ ਦੀ ਪਹਿਲੀ ਸੰਸਥਾ 24 ਅਕਤੂਬਰ 1912 ਵਿਚ, ਪੈਸੇਫਿਕ ਕੋਸਟ ‘ਖ਼ਾਲਸਾ ਦੀਵਾਨ ਸੁਸਾਇਟੀ’ ਸਟਾਕਟਨ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ। ਸਿੱਖੀ ਵਿਰਸੇ, ਗੁਰਬਾਣੀ ਦੀ ਪ੍ਰੇਰਨਾ ਅਤੇ ਜ਼ੁਲਮ ਖ਼ਿਲਾਫ਼ ਲੜਨ ਦੀ ਭਾਵਨਾ ਗਦਰੀ ਬਾਬਿਆਂ ਨੂੰ ਆਰੰਭ ਵਿਚ ਇੱਥੋਂ ਹੀ ਮਿਲੀ, ਜਿਸ ਨੇ ਅੱਗੇ ਜਾ ਕੇ ਗ਼ਦਰ ਲਹਿਰ ਨੂੰ ਜਨਮ ਦਿੱਤਾ। ਇਉਂ ਗ਼ਦਰ ਪਾਰਟੀ, ਗ਼ਦਰ ਲਹਿਰ ਅਤੇ ਗ਼ਦਰ ਅਖ਼ਬਾਰ ਦੀ ਪ੍ਰੇਰਨਾ-ਸਰੋਤ ਖ਼ਾਲਸਾ ਦੀਵਾਨ ਸੁਸਾਇਟੀ ਸਟੌਕਟਨ ਹੋ ਨਿਬੜਦੀ ਹੈ।

ਵੈਨਕੂਵਰ ਵਰਗੀ ਕੌਮੀ ਜੱਥੇਬੰਦੀ ਖਾਲਸਾ ਦੀਵਾਨ ਸੁਸਾਇਟੀ ਕਾਇਮ ਹੋਣ ਮਗਰੋਂ, ਬਾਬਾ ਸੋਹਣ ਸਿੰਘ ਭਕਨਾ ਨੇ ਹੋਰਨਾਂ ਦੇਸ਼- ਭਗਤਾਂ ਨਾਲ ਮਿਲ ਕੇ ਅਤੇ ਅਜ਼ਾਦੀ-ਪਸੰਦ ਸਮੂਹ ਭਾਈਚਾਰਿਆਂ ਨੂੰ ਇਕ ਸੂਤਰ ਵਿਚ ਪਰੋਦਿਆਂ, 21 ਅਪ੍ਰੈਲ 1913 ਨੂੰ ਆਸਟਰੀਆ ਵਿਖੇ ‘ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ’ ਨਾਂ ਦੀ ਜੱਥੇਬੰਦੀ ਕਾਇਮ ਕੀਤੀ, ਜਿਸ ਦਾ ਅੱਗੇ ਜਾ ਕੇ ਨਾਂ ‘ਗ਼ਦਰ ਪਾਰਟੀ’ ਵਜੋਂ ਮਸ਼ਹੂਰ ਹੋਇਆ। ਗ਼ਦਰ ਪਾਰਟੀ ਦੇ ਮੁੱਖ ਮੰਤਵ ਬਾਰੇ ਭਾਈ ਹਰਨਾਮ ਸਿੰਘ ਟੁੰਡੀਲਾਟ ਲਿਖਦੇ ਹਨ ਕਿ ਅੰਗਰੇਜ਼ਾਂ ਨੂੰ ਭਾਰਤ ’ਚੋਂ ਕੱਢ ਕੇ, ਧਰਮ ਨਿਰਪੱਖ ਤੇ ਜਮਹੂਰੀ ਰਾਜ ਸਥਾਪਤ ਕਰਨਾ ਗ਼ਦਰ ਪਾਰਟੀ ਦਾ ਉਦੇਸ਼ ਸੀ ਜਿਸ ਵਿਚ ਕਿਸਾਨ, ਜਗੀਰਦਾਰੀ ਤੇ ਸਰਮਾਏਦਾਰੀ ਦੇ ਆਪਸੀ ਆਰਥਿਕ ਵਿਤਕਰਿਆਂ ਨੂੰ ਖ਼ਤਮ ਕਰਨਾ, ਉਪਰੰਤ ਲੋਕ ਭਲਾਈ ਕਾਰਜਾਂ ਨੂੰ ਪਹਿਲ ਦੇਣਾ ਸੀ। ਪਾਰਟੀ ਦੇ ਨਿਯਮਾਂ ਅਨੁਸਾਰ ਇਸ ਦਾ ਦਾਇਰਾ ਏਨਾ ਵਿਸ਼ਾਲ ਸੀ ਕਿ ਆਜ਼ਾਦੀ ਦਾ ਹਰ ਪ੍ਰੇਮੀ, ਬਿਨਾਂ ਜਾਤਪਾਤ ਜਾਂ ‘ਦੇਸ਼ ਕੌਮ’ ਦੇ ਲਿਹਾਜ਼ ਨਾਲ ਇਸ ਵਿਚ ਸ਼ਾਮਿਲ ਹੋ ਸਕਦਾ ਹੈ।

ਗ਼ਦਰ ਪਾਰਟੀ ਦੇ ਕੌਮਾਂਤਰੀ ਰਾਜਨੀਤੀ ’ਚ ਸਥਾਨ ਦਾ ਮੁਲਾਂਕਣ ਇਸ ਦੇ ਫ਼ਰਜ਼ਾਂ ਅਤੇ ਬੁਨਿਆਦੀ ਢਾਂਚੇ ਦੇ ਇਸ ਆਧਾਰ ’ਤੇ ਹੋ ਸਕਦਾ ਹੈ ਕਿ ਦੁਨੀਆ ਦੇ ਕਿਸੇ ਵੀ ਹਿੱਸੇ ’ਚ ਜਿੱਥੇ ਕਿਤੇ ਗ਼ੁਲਾਮੀ ਵਿਰੁੱਧ ਜੰਗ ਛਿੜੇ, ਤਾਂ ਗ਼ਦਰ ਪਾਰਟੀ ਦੇ ਸਿਪਾਹੀ ਦਾ ਫ਼ਰਜ਼ ਬਣਦਾ ਹੋਵੇਗਾ ਕਿ ਉਹ ਆਜ਼ਾਦੀ ਤੇ ਬਰਾਬਰੀ ਦੇ ਹਾਮੀਆਂ ਦੀ ਹਰ ਤਰ੍ਹਾਂ ਸਹਾਇਤਾ ਕਰੇ। ਪ੍ਰੋ: ਜਗਜੀਤ ਸਿੰਘ ‘ਗ਼ਦਰ ਪਾਰਟੀ ਲਹਿਰ’ ਵਿਚ ਲਿਖਦੇ ਹਨ ਕਿ ਗ਼ਦਰ ਪਾਰਟੀ ਨੇ ਹੀ ‘ਪੰਚਾਇਤੀ ਰਾਜ’ ਦੇ ਨਿਸ਼ਾਨੇ ਨੂੰ ਸਾਰੀ ਦੁਨੀਆ ਵਿਚ ਅਸਲੀ ਵਰਤੋਂ ਵਿਚ ਆਉਣ ਵਾਲਾ ਅਗਾਂਹ-ਵਧੂ ਰਾਜਸੀ ਆਦਰਸ਼ ਪ੍ਰਵਾਨ ਕੀਤਾ। ਜੇਕਰ ਭਾਰਤ ਦੇ ਸਮਕਾਲੀ ਰਾਸ਼ਟਰੀ ਨੇਤਾ, ਗ਼ਦਰ ਪਾਰਟੀ ਵਾਂਗ ਇਨਕਲਾਬੀ ਰਾਹ ਫੜਦੇ ਤਾਂ ਅਜ਼ਾਦੀ ਦੀ ਲਹਿਰ ਜ਼ਿਆਦਾ ਅਸਰਪਾਊ ਹੋ ਸਕਦੀ ਸੀ।

ਗ਼ਦਰ ਪਾਰਟੀ ਨੇ ਸ਼ਬਦ ‘ਗ਼ਦਰ’ ਨੂੰ ਇਨਕਲਾਬੀ ਸਰੂਪ ਅਤੇ ਵਿਆਪਕ ਅਰਥਾਂ ਵਾਲਾ ਮੰਨਿਆ ਹੈ। ‘ਗ਼ਦਰ’ ਦੇ ਛਪਣ ਤੋਂ ਪਹਿਲਾਂ ਕੈਨੇਡਾ ਦੇ ਸਮਾਚਾਰ ਪੱਤਰਾਂ ਵਿਚ ਬਾਗ਼ੀ ਸੋਚ ਮੌਜੂਦ ਸੀ। ਗ਼ਦਰ ਪਾਰਟੀ ਨੇ ਸਿਧਾਂਤਕ ਰੂਪ ਵਿਚ, ਸੰਸਾਰ ਭਰ ਦੀਆਂ ਇਨਕਲਾਬੀ ਲਹਿਰਾਂ ਅਤੇ ਕ੍ਰਾਂਤੀਕਾਰੀ ਸੰਘਰਸ਼ ਨੂੰ ‘ਗ਼ਦਰ’ ਕਹਿ ਕੇ ਪ੍ਰਵਾਨ ਕੀਤਾ ਹੈ। 1 ਨਵੰਬਰ 1913 ਨੂੰ ਸਾਨਫਰਾਂਸਿਸਕੋ ਤੋਂ ਹਫ਼ਤਾਵਾਰੀ ਉਰਦੂ ਸਮਾਚਾਰ ਪੱਤਰ ‘ਗ਼ਦਰ’ ਨਿਕਲਿਆ। ਗੁਰਮੁਖੀ ਵਿਚ ਪੰਜਾਬੀ ਦਾ ਹਫ਼ਤਾਵਾਰੀ ‘ਗ਼ਦਰ’ ਦਸੰਬਰ 1913 ਵਿਚ ਸ਼ੁਰੂ ਹੋਇਆ। ‘ਗ਼ਦਰ ਪ੍ਰੈੱਸ’ ਛਾਪੇ ਖਾਨੇ ਤੋਂ ਪ੍ਰਕਾਸ਼ਿਤ ਅਤੇ ‘ਯੁਗਾਂਤਰ ਆਸ਼ਰਮ’ ਤੋਂ ਨਿਕਲੇ ‘ਗ਼ਦਰ ਅਖ਼ਬਾਰ’ ਨੇ ਨਾ ਸਿਰਫ਼ ਭਾਰਤੀਆਂ ਨੂੰ ਹੀ, ਬਲਕਿ ਦੁਨੀਆ ਭਰ ਦੇ ਇਨਕਲਾਬੀਆਂ ਨੂੰ ਮਨੁੱਖੀ ਹੱਕਾਂ ਲਈ ਲੜਨ ਅਤੇ ਅਜ਼ਾਦੀ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ’ਚ ਨਿਕਲਣ ਵਾਲੇ ਹਫ਼ਤਾਵਾਰੀ ‘ਗ਼ਦਰ’ ਦਾ ਸੰਪਾਦਨ ਕਾਰਜ ਕਰਦਿਆਂ ਨੌਜਵਾਨ ਗ਼ਦਰੀ ਯੋਧੇ ਸ: ਕਰਤਾਰ ਸਿੰਘ ਸਰਾਭਾ ਨੇ ਪਾਠਕਾਂ ਨੂੰ ਏਨਾ ਪ੍ਰਭਾਵਿਤ ਕੀਤਾ ਕਿ ‘ਗ਼ਦਰ’ ਵਿਚਲੀਆਂ ਲਿਖਤਾਂ ਪੜ੍ਹਨ ਲਈ ਕੈਨੇਡਾ ਤੇ ਅਮਰੀਕਾ ਰਹਿੰਦੇ ਸਿਰਫ਼ ਪੰਜਾਬੀਆਂ ਨੇ ਹੀ ਗੁਰਮੁਖੀ ਲਿੱਪੀ ਨਹੀਂ ਸਿੱਖੀ, ਸਗੋਂ ਭਾਰਤ ਅੰਦਰ ਹੋਰਨਾਂ ਬੋਲੀਆਂ ਵਾਲੇ ਪਾਠਕ ਵੀ ਪੰਜਾਬੀ ਭਾਸ਼ਾ ਨਾਲ ਜੁੜ ਗਏ। ਸਹੀ ਅਰਥਾਂ ’ਚ ‘ਗ਼ਦਰ’ ਪੰਜਾਬੀ ਅਖ਼ਬਾਰ ਹੱਕ, ਸੱਚ ਤੇ ਅਜ਼ਾਦੀ ਦੇ ਸੰਕਲਪ ਨੂੰ ਪੇਸ਼ ਕਰਨ ਵਾਲਾ, ਪੰਜਾਬੀ ਪੱਤਰਕਾਰੀ ਦਾ ਥੰਮ ਕਿਹਾ ਜਾ ਸਕਦਾ ਹੈ।

ਪੰਜਾਬੀ ਹਫ਼ਤਵਾਰੀ ‘ਗ਼ਦਰ’ ਦੇ ਸ਼ੁਰੂ ਦੇ ਅੰਕਾਂ ਵਿਚ ਗੁਰਬਾਣੀ ਦੀ ਪੰਕਤੀ ਨੂੰ, ਕੁਝ ਕੁ ਬਦਲਵੇਂ ਰੂਪ ’ਚ ‘ਜੇ ਚਿਤ ਪ੍ਰੇਮ ਖੇਲਣ ਦਾ ਚਾਓ, ਸਿਰ ਧਰ ਤਲੀ ਗਲੀ ਮੇਰੀ ਆਓ॥’ ਵਿਚਕਾਰ ਲਿਖ ਕੇ ਦੋਹਾਂ ਨੁੱਕਰਾਂ ਉੱਤੇ ‘ਬੰਦੇ’ ਅਤੇ ‘ਮਾਤਰਮ’ ਲਿਖਿਆ ਮਿਲਦਾ ਹੈ। ਇਹ ਉਸ ਸਮੇਂ ਦੇ ਅੰਕ ਹਨ, ਜਦੋਂ ਪੰਜਾਬੀ ਸਮਾਚਾਰ ਪੱਤਰ ਦੇ ਸੰਪਾਦਕ ਸ਼ਹੀਦ ਕਰਤਾਰ ਸਿੰਘ ਸਰਾਭਾ ਸਨ। ਕੁਝ ਸਮੇਂ ਮਗਰੋਂ ਗ਼ਦਰੀ ਯੋਧਿਆਂ ਦੇ ਦੇਸ਼ ਜਾ ਕੇ ਕੁਰਬਾਨੀ ਕਰਨ ਲਈ ਤੱਤਪਰ ਹੁੰਦਿਆਂ ਸ਼ਹੀਦੀਆਂ ਪਾਈਆਂ ਜਾਂ ਲੰਮੀਆਂ ਸਜ਼ਾਵਾਂ ਕੱਟੀਆਂ। ਇਨ੍ਹਾਂ ਯੋਧਿਆਂ ਤੋਂ ਮਗਰੋਂ ‘ਗ਼ਦਰ’ ਦੀ ਦਿਖ ’ਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਅਤੇ ਇਸ ਦਾ ਮੁੱਖ ਪੰਨੇ ਬਦਲ ਦਿੱਤਾ ਗਿਆ। ਗੁਰਬਾਣੀ ਦੀ ਤੁਕ ਹਟਾ ਕੇ, ਉਸ ਦੀ ਜਗ੍ਹਾ ‘ਐ ਮਰਦਾਨੋ ਹਿੰਦੀ ਜਵਾਨੋ ਜਲਦੀ ਲੋ ਹਥਿਆਰ’ ਲਿਖ ਦਿੱਤੀ ਗਈ। ‘ਗ਼ਦਰ’ ਸਮਾਚਾਰ ਪੱਤਰ ਦੇ ਮੁੱਖ ਪੰਨੇ ਅਤੇ ਰੂਪ ਵਿਚ ਅਜਿਹੀਆਂ ਤਬਦੀਲੀਆਂ ਸੁਭਾਵਿਕ ਨਹੀਂ ਹੋਈਆਂ, ਸਗੋਂ ਯੋਜਨਾਬੱਧ ਢੰਗ ਨਾਲ ਲਿਆਦੀਆਂ ਗਈਆਂ। ਰਾਮ ਚੰਦਰ ਨੇ ਪਹਿਲੇ ਸਫ਼ੇ ’ਤੇ ਸੰਪਾਦਕ ਵਜੋਂ ਆਪਣਾ ਨਾਂ ਵੀ ਲਿਖਣਾ ਸ਼ੁਰੂ ਕਰ ਦਿੱਤਾ ਤੇ ਮਗਰੋਂ ਪਾਰਟੀ ਤੋਂ ਅਲਹਿਦਾ ਹੋ ਕੇ, ਪਾਰਟੀ ਦੇ ਪਰਚੇ ਦੇ ਸਮਾਨਾਂਤਰ, ਉਸੇ ਹੀ ਨਾਂ ’ਤੇ ਵੱਖਰਾ ਹਿੰਦੁਸਤਾਨ ਗ਼ਦਰ ਵੀ ਕੱਢਿਆ। ਆਰੰਭ ਵਿਚ ਇਸ ਅਖ਼ਬਾਰ ਨਾਲ ਸੰਬੰਧਿਤ ਹੋਣ ਵਾਲੇ ‘ਗ਼ਦਰ’ ਸਮਾਚਾਰ ਪੱਤਰ ਦੇ ਪੰਜਾਬੀ ਅੰਕ ਦੇ ਸੰਪਾਦਕ ਕਰਤਾਰ ਸਿੰਘ ਸਰਾਭਾ ਰਹੇ ਤੇ ਹੋਰਨਾਂ ਇਨਕਲਾਬੀ ਲਿਖਾਰੀਆਂ ’ਚ ਹਰਨਾਮ ਸਿੰਘ ਟੁੰਡੀਲਾਟ, ਭਾਈ ਸੰਤੋਖ ਸਿੰਘ ਧਰਦਿਓ, ਭਗਵਾਨ ਸਿੰਘ ਪ੍ਰੀਤਮ, ਮੁਨਸ਼ਾ ਸਿੰਘ ਦੁਖੀ, ਕਰਤਾਰ ਸਿੰਘ ਲਤਾੜਾ, ਬਸੰਤ ਸਿੰਘ ਚੌਂਦਾ, ਮਹਿਬੂਬ ਅਲੀ, ਇਨਾਇਤ ਖਾਂ, ਰਾਮ ਚੰਦਰ, ਖੇਮ ਚੰਦ ਦਾਸ, ਮੋਹਨ ਲਾਲ, ਪਿਰਥੀ ਸਿੰਘ ਆਜ਼ਾਦ, ਬਿਸ਼ਨ ਸਿੰਘ ਸਦਾ ਸਿੰਘ ਵਾਲਾ ਅਤੇ ਨਿਧਾਨ ਸਿੰਘ ਮਹੇਸ਼ਰੀ ਵੀ ਸਮੇਂ-ਸਮੇਂ ‘ਗ਼ਦਰ’ ਨਾਲ ਜੁੜੇ ਰਹੇ। ਜ਼ਿਆਦਾਤਰ ਲਿਖਾਰੀ ਆਪਣੇ ਉਪਨਾਮ ਜਾਂ ਤਖ਼ੱਲਸ ਆਦਿ ਦੀ ਵਰਤੋਂ ਹੀ ਕਰਦੇ ਸਨ। ਉਨ੍ਹਾਂ ਦੀ ਦੁਖੀਆ, ਗ਼ਦਰ ਦਾ ਸਿਪਾਹੀ, ਪ੍ਰੀਤਮ, ਫ਼ਕੀਰ, ਪੰਜਾਬੀ ਸਿੰਘ, ਸੇਵਕ, ਬਾਗ਼ੀ, ਜਾਚਕ, ਇਕਬਾਲ, ਹਮਦਮ, ਅਜ਼ਾਦ, ਯਕਦਮ, ਨਾਸਤਕ, ਸੱਚ, ਹਿੰਦ ਸੇਵਕ ਅਤੇ ਨਿਧੜਕ ਆਦਿ ਫ਼ਰਜ਼ੀ ਨਾਮਾਂ ਅਧੀਨ ‘ਗ਼ਦਰ’ ਵਿਚਲੀ ਰਚਨਾ ਦਾ ਉਦੇਸ਼ ਜਿੱਥੇ ਇਕ ਪਾਸੇ ਵਿਅਕਤੀਗਤ ਪ੍ਰਸਿੱਧੀ ਦੀ ਥਾਂ, ਲਹਿਰ ਦੇ ਮਨੋਰਥ ਨੂੰ ਉਜਾਗਰ ਕਰਨਾ ਸੀ, ਉੱਥੇ ਦੂਜੇ ਪਾਸੇ ਰਾਜਸੀ ਹਾਲਤਾਂ ਨੂੰ ਸਮਝਦਿਆਂ ਗ਼ਦਰੀਆਂ ਦੀ ਪਛਾਣ ਗੁਪਤ ਰੱਖਣਾ ਸੀ।



(ਬਾਕੀ ਸਫ਼ਾ 31 ’ਤੇ)

# ਵਹਿਮ-ਭਰਮਾਂ ਅਤੇ ਤਾਂਤਰਿਕਾਂ ਦੇ ਜੰਜਾਲ ’ਚ ਫਸਿਆ ਸਮਾਜ

ਤਰਕਵਾਦ

## ਸਾਡਾ ਸਮਾਜ

ਗੁਰਬਿੰਦਰ ਸਿੰਘ ਮਾਣਕ

ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਵੱਲ ਗਹੁ ਨਾਲ ਨਜ਼ਰ ਮਾਰੀਏ ਤਾਂ ਮਹਿਸੂਸ ਹੁੰਦਾ ਹੈ ਕਿ ਮਨੁੱਖ ਦੇ ਬਹੁਤੇ ਕਾਰਜ ਵਿਗਿਆਨ ਤੇ ਤਕਨਾਲੋਜੀ ਨਾਲ ਜੁੜੇ ਹੋਏ ਹਨ। ਵਿਗਿਆਨਕ ਖੋਜਾਂ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਲਿਆ ਕੇ ਜੀਵਨ ਦੀ ਤੋਰ ਨੂੰ ਅਸਲੋਂ ਹੀ ਬਦਲ ਕੇ ਰੱਖ ਦਿੱਤਾ ਹੈ। ਇਸ ਸਥਿਤੀ ਦੇ ਬਾਵਜੂਦ ਜੇ ਸਮਾਜਿਕ ਵਰਤਾਰੇ ਵਲ ਗਹੁ ਨਾਲ ਨਜ਼ਰ ਮਾਰੀਏ ਤਾਂ ਮਹਿਸੂਸ ਹੁੰਦਾ ਹੈ ਕਿ ਵਿਗਿਆਨਕ ਯੁਗ ਵਿਚ ਵਿਚਰਦਿਆਂ ਹੋਇਆਂ ਵੀ ਸਾਡੀ ਸੋਚ ਸਹੀ ਅਰਥਾਂ ਵਿਚ ਵਿਗਿਆਨਕ ਨਹੀਂ ਬਣ ਸਕੀ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਅਸੀਂ ਵਿਗਿਆਨਕ ਕਾਢਾਂ ਤੇ ਖੋਜਾਂ ਦਾ ਆਨੰਦ ਤਾਂ ਮਾਣਦੇ ਹਾਂ ਤੇ ਇਨ੍ਹਾਂ ਤੋਂ ਬਿਨਾ ਸਾਨੂੰ ਜ਼ਿੰਦਗੀ ਨੀਰਸ ਲਗਦੀ ਹੈ ਪਰ ਬਹੁਗਿਣਤੀ ਦੀ ਸੋਚ ਦਾ ਦਾਇਰਾ ਅੱਜ ਦੀ ਤਰੀਕ ਵਿਚ ਵੀ ਗੈਰ-ਵਿਗਿਆਨਕ ਤੇ ਤਰਕਹੀਣ ਕਿਹਾ ਜਾ ਸਕਦਾ ਹੈ। ਕੋਈ ਅਨਪੜ੍ਹ ਵਿਅਕਤੀ ਅਗਿਆਨਤਾ ਦੇ ਹਨੇਰੇ ਵਿਚ ਵਿਚਰੇ ਤਾਂ ਗੱਲ ਸਮਝ ਪੈਂਦੀ ਹੈ ਪਰ ਜਦੋਂ ਪੜ੍ਹੇ ਲਿਖੇ ਲੋਕ ਵੀ ਅਜਿਹੀ ਸੋਚ ਦੇ ਧਾਰਨੀ ਬਣ ਜਾਣ ਤਾਂ ਸਥਿਤੀ ਚਿੰਤਾਜਨਕ ਬਣ ਜਾਂਦੀ ਹੈ।

ਅਸੀਂ ਆਪਣੀ ਸੋਚ ਨੂੰ ਤਰਕਸ਼ੀਲਤਾ ਦੀ ਕਸਵੱਟੀ ’ਤੇ ਨਹੀਂ ਪਰਖਦੇ। ਸਾਡਾ ਸਮਾਜ ਭੇਡ ਚਾਲ ਦਾ ਆਦੀ ਹੈ। ਬਿਨਾਂ ਸੋਚੇ ਸਮਝੇ ਕਿਸੇ ਦੂਜੇ ਦੇ ਮਗਰ ਲੱਗ ਤੁਰਨਾ ਸਾਡੀ ਫਿਤਰਤ ਬਣ ਗਈ ਹੈ। ਅਨੇਕਾਂ ਵਹਿਮ-ਭਰਮ ਸਾਡੀ ਜ਼ਿੰਦਗੀ ਦਾ ਹਿੱਸਾ ਬਣੇ ਹੋਏ ਹਨ। ਵਿਗਿਆਨਕ ਖੋਜਾਂ ਦੀ ਬਦੌਲਤ ਬਹੁਤ ਸਾਰੀਆਂ ਭਿਆਨਕ ਬਿਮਾਰੀਆਂ ਦੇ ਇਲਾਜ ਸੰਭਵ ਹੋ ਸਕੇ ਹਨ। ਹੈਰਾਨਕੁਨ ਯੰਤਰਾਂ ਤੇ ਦਵਾਈਆਂ ਨਾਲ ਲਾ-ਇਲਾਜ ਬਿਮਾਰੀਆਂ ’ਤੇ ਵੀ ਕਾਬੂ ਪਾ ਸਕਣਾ ਸੰਭਵ ਹੋ ਗਿਆ ਹੈ। ਇਸ ਦੇ ਬਾਵਜੂਦ ਅਜੇ ਵੀ ਲੱਖਾਂ ਲੋਕ, ਅਗਿਆਨਤਾ ਦੇ ਹਨੇਰੇ ਵਿਚ ਭਟਕਦੇ ਬਿਮਾਰੀ



ਦੀ ਰੋਕਥਾਮ ਲਈ ਸਾਧਾਂ ਸੰਤਾਂ, ਬਾਬਿਆਂ ਤੇ ਨੀਮ-ਹਕੀਮਾਂ ਦੇ ਡੇਰਿਆਂ ’ਤੇ ਟੱਕਰਾਂ ਮਾਰਦੇ ਫਿਰਦੇ ਹਨ। ਅਜਿਹੇ ਡੇਰੇ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਰਾਹ ਤੋਰ ਕੇ ਉਨ੍ਹਾਂ ਦੀ ਹਰ ਪੱਖ ਤੋਂ ਅੰਨ੍ਹੀ ਲੁੱਟ ਕਰ ਰਹੇ ਹਨ।

ਵਿਗਿਆਨ ਦੇ ਇਸ ਅਚੰਭਿਤ ਵਰਤਾਰੇ ਦੇ ਬਾਵਜੂਦ ਅੱਜ ਵੀ ਅਨੇਕਾਂ ਲੋਕ ਔਲਾਦ ਖ਼ਾਤਿਰ ਬਾਬਿਆਂ ਤੇ ਤਾਂਤਰਿਕਾਂ ਦੇ ਡੇਰਿਆਂ ਦੇਖੇ ਜਾ ਸਕਦੇ ਹਨ। ਜਿਸ ਦੇ ਘਰ ਲੜਕਾ ਨਾ ਹੋਵੇ, ਉਸ ਨੂੰ ਮੁੰਡਾ ਹੋਣ ਦੀ ‘ਸ਼ਰਤੀਆ’ ਦਵਾਈ ਦੇ ਚੱਕਰ ਵਿਚ ਉਲਝਾ ਕੇ ਖ਼ੂਬ ਲੁੱਟਿਆ ਜਾਂਦਾ ਹੈ। ਜੇ ਕੁਦਰਤੀ ਮੁੰਡਾ ਹੋ ਜਾਵੇ ਤਾਂ ਬਾਬਿਆਂ ਦੀ ਬੱਲੇ ਬੱਲੇ ਹੋ ਜਾਂਦੀ ਹੈ। ਕੁੜੀ ਹੋਣ ਦੀ ਸੂਰਤ ਵਿਚ ਘਰ ਵਾਲਿਆਂ ਨੂੰ ਕੋਸਿਆ ਜਾਂਦਾ ਹੈ ਕਿ ਤੁਸੀਂ ‘ਦਵਾਈ’ ਚੰਗੀ ਤਰ੍ਹਾਂ ਨਹੀਂ ਖਾਧੀ। ਅਨੇਕਾਂ ਪੜ੍ਹੇ ਲਿਖੇ ਲੋਕ ਵੀ ਅਜਿਹੀ ਭਟਕਣ ਦਾ ਸ਼ਿਕਾਰ ਹੋਏ ਪਏ ਹਨ। ਮਨੁੱਖੀ ਸਿਹਤ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਉਣ ਲਈ ਮੈਡੀਕਲ ਵਿਗਿਆਨ ਵਿਚ ਬੇਹੱਦ ਤਰੱਕੀ ਹੋਈ ਹੈ ਤੇ ਲਗਾਤਾਰ ਹੋ ਰਹੀ ਹੈ। ਇਸ ਦੇ ਬਾਵਜੂਦ ਅਜੇ ਵੀ ਅਗਿਆਨਤਾ ਦੇ ਹਨੇਰੇ ਵਿਚ ਵਿਚਰਦੇ ਅਨੇਕਾਂ ਲੋਕ ਬਿਮਾਰੀ ਦੀ ਸੂਰਤ ਵਿਚ ਨੀਮ-ਹਕੀਮਾਂ ਤੇ ਬਾਬਿਆਂ ਦੇ ਡੇਰਿਆਂ ’ਤੇ ਟੱਕਰਾਂ ਮਾਰਦੇ ਫਿਰਦੇ ਹਨ। ਬਿਮਾਰੀਆਂ ਤੋਂ ਬਚਾਅ ਲਈ ਧਾਗੇ ਤਵੀਤ ਕਰਾ ਕੇ ਪਾਏ ਜਾਂਦੇ ਹਨ। ਸਾਧਾਂ ਦੇ ਡੇਰਿਆਂ ਦੀਆਂ ਚੌਂਕੀਆਂ ਭਰੀਆਂ ਜਾਂਦੀਆਂ ਹਨ। ਅਜਿਹੇ ਬਾਬੇ ਹਰ ਬਿਮਾਰੀ ਦੇ ਇਲਾਜ ਦੇ ਵੱਡੇ ਵੱਡੇ ਦਾਅਵੇ ਕਰਕੇ ਅਗਿਆਨੀ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਲੈਂਦੇ ਹਨ ਤੇ ਖ਼ੂਬ ਸ਼ੋਸ਼ਣ ਕਰਦੇ ਹਨ।

ਅਸੀਂ ਗੱਲੀਂ-ਬਾਤੀਂ ਤਾਂ ਬਹੁਤ ਅਗਾਂਹਵਧੂ ਹਾਂ ਪਰ ਜੀਵਨ ਦੇ ਹਕੀਕੀ ਕਾਰਾਂ-ਵਿਹਾਰਾਂ ਵਿਚ ਅਸੀਂ ਆਦਰਸ਼ਵਾਦੀ ਹਾਂ। ਕਿਸੇ ਦੂਸਰੇ ਦੇ ਕਹੇ-ਕਹਾਏ ਕਿਸੇ ਦੇ ਮਗਰ ਲੱਗ ਤੁਰਨਾ ਸਾਡੀ ਫਿਤਰਤ ਬਣ ਗਈ ਹੈ। ਅਨੇਕਾਂ ਵਹਿਮ-ਭਰਮ ਅੱਜ ਵੀ ਸਾਡੀ ਜ਼ਿੰਦਗੀ ਦਾ ਹਿੱਸਾ ਬਣੇ ਹੋਏ ਹਨ। ਕਈ ਲੋਕ ਇਹੋ ਜਿਹੇ ਘਰੇਲੂ ਮਸਲਿਆਂ ਨੂੰ ਵੀ ਹੱਲ ਕਰਾਉਣ ਲਈ ਬਾਬਿਆਂ ਤੇ ਤਾਂਤਰਿਕਾਂ ਦੇ ਚੱਕਰ ਵਿਚ ਫਸ ਜਾਂਦੇ ਹਨ। ਪਰਿਵਾਰ ਦੇ ਮਨ ਵਿਚ ਇਹ ਗੱਲ ਪਾ ਦਿੱਤੀ ਜਾਂਦੀ ਹੈ ਕਿ ਕਿਸੇ ਦਾ ਕੁਝ ‘ਕੀਤਾ ਕਰਾਇਆ’ ਹੈ, ਇਸ ਕਾਰਨ ਪਰਿਵਾਰ ਵਿਚ ਕਲੇਸ਼ ਹੋ ਰਿਹਾ ਹੈ।

ਮਸਲਾ ਤਾਂ ਕੀ ਹੱਲ ਹੋਣਾ ਹੁੰਦਾ ਹੈ, ਬੁਰੀ ਤਰ੍ਹਾਂ ਆਰਥਿਕ ਤੌਰ ’ਤੇ ਲੁੱਟ-ਖਸੁੱਟ ਹੋਣ ਦੇ ਨਾਲ ਨਾਲ ਪੂਰਾ ਪਰਿਵਾਰ ਮਾਨਸਿਕ ਪੀੜਾ ਵਿਚੋਂ ਵੀ ਗੁਜ਼ਰਦਾ ਹੈ। ਕਿਸੇ ਬਿਮਾਰੀ, ਨੌਕਰੀ, ਰਿਸ਼ਤੇ ਜਾਂ ਹੋਰ ਕਿਸੇ ਪ੍ਰੇਸ਼ਾਨੀ ਵਿਚ ਕਿਸੇ ਬਾਬੇ ਤੋਂ ਪੁੱਛ ਪੁਆਉਣੀ ਗੈਰ-ਵਿਗਿਆਨਕ ਸੋਚ ਦੀ ਸਪੱਸ਼ਟ ਉਦਾਹਰਨ ਹੈ। ਅਜਿਹੇ ਲੋਕਾਂ ਵਿਚ ਪੜ੍ਹੇ-ਲਿਖੇ ਲੋਕ ਵੀ ਸ਼ਾਮਲ ਹਨ। ਜ਼ਿੰਦਗੀ ਦੀਆਂ ਮੁਸ਼ਕਿਲਾਂ ਜਾਂ ਹੋਰ ਸਮੱਸਿਆਵਾਂ ਦਾ ਮੁਕਾਬਲਾ ਕਰਨ ਦੀ ਥਾਂ ਇਹ ਲੋਕ ਪਾਖੰਡੀ ਤਾਂਤਰਿਕਾਂ ਦੇ ਚੁੰਗਲ ਵਿਚ ਫਸ ਜਾਂਦੇ ਹਨ। ਔਲਾਦ ਦੇ ਚਾਹਵਾਨਾਂ ਤੋਂ ਤਾਂ ਇਹ ਤਾਂਤਰਿਕ ਕਿਸੇ ਗੁਆਂਢੀ ਦੇ ਮਸੂਮ ਬੱਚੇ ਦੀ ਬਲੀ ਦੇਣ ਵਰਗੀ ਹਰਕਤ ਵੀ ਕਰਵਾ ਦਿੰਦੇ ਹਨ। ਅਜਿਹੀਆਂ ਦਰਦਨਾਕ ਘਟਨਾਵਾਂ ਅਕਸਰ ਹੀ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ।



ਸਭ ਤੋਂ ਦੁਖਦਾਈ ਸਥਿਤੀ ਇਹ ਹੈ ਕਿ ਨਵੀਂ ਤਕਨਾਲੋਜੀ ਦੀ ਦੁਰਵਰਤੋਂ ਕਰਕੇ ਆਮ ਲੋਕਾਂ ਦੇ ਮਨਾਂ ਵਿਚ ਅੰਧਵਿਸ਼ਵਾਸਾਂ ਦਾ ਭਰਮ ਪੈਦਾ ਕੀਤਾ ਜਾ ਰਿਹਾ ਹੈ। ਸਵੇਰ ਸਮੇਂ ਬਹੁਤੇ ਚੈਨਲਾਂ ’ਤੇ ਕੰਪਿਊਟਰ ਦੁਆਰਾ, ਲੋਕਾਂ ਦਾ ਭਵਿੱਖ, ਵਿਆਹ-ਸ਼ਾਦੀ, ਰੁਜ਼ਗਾਰ, ਬਿਮਾਰੀ ਤੋਂ ਨਿਜਾਤ, ਇਸ਼ਕ ਵਿਚ ਕਾਮਯਾਬੀ, ਕਿਸੇ ਨੂੰ ਵੱਸ ਵਿਚ ਕਰਨ ਦੇ ਮੰਤਰ, ਵਿਦੇਸ਼ ਜਾਣ ਵਿਚ ਰੁਕਾਵਟ ਦੂਰ ਕਰਨ ਆਦਿ ਅਨੇਕਾਂ ਮੁਸੀਬਤਾਂ ਵਿਚੋਂ ਨਿਕਲਣ ਦੇ ਹੱਲ ਦੱਸ ਕੇ ਲੋਕਾਂ ਦੇ ਮਨਾਂ ਵਿਚ ਵਹਿਮਾਂ-ਭਰਮਾਂ ਨੂੰ ਪੱਕਾ ਕੀਤਾ ਜਾ ਰਿਹਾ ਹੈ। ਬਹੁਤੇ ਲੋਕ ਅਖਬਾਰ ਵਿਚੋਂ ਰਾਸ਼ੀ ਪੜ੍ਹ ਕੇ ਆਪਣੇ ਦਿਨ ਦੀ ਸ਼ੁਰੂਆਤ ਕਰਦੇ ਹਨ। ਟੂਣੇ-ਟਾਮਣਾਂ ਦਾ ਰਿਵਾਜ਼ ਵੀ ਬਿਮਾਰ ਤੇ ਗੈਰ-ਵਿਗਿਆਨਕ ਸੋਚਣੀ ਦਾ ਪ੍ਰਤੀਕ ਹੈ। ਸਾਧਾਂ ਤੇ ਤਾਂਤਰਿਕਾਂ ਦੇ ਡੇਰੇ ਲੋਕਾਂ ਨੂੰ ਇਹੋ ਜਿਹੇ ਪਾਖੰਡਾਂ ਲਈ ਮਾਨਸਿਕ ਤੌਰ ’ਤੇ ਤਿਆਰ ਕਰ ਲੈਂਦੇ ਹਨ। ਕਿਸੇ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਦੀ ਮਨਸ਼ਾ ਨਾਲ ਟੂਣੇ ਕੀਤੇ ਜਾਂਦੇ ਹਨ। ਮਾਨਸਿਕ ਤੌਰ ’ਤੇ

(ਬਾਕੀ ਸਫ਼ਾ 31 ’ਤੇ)





## ਸਿਹਤ ਸੰਭਾਲ






# ਹੋਮਿਓਪੈਥਿਕ ਦਵਾਈਆਂ ਗੁਰਦਿਆਂ ਲਈ ਬਹੁਤ ਅਸਰਦਾਰ

ਡਾ. ਰਵਿੰਦਰ ਕੌਰ ਬਾਵਾ
98159-17844

ਹੋਮਿਓਪੈਥਿਕ ਪ੍ਰਣਾਲੀ ਅੱਜ-ਕੱਲ੍ਹ ਲੋਕਾਂ ਵਿਚ ਕਾਫ਼ੀ ਮਕਬੂਲ ਹੋ ਰਹੀ ਹੈ। ਇਹ ਮੈਡੀਕਲ ਦੀ ਦੂਜੀ ਸਭ ਤੋਂ ਪ੍ਰਸਿੱਧ ਪ੍ਰਣਾਲੀ ਹੈ। ਜ਼ਿਆਦਾਤਰ ਲੋਕ ਛੋਟੀਆਂ-ਵੱਡੀਆਂ ਬਿਮਾਰੀਆਂ ਲਈ ਹੋਮਿਓਪੈਥਿਕ ਦਵਾਈਆਂ ਦੀ ਚੋਣ ਕਰ ਰਹੇ ਹਨ। ਇਹ ਨਾ ਸਿਰਫ਼ ਇਸ ਦੀ ਪ੍ਰਭਾਵਸ਼ੀਲਤਾ ਕਾਰਨ ਬਲਕਿ ਇਸ ਦੇ ਕੋਈ ਮਾੜੇ ਪ੍ਰਭਾਵ ਵੀ ਨਹੀਂ ਹਨ। ਹੋਮਿਓਪੈਥੀ ਦਾ ਬਾਨੀ ਖ਼ੁਦ ਇਕ ਐਲੋਪੈਥ ਸੀ ਜਿਸ ਨੇ ਬਾਅਦ 'ਚ ਹੋਮਿਓਪੈਥੀ ਦੀ ਦਵਾਈ ਦੀ ਖੋਜ ਕੀਤੀ। ਇਹ ਦਵਾਈਆਂ ਇਲਾਜ ਵਿਚ ਨਾ ਸਿਰਫ਼ ਮਦਦ ਕਰਦੀਆਂ ਹਨ ਬਲਕਿ ਉਨ੍ਹਾਂ ਨੂੰ ਦੁਬਾਰਾ ਹੋਣ ਤੋਂ ਵੀ ਰੋਕਦੀਆਂ ਹਨ। ਹੋਮਿਓਪੈਥਿਕ ਦਵਾਈਆਂ ਗਰਭ ਅਵਸਥਾ ਤੋਂ ਪਹਿਲਾਂ, ਗਰਭ ਅਵਸਥਾ ਦੌਰਾਨ, ਨਵਜੰਮੇ, ਜਵਾਨੀ ਅਤੇ ਇੱਥੋਂ ਤਕ ਕਿ ਬੁਢਾਪੇ ਲਈ ਜੀਵਨ ਦੇ ਸਾਰੇ ਪੜਾਵਾਂ ਵਿਚ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹੁੰਦੀਆਂ ਹਨ। ਜਦੋਂ ਅਸੀਂ ਹੋਮਿਓਪੈਥੀ ਦੀ ਗੱਲ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਜੋ ਹਰ ਕਿਸੇ ਦੇ ਦਿਮਾਗ ਵਿਚ ਆਉਂਦਾ ਹੈ, ਉਹ ਹੈ ਗੁਰਦੇ ਦੀ ਪੱਥਰੀ। ਇਹ ਪੜ੍ਹ ਰਹੇ ਲਗਭਗ ਸਾਰਿਆਂ ਲੋਕਾਂ ਨੇ ਸੁਣਿਆ ਹੋਵੇਗਾ ਕਿ ਹੋਮਿਓਪੈਥੀ ਗੁਰਦੇ ਦੀ ਪੱਥਰੀ ਵਿਚ ਬਹੁਤ ਪ੍ਰਭਾਵਸ਼ਾਲੀ ਹੈ ਪਰ ਇੱਥੇ ਮੈਂ ਇਹ ਦੱਸਣਾ ਚਾਹਾਂਗੀ ਕਿ ਇਹ ਸਿਰਫ਼ ਗੁਰਦੇ ਦੀ ਪੱਥਰੀ ਹੀ ਨਹੀਂ ਹੈ ਜਿਸ ਨੂੰ ਠੀਕ ਕੀਤਾ ਜਾ ਸਕਦਾ ਹੈ ਬਲਕਿ ਕਿਸੇ ਵੀ ਕਿਸਮ ਦੀ ਕਿਡਨੀ ਦੀ ਬਿਮਾਰੀ ਦੇ ਇਲਾਜ ਵਿਚ ਸਮਰੱਥ ਹੈ।

ਹੋਮਿਓਪੈਥਿਕ ਦਵਾਈਆਂ ਗੁਰਦਿਆਂ ਲਈ ਬਹੁਤ ਪ੍ਰਭਾਵਸ਼ਾਲੀ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਮੁੜ ਆਮ ਵਾਂਗ ਕਰ ਸਕਦੀਆਂ ਹਨ। ਅੱਜ-ਕੱਲ੍ਹ ਸਭ ਤੋਂ ਵੱਧ ਆਮ ਜੀਵਨ-ਸ਼ੈਲੀ ਦੀਆਂ ਬਿਮਾਰੀਆਂ ਹਨ ਜੋ ਸਾਡੀਆਂ ਗ਼ਲਤ ਖਾਣ-ਪੀਣ ਦੀਆਂ ਆਦਤਾਂ, ਜੰਕ ਫੂਡ ਅਤੇ ਬੈਠੀ ਜੀਵਨ-ਸ਼ੈਲੀ ਕਾਰਨ ਹੁੰਦੀਆਂ ਹਨ। ਅੰਡਾਸ਼ਯ ਵਿਚ ਪੀਸੀਓਡੀ ਜਾਂ ਸਿਸਟ ਮੁਟਿਆਰਾਂ ਵਿਚ ਸਭ ਤੋਂ ਆਮ ਹੈ। ਉਹ ਬਹੁਤ ਜ਼ਿਆਦਾ ਜੰਕ ਫੂਡ ਖਾ ਰਹੀਆਂ ਹਨ। ਸਰੀਰਕ ਕਸਰਤ ਦੀ ਕਮੀ ਕਾਰਨ ਉਨ੍ਹਾਂ ਦਾ ਭਾਰ ਵਧਦਾ ਹੈ, ਹਿਰਸੁਟਿਜ਼ਮ ਵਧਦਾ ਹੈ ਅਤੇ ਉਨ੍ਹਾਂ ਦਾ ਮਾਹਵਾਰੀ ਚੱਕਰ ਅਨਿਯਮਿਤ ਹੋ ਜਾਂਦਾ ਹੈ। ਇਹ ਜੀਵਨ-ਸ਼ੈਲੀ ਤਬਦੀਲੀਆਂ ਨੂੰ ਸੱਦਾ ਦਿੰਦੀ ਹੈ। ਸਹੀ ਹੋਮਿਓਪੈਥਿਕ ਦਵਾਈ ਅਤੇ ਸਿਹਤਮੰਦ ਖ਼ੁਰਾਕ ਤੇ ਸਰੀਰਕ ਗਤੀਵਿਧੀ ਦਾ ਮਾਰਗਦਰਸ਼ਨ ਇਸ ਹਾਰਮੋਨਲ ਅਸੰਤੁਲਨ ਨੂੰ ਬਿਨਾਂ ਕਿਸੇ ਬਾਹਰੀ ਹਾਰਮੋਨਲ ਇਲਾਜ ਦੇ ਠੀਕ ਕਰ ਸਕਦਾ ਹੈ। ਜਿਗਰ ਦੀਆਂ ਬਿਮਾਰੀਆਂ ਜੀਵਨ-ਸ਼ੈਲੀ ਦੀਆਂ ਬਿਮਾਰੀਆਂ ਦੀ ਇਕ ਹੋਰ ਕਿਸਮ ਹਨ। ਫੈਟੀ ਲਿਵਰ ਦੀ ਇਹ ਬਿਮਾਰੀ ਉਨ੍ਹਾਂ ਲੋਕਾਂ ਵਿਚ ਵੀ ਬਹੁਤ ਆਮ ਹੁੰਦੀ ਜਾ ਰਹੀ ਹੈ ਜਿਨ੍ਹਾਂ ਨੇ ਕਦੇ ਸ਼ਰਾਬ ਦਾ ਸੇਵਨ ਵੀ ਨਹੀਂ ਕੀਤਾ ਹੈ। ਇਸ ਦਾ ਸਿਹਰਾ ਜੰਕ ਫੂਡ ਨੂੰ ਜਾਂਦਾ ਹੈ। ਹੁਣ ਇਸ ਨੂੰ ਨਾਨ-ਅਲਕੋਹਲਿਕ ਫੈਟੀ ਲਿਵਰ ਡਿਸੀਜ਼ ਕਿਹਾ ਜਾਂਦਾ ਹੈ। ਖ਼ਾਸ ਤੌਰ 'ਤੇ ਚਿੱਟਾ ਆਟਾ ਜਿਗਰ ਨੂੰ ਸੁਸਤ ਅਤੇ ਬਾਅਦ ਵਿਚ ਚਰਬੀ ਵਾਲਾ ਬਣਾਉਂਦਾ ਹੈ। ਅਸੀਂ ਰਿਪੋਰਟਾਂ ਵਿਚ ਗ੍ਰੇਡ 1, ਗ੍ਰੇਡ 2 ਜਾਂ 3 ਅਤੇ ਸਿਰੋਸਿਸ ਦੇ ਰੂਪ ਵਿਚ ਦੇਖ ਸਕਦੇ ਹਾਂ। ਹੋਮਿਓਪੈਥਿਕ ਦਵਾਈਆਂ ਨਾਲ ਜੀਵਨ-ਸ਼ੈਲੀ ਵਿਚ ਜ਼ਰੂਰੀ ਸੁਧਾਰ ਬਿਮਾਰ ਜਿਗਰ ਨੂੰ ਮੁੜ ਸਿਹਤਯਾਬੀ ਵੱਲ ਲਿਆ ਸਕਦੇ ਹਨ। ਪਿੱਠ ਤੇ ਸਰਵਾਈਕਲ ਖੇਤਰ ਦੇ ਨਾਲ-ਨਾਲ ਪਿੱਠ ਦੇ ਹੇਠਲੇ ਹਿੱਸੇ 'ਚ ਕੁਝ ਦਰਦ ਅਤੇ ਦਰਦ ਸਾਡੇ ਖ਼ਰਾਬ ਆਸਣ, ਗ਼ਲਤ ਤਰੀਕੇ ਨਾਲ ਸੌਣ, ਗ਼ਲਤ ਕਿਸਮ ਦੇ ਸਿਰਹਾਣੇ ਦੀ ਵਰਤੋਂ ਕਰਨ ਅਤੇ ਖ਼ਰਾਬ ਆਸਣ ਨਾਲ ਲੰਬੇ ਸਮੇਂ ਤਕ ਬੈਠਣ ਕਾਰਨ ਹੋ ਸਕਦੇ ਹਨ। ਇਹ ਸਭ ਮੋਢਿਆਂ ਅਤੇ ਗਰਦਨ ਵਿਚ ਦਰਦ ਦੇ ਨਾਲ ਸਰਵਾਈਕਲ ਸਪੌਂਡਿਲਾਈਟਿਸ ਦਾ ਕਾਰਨ ਬਣ ਸਕਦਾ ਹੈ।

ਇੱਥੋਂ ਤਕ ਕਿ ਸਾਇਟਿਕਾ ਦਾ ਦਰਦ ਸਹੀ ਆਸਣ ਅਤੇ ਦਵਾਈ ਸਾਨੂੰ ਦਰਦ ਰਹਿਤ ਜੀਵਨ ਜਿਊਣ 'ਚ ਮਦਦ ਕਰੇਗੀ। ਆਓ, ਹੁਣ ਐਲਰਜੀ ਬਾਰੇ ਗੱਲ ਕਰੀਏ। ਇਹ ਹਰ ਕਿਸਮ ਦੀ ਐਲਰਜੀ ਲਈ ਸਭ ਤੋਂ ਖ਼ਰਾਬ ਮੌਸਮ ਹੈ। ਸਾਡੇ ਵਿਚੋਂ ਬਹੁਤ ਸਾਰੇ ਇਸ ਮੌਸਮ 'ਚ ਸਵੇਰੇ ਉੱਠਦੇ ਹਨ ਅਤੇ ਨਿੱਛ ਮਾਰਦੇ ਹਨ, ਨੱਕ ਬੰਦ ਹੋ ਜਾਂਦਾ ਹੈ, ਅੱਖਾਂ ਵਿਚ ਪਾਣੀ ਆਉਂਦਾ ਹੈ ਅਤੇ ਖਾਰਿਸ਼ ਹੁੰਦੀ ਹੈ। ਇਹ ਐਲਰਜਿਕ ਰਾਈਨਾਈਟਿਸ ਹੈ ਜਿਸ ਵਿਚ ਬਹੁਤ ਜ਼ਿਆਦਾ ਨੱਕ ਰਾਹੀਂ ਡਿਸਚਾਰਜ ਹੁੰਦਾ ਹੈ। ਬਾਅਦ ਵਿਚ ਗਲੇ 'ਚ ਖਰਾਸ਼ ਅਤੇ ਸਾਹ ਲੈਣ 'ਚ ਮੁਸ਼ਕਲ ਹੋ ਸਕਦੀ ਹੈ ਜਿਸ ਨੂੰ ਬ੍ਰੌਨਕਸੀਅਲ ਅਸਥਮਾ ਕਿਹਾ ਜਾਂਦਾ ਹੈ। ਇੱਥੋਂ ਤਕ ਕਿ ਇਸ ਬਦਲਦੇ ਮੌਸਮ 'ਚ ਚਮੜੀ ਦੀ ਐਲਰਜੀ ਵੀ ਬਹੁਤ ਆਮ ਹੈ ਪਰ 1 ਜਾਂ 2 ਦਿਨਾਂ ਲਈ ਆਰਾਮ ਪ੍ਰਾਪਤ ਕਰਨ ਲਈ ਰੋਜ਼ਾਨਾ ਇਕ ਗੋਲ਼ੀ ਨਹੀਂ ਲੈਣੀ ਚਾਹੀਦੀ ਅਤੇ ਅਗਲੇ ਸੀਜ਼ਨ ਤਕ ਉਹੀ ਗੱਲ ਹਰ ਰੋਜ਼ ਦੁਹਰਾਈ ਜਾਂਦੀ ਹੈ ਅਤੇ ਅਗਲੇ ਸੀਜ਼ਨ ਵਿਚ ਉਹੀ ਸ਼ਿਕਾਇਤ ਦੁਬਾਰਾ ਹੁੰਦੀ ਹੈ। ਹੋਮਿਓਪੈਥਿਕ ਦਵਾਈਆਂ ਇੰਨੀਆਂ ਸ਼ਾਨਦਾਰ ਅਤੇ ਚਮਤਕਾਰੀ ਹੁੰਦੀਆਂ ਹਨ ਕਿ ਇਹ ਨਾ ਸਿਰਫ਼ ਗੰਭੀਰ ਸਥਿਤੀ ਵਿਚ ਮਦਦ ਕਰਦੀਆਂ ਹਨ ਬਲਕਿ ਵਿਅਕਤੀ ਨੂੰ ਇਨ੍ਹਾਂ ਐਲਰਜੀਆਂ ਤੋਂ ਹਮੇਸ਼ਾ ਲਈ ਛੁਟਕਾਰਾ ਵੀ ਮਿਲ ਸਕਦਾ ਹੈ। ਹੋਮਿਓਪੈਥੀ ਚਮੜੀ ਦੇ ਜ਼ਿਕਰ ਤੋਂ ਬਿਨਾਂ ਅਧੂਰੀ ਹੈ। ਇਹ ਚਮੜੀ 'ਤੇ ਸਭ ਤੋਂ ਵਧੀਆ ਪ੍ਰਭਾਵ ਪਾਉਂਦਾ ਹੈ। ਬਿਮਾਰੀ ਸਾਧਾਰਨ ਮੱਕੀ, ਵਾਰਟਸ, ਫਿਣਸੀ ਜਾਂ ਚੰਬਲ ਤੋਂ ਲੈ ਕੇ ਚੰਬਲ, ਐਟੋਪਿਕ ਡਰਮੇਟਾਇਟਸ, ਲਾਈਕੇਨ ਜਾਂ ਇੱਥੋਂ ਤਕ ਕਿ ਵਿਟਿਲਿਗੋ ਅਤੇ ਹੋਰ ਬਹੁਤ ਸਾਰੀਆਂ ਹੋ ਸਕਦੀਆਂ ਹਨ। ਚਮੜੀ ਦਾ ਕੋਈ ਵੀ ਰੋਗ ਹੋਵੇ, ਹੋਮਿਓਪੈਥਿਕ ਦਵਾਈ ਨਾਲ ਇਸ ਦਾ ਅਚਰਜ ਇਲਾਜ ਹੁੰਦਾ ਹੈ। ਚਮੜੀ ਅੰਦਰੂਨੀ ਸਿਹਤ ਦਾ ਪ੍ਰਤੀਬਿੰਬ ਹੈ। ਜੇ ਤੁਸੀਂ ਅੰਦਰੂਨੀ ਤੌਰ 'ਤੇ ਸਿਹਤਮੰਦ ਨਹੀਂ ਹੋ ਤਾਂ ਇਸ ਬਾਬਤ ਤੁਹਾਡੀ ਚਮੜੀ ਦਿਖਾਈ ਦੇਵੇਗੀ। ਸਾਨੂੰ ਮੱਲ੍ਹਮ ਲਗਾਉਣੀ ਚਾਹੀਦੀ ਹੈ ਤੇ ਚਮੜੀ ਦੇ ਰੋਗਾਂ ਨੂੰ ਦਬਾਉਣਾ ਨਹੀਂ ਚਾਹੀਦਾ ਮਾਈਗਰੇਨ ਸਿਰ ਦਰਦ ਜਾਂ ਕਲਸਟਰ ਸਿਰ ਦਰਦ ਮਤਲੀ ਅਤੇ ਉਲਟੀਆਂ ਨਾਲ ਜੁੜਿਆ ਹੋ ਸਕਦਾ ਹੈ ਜਾਂ ਹੋ ਸਕਦਾ ਹੈ ਨਹੀਂ ਪਰ ਹਾਂ, ਮਾਈਗਰੇਨ ਭਿਆਨਕ ਹੁੰਦਾ ਹੈ ਅਤੇ ਇਹ ਲਗਾਤਾਰ ਤਿੰਨ ਦਿਨਾਂ ਤਕ ਜਾਰੀ ਰਹਿ ਸਕਦਾ ਹੈ।

ਕਿਸੇ ਨੂੰ ਬਹੁਤ ਸਾਰੇ ਦਰਦ ਨਿਵਾਰਕ ਲੈਣੇ ਪੈ ਸਕਦੇ ਹਨ ਜਾਂ ਕੁਝ ਟੀਕਿਆਂ ਲਈ ਹਸਪਤਾਲ ਵੀ ਜਾਣਾ ਪੈ ਸਕਦਾ ਹੈ। ਇਹ ਰਾਹਤ ਦੇ ਸਕਦਾ ਹੈ ਪਰ ਇਸ ਨੂੰ ਮੁੜ ਦੁਹਰਾਉਣ ਤੋਂ ਨਹੀਂ ਰੋਕੇਗਾ। ਹੋਮਿਓਪੈਥਿਕ ਦਵਾਈਆਂ ਜੇ ਸਹੀ ਢੰਗ ਨਾਲ ਤਜਵੀਜ਼ ਕੀਤੀਆਂ ਜਾਂਦੀਆਂ ਹਨ ਤਾਂ ਨਾ ਸਿਰਫ਼ ਉਸ ਖ਼ਾਸ ਸਮੇਂ ਸਿਰ ਸਿਰਦਰਦ ਦਾ ਇਲਾਜ ਕੀਤਾ ਜਾਵੇਗਾ ਬਲਕਿ ਭਵਿੱਖ ਵਿਚ ਦੁਬਾਰਾ ਹੋਣ ਤੋਂ ਵੀ ਰੋਕਿਆ ਜਾਵੇਗਾ। ਸਿਰਦਰਦ ਤੋਂ ਪੀੜਤ ਲੋਕਾਂ ਨੂੰ ਸਮੇਂ ਸਿਰ ਨਾਸ਼ਤਾ ਕਰਨਾ ਚਾਹੀਦਾ ਹੈ ਅਤੇ ਘੱਟੋ-ਘੱਟ 7 ਘੰਟੇ ਸੌਣਾ ਚਾਹੀਦਾ ਹੈ। ਦੇਰੀ ਨਾਲ ਨਾਸ਼ਤਾ ਕਰਨਾ ਮਾਈਗਰੇਨ ਨੂੰ ਸੱਦਾ ਦਿੰਦਾ ਹੈ। ਸਾਨੂੰ ਹੋਮਿਓਪੈਥੀ ਦੀ ਚੋਣ ਕਰਨੀ ਚਾਹੀਦੀ ਹੈ ਜੇ ਅਸੀਂ ਇਕ ਗੁਣਵੱਤਾ ਅਤੇ ਦਰਦ ਰਹਿਤ ਜੀਵਨ ਚਾਹੁੰਦੇ ਹਾਂ। ਸਿਹਤ ਦਾ ਮਤਲਬ ਸਿਰਫ਼ ਸਰੀਰਕ ਤੰਦਰੁਸਤੀ ਅਤੇ ਬਿਮਾਰੀ ਦੀ ਅਣਹੋਂਦ ਨਹੀਂ ਹੈ ਸਗੋਂ ਕਿਸੇ ਵਿਅਕਤੀ ਦੀ ਮਾਨਸਿਕ ਸਿਹਤ ਨੂੰ ਵੀ ਦਰਸਾਉਂਦਾ ਹੈ। ਆਧੁਨਿਕ ਸੰਸਾਰ 'ਚ ਸਾਡੇ ਰੋਜ਼ਾਨਾ ਜੀਵਨ ਵਿਚ ਬਹੁਤ ਸਾਰੇ ਤਣਾਅ ਪੈਦਾ ਕਰਨ ਵਾਲੇ ਕਾਰਕ ਹਨ। ਇਹ ਚਿੰਤਾ, ਨੀਂਦ ਨਾ ਆਉਣਾ ਤੇ ਕੁਝ ਮਾਮਲਿਆਂ 'ਚ ਉਦਾਸੀ ਦਾ ਕਾਰਨ ਬਣ ਰਿਹਾ ਹੈ। ਇਨ੍ਹਾਂ ਲੱਛਣਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਤੇ ਡਾਕਟਰ ਨਾਲ ਸਲਾਹ ਕਰੋ।

# ਸੌਣ ਸਮੇਂ ਫੋਨ ਨੇੜੇ ਰੱਖਣਾ ਸਿਹਤ ਲਈ ਹਾਨੀਕਾਰਕ



ਮਾਸਟਰ ਸੰਦੀਪ

ਮੋਬਾਈਲ, ਸੈੱਲ ਜਾਂ ਸਮਾਰਟ ਫ਼ੋਨ ਹੁਣ ਸਾਡੀ ਰੋਜ਼ਾਨਾ ਜ਼ਿੰਦਗੀ ਨਾਲ ਪੂਰੀ ਤਰ੍ਹਾਂ ਨਾਲ ਜੁੜ ਗਏ ਹਨ। ਤਕਨਾਲੋਜੀ ਦੇ ਇਹ ਚਮਤਕਾਰ ਜੇਬ-ਆਕਾਰ ਦੇ ਕੰਪਿਊਟਰਾਂ ਵਜੋਂ ਕੰਮ ਕਰਦੇ ਹਨ। ਉਨ੍ਹਾਂ ਦੇ ਨਾਲ ਅਸੀਂ ਆਧੁਨਿਕ ਜੀਵਨ ਲਈ ਜ਼ਰੂਰੀ ਬਹੁਤ ਸਾਰੀਆਂ ਸਰਗਰਮੀਆਂ ਕਰ ਸਕਦੇ ਹਾਂ। ਤੁਸੀਂ ਫ਼ੋਨ ਕਾਲ ਕਰ ਸਕਦੇ ਹੋ, ਟੈਕਸਟ ਸੁਨੇਹੇ ਭੇਜ ਸਕਦੇ ਹੋ, ਰੂਟ ਦਾ ਨਕਸ਼ਾ ਬਣਾ ਸਕਦੇ ਹੋ, ਇੰਟਰਨੈੱਟ ਦੀ ਵਰਤੋਂ ਕਰ ਸਕਦੇ ਹੋ, ਈਮੇਲਾਂ ਦਾ ਜਵਾਬ ਦੇ ਸਕਦੇ ਹੋ, ਅਤੇ ਫੇਸਬੁੱਕ ਅਤੇ ਟਵਿੱਟਰ ਵਰਗੇ ਸੋਸ਼ਲ ਮੀਡੀਆ ਰਾਹੀਂ ਗੱਲਬਾਤ ਕਰ ਸਕਦੇ ਹੋ। ਤੁਸੀਂ ਗੇਮਾਂ ਵੀ ਖੇਡ ਸਕਦੇ ਹੋ ਅਤੇ ਕੋਈ ਕੰਮ ਕਰਨ ਲਈ ਐਪਸ ਦੀ ਵਰਤੋਂ ਕਰ ਸਕਦੇ ਹੋ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ ਕਿ ਇਨ੍ਹਾਂ ਸਰਗਰਮੀਆਂ ਦੀ ਸਾਡੀ ਨੀਂਦ ਵਿਚ ਘੁਸਪੈਠ ਕਰਨ ਦੀ ਸੰਭਾਵਨਾ ਵੀ ਹੋ ਸਕਦੀ ਹੈ।ਅਕਸਰ ਹੀ ਅਸੀਂ ਸਵੇਰੇ ਉੱਠਣ ਤੋਂ ਲੈ ਕੇ ਰਾਤ ਸੌਣ ਤੱਕ ਮੋਬਾਈਲ ਫੋਨ ਚਲਾਉਣ ਦੇ ਆਦੀ ਹੋ ਚੁੱਕੇ ਹਾਂ। ਸਾਨੂੰ ਜੇਕਰ ਕੋਈ ਕੰਮ ਹੈ, ਫਿਰ ਤਾਂ ਅਸੀਂ ਮੋਬਾਈਲ ਦੇਖਣਾ ਹੀ ਹੈ, ਪਰ ਸਾਡੀ ਆਦਤ ਇਹੋ ਜਿਹੀ ਬਣ ਚੁੱਕੀ ਹੈ ਕਿ ਬਿਨਾਂ ਕੰਮ ਤੋਂ ਹੀ ਅਸੀਂ ਹਰ 5-10 ਮਿੰਟ ਬਾਅਦ ਮੋਬਾਈਲ ਫੋਨ ਚੈੱਕ ਕਰਦੇ ਰਹਿੰਦੇ ਹਾਂ। ਰਾਤ ਨੂੰ ਸੌਣ ਸਮੇਂ ਅਸੀਂ ਬੈੱਡ 'ਤੇ ਲੇਟ ਕੇ ਵੀ ਮੋਬਾਈਲ ਦੀ ਵਰਤੋਂ ਕਰਦੇ ਰਹਿੰਦੇ ਹਾਂ। ਸੈੱਲ ਫੋਨ ਨੀਲੀ ਰੌਸ਼ਨੀ ਛੱਡਦੇ ਹਨ, ਜੋ



ਤੁਹਾਡੇ ਦਿਮਾਗ਼ ਨੂੰ ਇਹ ਸੋਚਣ ਲਈ ਭਰਮਾਉਂਦਾ ਹੈ ਕਿ ਇਹ ਦਿਨ ਦਾ ਸਮਾਂ ਹੈ। ਜਦੋਂ ਤੁਸੀਂ ਸੌਣ ਦੀ ਤਿਆਰੀ ਕਰਦੇ ਹੋ, ਦਿਮਾਗ ਮੇਲਾਟੋਨਿਨ, ਇਕ ਹਾਰਮੋਨ ਛੱਡਦਾ ਹੈ ਜੋ ਨੀਂਦ ਦੇ ਚੱਕਰ ਨੂੰ ਨਿਯੰਤ੍ਰਿਤ ਕਰਦਾ ਹੈ। ਨੀਲੀ ਰੌਸ਼ਨੀ ਇਨ੍ਹਾਂ ਪੱਧਰਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਤੁਹਾਡੇ ਸੌਣ ਦੇ ਪੈਟਰਨ ਨੂੰ ਬੰਦ ਕਰ ਦਿੰਦੀ ਹੈ। ਇਸ ਨਾਲ ਸਿਰਦਰਦ, ਕਮਜ਼ੋਰ ਨਜ਼ਰ ਅਤੇ ਰਾਤ ਬੇਚੈਨ ਹੋ ਸਕਦੀ ਹੈ। ਮੋਬਾਈਲ ਫੋਨ ਦੀ ਜ਼ਿਆਦਾ ਵਰਤੋਂ ਨਾਲ ਸੌਣ ਦੇ ਸਮੇਂ ਵਿਚ ਦੇਰੀ ਹੋ ਸਕਦੀ ਹੈ ਅਤੇ ਕੁੱਲ ਸੌਣ ਦਾ ਸਮਾਂ ਘਟ ਸਕਦਾ ਹੈ। ਇਹ ਨੀਂਦ ਦੀ ਕਮੀ ਵਿਚ ਯੋਗਦਾਨ ਪਾ ਸਕਦਾ ਹੈ। ਜੇਕਰ ਆਰਾਮ ਮਹਿਸੂਸ ਕਰਨ ਲਈ ਲੋੜੀਂਦੀ ਨੀਂਦ ਪ੍ਰਾਪਤ ਨਹੀਂ ਕੀਤੀ ਜਾਂਦੀ। ਮਨ ਬਹੁਤ ਜ਼ਿਆਦਾ ਉਤਸ਼ਾਹਿਤ ਜਾਂ ਸਰਗਰਮ ਹੋ ਸਕਦਾ ਹੈ। ਸਾਨੂੰ ਰਾਤ ਨੂੰ ਸੌਣ ਤੋਂ 30 ਮਿੰਟ ਪਹਿਲਾਂ ਮੋਬਾਈਲ ਫੋਨ ਨੂੰ ਦੂਰ ਰੱਖ ਦੇਣਾ ਚਾਹੀਦਾ ਹੈ। ਸਾਡੀ ਅਕਸਰ ਹੀ ਆਦਤ ਹੁੰਦੀ ਹੈ ਕਿ ਸਵੇਰੇ ਉੱਠਣ ਸਾਰ ਸਭ ਤੋਂ ਪਹਿਲਾਂ ਮੋਬਾਈਲ ਫੋਨ ਨੂੰ ਚੈੱਕ ਕਰਦੇ ਹਾਂ ਜੋ ਕਿ ਬਹੁਤ ਜ਼ਿਆਦਾ ਗ਼ਲਤ ਗੱਲ ਹੈ। ਸਾਨੂੰ ਉੱਠਣ ਤੋਂ ਬਾਅਦ ਸੈਰ ਕਰਨੀ ਚਾਹੀਦੀ ਹੈ ਅਤੇ ਕਸਰਤ ਕਰਨੀ ਚਾਹੀਦੀ ਹੈ ਅਤੇ ਉਸ ਤੋਂ ਬਾਅਦ ਅੱਧੇ ਘੰਟੇ ਜਾਂ ਫਿਰ ਘੰਟੇ ਬਾਅਦ ਮੋਬਾਈਲ ਫੋਨ ਨੂੰ ਚੈੱਕ ਕਰਨਾ ਚਾਹੀਦਾ ਹੈ। ਰੇਡੀਓਫ੍ਰੀਕੁਐਂਸੀ ਊਰਜਾ ਦੇ ਸੰਪਰਕ ਨੂੰ ਘੱਟ ਕਰਨ ਲਈ ਤੁਹਾਡਾ ਫ਼ੋਨ ਤੁਹਾਡੇ ਬਿਸਤਰੇ ਤੋਂ ਘੱਟੋ-ਘੱਟ ਤਿੰਨ ਫੁੱਟ ਦੂਰ ਹੋਣਾ ਚਾਹੀਦਾ ਹੈ। ਜੇਕਰ ਤੁਹਾਨੂੰ ਆਪਣੇ ਫ਼ੋਨ ਨੂੰ ਅਲਾਰਮ ਵਜੋਂ ਵਰਤਣ ਦੀ ਲੋੜ ਹੈ ਤਾਂ ਇਸ ਨੂੰ ਕਾਲਾਂ ਅਤੇ ਟੈਕਸਟ ਸੁਨੇਹੇ ਭੇਜਣ ਜਾਂ ਪ੍ਰਾਪਤ ਕਰਨ ਤੋਂ ਰੋਕਣ ਲਈ ਏਅਰਪਲੇਨ ਮੋਡ ਨੂੰ ਚਾਲੂ ਕਰੋ। ਜੇ ਤੁਹਾਡਾ ਸੈੱਲ ਫ਼ੋਨ ਤੁਹਾਡੇ ਸਿਰ ਦੇ ਨੇੜੇ, ਸਿਰਹਾਣੇ ਦੇ ਹੇਠਾਂ ਜਾਂ ਨਾਈਟਸਟੈਂਡ 'ਤੇ ਹੈ ਤਾਂ ਤੁਸੀਂ ਰਾਤ ਨੂੰ ਸੌਣ ਸਮੇਂ ਇਸ ਨੂੰ ਆਪਣੇ ਬਿਲਕੁਲ ਕੋਲ ਨਾ ਰੱਖੋ। ਰਾਤ ਨੂੰ ਤੁਹਾਡਾ ਫ਼ੋਨ ਤੁਹਾਡੇ ਜਿੰਨਾ ਨੇੜੇ ਹੋਵੇਗਾ, ਤੁਹਾਡੀ ਸਿਹਤ 'ਤੇ ਓਨਾ ਹੀ ਜ਼ਿਆਦਾ ਅਸਰ ਪੈਂਦਾ ਹੈ।

ਸੈੱਲ ਫ਼ੋਨ ਰੇਡੀਓਫ੍ਰੀਕੁਐਂਸੀ ਊਰਜਾ ਦਾ ਨਿਕਾਸ ਕਰਦੇ ਹਨ, ਜੋ ਕਿ ਰੇਡੀਏਸ਼ਨ ਦਾ ਇਕ ਰੂਪ ਹੈ। ਅਜਿਹਾ ਉਹ ਨੈੱਟਵਰਕ ਟਾਵਰਾਂ ਨਾਲ ਸੰਚਾਰ ਕਰਦੇ ਸਮੇਂ ਕਰਦੇ ਹਨ। ਰੇਡੀਏਸ਼ਨ ਹਾਨੀਕਾਰਕ ਹੈ। ਜੇਕਰ ਨਿਯਮਿਤ ਤੌਰ 'ਤੇ ਸਿਰ ਦੇ ਕੋਲ ਫ਼ੋਨ ਰੱਖਣ ਨਾਲ ਸਿਰ ਦਰਦ ਅਤੇ ਸੌਣ ਵਿਚ ਮੁਸ਼ਕਿਲ ਹੋ ਸਕਦੀ ਹੈ। ਜਦੋਂ ਫ਼ੋਨ ਤੁਹਾਡੇ ਸਿਰ ਦੇ ਕੋਲ ਹੁੰਦਾ ਹੈ ਤਾਂ ਐਕਸਪੋਜ਼ਰ ਬਹੁਤ ਜ਼ਿਆਦਾ ਹੁੰਦਾ ਹੈ ਭਾਵੇਂ ਕਿ ਇਹ ਕੁਝ ਫੁੱਟ ਦੂਰ ਹੁੰਦਾ ਹੈ। ਜੇਕਰ ਇਹ ਵਰਤਿਆ ਨਹੀਂ ਜਾ ਰਿਹਾ ਤਾਂ ਵੀ ਇਹ ਨੈੱਟਵਰਕ ਨਾਲ ਜੁੜਿਆ ਹੋਇਆ ਹੈ, ਇਹ ਅਜੇ ਵੀ ਥੋੜ੍ਹੀ ਮਾਤਰਾ ਵਿਚ ਰੇਡੀਏਸ਼ਨ ਛੱਡਦਾ ਹੈ। ਤੁਸੀਂ ਆਪਣੇ ਆਪ ਨੂੰ ਪੁੱਛ ਰਹੇ ਹੋਵੋਗੇ ਕਿ ਇਹ ਕਿੰਨੀ ਦੂਰ ਹੋਣਾ ਚਾਹੀਦਾ ਹੈ ? ਰਾਤ ਨੂੰ ਸੌਣ ਸਮੇਂ ਮੋਬਾਈਲ ਫੋਨ ਨੂੰ ਸਾਨੂੰ ਘੱਟ ਤੋਂ ਘੱਟ ਆਪਣੇ ਤੋਂ 3 ਫੁੱਟ ਦੀ ਦੂਰੀ 'ਤੇ ਰੱਖਣਾ ਚਾਹੀਦਾ ਹੈ। ਮੋਬਾਈਲ ਫੋਨ ਨੂੰ ਕਦੇ ਵੀ ਸਿਰਹਾਣੇ ਦੇ ਥੱਲੇ ਨਹੀਂ ਰੱਖਣਾ ਚਾਹੀਦਾ, ਕਿਉਂਕਿ ਡਿਵਾਈਸ ਨੂੰ ਕਾਫ਼ੀ ਹਵਾ ਦਾ ਪ੍ਰਵਾਹ ਨਹੀਂ ਮਿਲਦਾ ਅਤੇ ਤੇਜ਼ੀ ਨਾਲ ਇਹ ਗਰਮ ਹੋ ਜਾਂਦਾ ਹੈ, ਸੰਭਾਵਿਤ ਤੌਰ 'ਤੇ ਬੈਟਰੀ ਨੂੰ ਨੁਕਸਾਨ ਪਹੁੰਚਾਉਂਦਾ ਹੈ। ਰਾਤ ਦੇ ਸਮੇਂ ਸਿਰਹਾਣੇ ਦੇ ਹੇਠਾਂ ਫ਼ੋਨ ਰੱਖਣ ਨਾਲ ਅੱਗ ਲੱਗ ਸਕਦੀ ਹੈ।

## ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਕੈਲੀਫੋਰਨੀਆ 'ਚ

# ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ

## ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆ ਦੇ ਸਹਿਯੋਗ ਨਾਲ

## 9 ਅਕਤੂਬਰ ਦਿਨ ਐਤਵਾਰ ਨੂੰ



ਕਰੋਨਾਵਾਇਰਸ ਦੀ ਭਿਆਨਕ ਮਹਾਮਾਰੀ ਬਿਮਾਰੀ ਤੋਂ ਬਾਦ ਫਰੀਜਨੋ ਕੈਲੀਫੋਰਨੀਆ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਸ਼ਹੀਦ ਉਧਮ ਸਿੰਘ ਸ਼ਹੀਦ ਭਗਤ ਸਿੰਘ ਅਤੇ ਸਮੂਹ ਖੇਡ ਕਲੱਬਾਂ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ 9 ਅਕਤੂਬਰ ਦਿਨ ਐਤਵਾਰ ਨੂੰ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀ ਅਗਵਾਈ ਵਿੱਚ ਕਰਵਾਇਆ ਜਾ ਰਿਹਾ ਹੈ ਜਿਥੇ ਦੁਨੀਆ ਦੇ ਸੁਪਰ ਸਟਾਰ ਕਬੱਡੀ ਦੇ ਖਿਡਾਰੀ ਭਾਗ ਲੈਣਗੇ। ਇਹ ਅੰਤਰਰਾਸ਼ਟਰੀ ਕਬੱਡੀ ਕੱਪ ਦੁਨੀਆ ਦੀ ਇੱਕ ਆਲੇ ਦਰਜੇ ਦੀ ਗਰਾਊਂਡ Chukchansi Park ਫਰੀਜਨੋ ਕੈਲੀਫੋਰਨੀਆ ਦੇ ਵੱਡੇ ਸਟੇਡੀਅਮ ਵਿੱਚ ਹੋਣਗੇ ਜਿਸਦਾ ਐਡਰੈਸ 1800 Tulare St, Fresno, CA 93721 ਹੈ। ਇਸ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਪ੍ਰਬੰਧਕ ਵੀਰਾਂ ਨੇ ਦੱਸਿਆ ਕਿ ਇਹ ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ ਐਸ ਏ ਦੀ ਅਗਵਾਈ 'ਚ ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ।




ਅਮਰੀਕਾ ਦੇ ਕੈਲੀਫੋਰਨੀਆ ਵਿਖੇ ਇਸ ਸਟੇਡੀਅਮ ਵਿਚ ਇਹ ਅੰਤਰਰਾਸ਼ਟਰੀ ਕਬੱਡੀ ਕੱਪ ਖੇਡਿਆ ਜਾਵੇਗਾ।

## ਹੋਰ ਜਾਣਕਾਰੀ ਲਈ ਸੰਪਰਕ ਕਰੋ 559-479-1804

1800 Tulare St, Fresno, CA 93721

## ਅਫ਼ਗਾਨਿਸਤਾਨ ਤੋਂ ਨਵੀਂ ਦਿੱਲੀ ਪੁੱਜੇ 55 ਸਿੱਖ ਤੇ ਹਿੰਦੂ

ਇਹ ਸਮਾਂ ਕਰੀਬ 235 ਸਾਲ ਦਾ ਬਣਦਾ ਹੈ। ਤਾਂ ਇਸ ਵੇਲੇ ਸਿੱਖਾਂ ਤੇ ਹਿੰਦੂਆਂ ਦਾ ਅਫ਼ਗਾਨਿਸਤਾਨ ਵਿੱਚ ਰਹਿਣ ਜਾਂ ਵਿਚਰਨ ਵਿੱਚ ਕੋਈ ਮੁਸ਼ਕਲ ਨਹੀਂ ਸੀ।ਅਫ਼ਗਾਨਿਸਤਾਨ ਵਿੱਚ ਸਿੱਖਾਂ ਦੀ ਹੋਂਦ 1519-21 ਵੇਲੇ ਦੀ ਹੈ, ਜਦੋਂ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਅਫ਼ਗਾਨਿਸਤਾਨ ਦੀ ਯਾਤਰਾ ਉੱਤੇ ਗਏ ਸਨ। ਉਸ ਵੇਲੇ ਉੱਥੇ ਰਹਿੰਦੇ ਕੁਝ ਹਿੰਦੂ ਉਨ੍ਹਾਂ ਦੇ ਪੈਰੋਕਾਰ ਬਣ ਗਏ ਸਨ।' ਸਿੱਖ ਇਤਿਹਾਸ ਵਿਚ ਕਾਬੁਲ ਦੀ ਸੰਗਤ ਦੇ ਕਈ ਹਵਾਲੇ ਮਿਲਦੇ ਹਨ।

ਇਤਿਹਾਸਕਾਰ ਤੇ ਪੰਜਾਬ ਦੇ ਡਾਇਰੈਕਟਰ ਆਫ਼ ਆਰਕਾਈਵਜ਼ ਰਹਿ ਚੁੱਕੇ ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ 'ਅਫਗਾਨਿਸਤਾਨ ਦਾ ਸਫ਼ਰ' ਵਿੱਚ 1952 ਦੀ ਆਪਣੀ ਯਾਤਰਾ ਦਾ ਵੇਰਵਾ ਦਿੱਤਾ ਹੈ।

ਡਾ. ਗੰਡਾ ਸਿੰਘ ਲਿਖਦੇ ਹਨ, 'ਪੁਰਾਣੇ ਸਮਿਆਂ ਤੋਂ ਹੀ ਕੁਝ ਹਿੰਦੂ ਇੱਥੇ ਰਹਿੰਦੇ ਆ ਰਹੇ ਹਨ ਜੋ ਇਸਲਾਮ ਦੇ ਇੱਥੇ ਆਉਣ ਤੋਂ ਪਹਿਲਾਂ ਦੇ ਵਸਨੀਕ ਹਨ। ਗੁਰੂ ਨਾਨਕ ਵੇਲੇ ਉਹ ਉਨ੍ਹਾਂ ਦੇ ਸੇਵਕ ਬਣ ਗਏ।' ਡਾ. ਗੰਡਾ ਸਿੰਘ ਲਿਖਦੇ ਹਨ ਕਿ ਸਿੱਖ ਇਤਿਹਾਸ ਵਿੱਚ ਹਵਾਲੇ ਮਿਲਦੇ ਹਨ ਜਦੋਂ ਕਈ ਵਾਰੀ ਸਿੱਖ ਸੰਗਤਾਂ ਕਾਬੁਲ, ਗਜ਼ਨੀ ਤੇ ਕੰਧਾਰ ਤੋਂ ਪੰਜਾਬ ਗੁਰੂ ਦੇ ਦਰਸ਼ਨਾਂ ਲਈ ਆਇਆ ਕਰਦੀਆਂ ਸਨ।

ਸਿੱਖਾਂ ਦੇ 10ਵੇਂ ਗੁਰੂ ਦੇ ਸਮੇਂ ਦਾ ਜ਼ਿਕਰ ਕਰਦਿਆਂ ਡਾ. ਗੰਡਾ ਸਿੰਘ ਲਿਖਦੇ ਹਨ, 'ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਰ ਸਿੱਖਾਂ ਦੀ ਤਰ੍ਹਾਂ ਇਨ੍ਹਾਂ ਨੇ ਵੀ ਅੰਮ੍ਰਿਤ ਛਕਿਆ ਸੀ। ਫਾਸਲਾ ਦੂਰ ਹੋਣ ਕਾਰਨ ਜੋ ਪੰਜਾਬ ਆ ਕੇ ਸਿੰਘ ਨਹੀਂ ਸਜ ਸਕੇ ਸੀ, ਉਨ੍ਹਾਂ ਉੱਥੇ ਹੀ ਅੰਮ੍ਰਿਤ ਛਕ ਲਿਆ ਸੀ।ਫੇਰ ਵੀ ਕੁਝ ਟੱਬਰ ਅਜਿਹੇ ਰਹਿ ਗਏ ਜਿਨ੍ਹਾਂ ਵਿੱਚੋਂ ਕੋਈ ਵੀ ਅੰਮ੍ਰਿਤਧਾਰੀ ਨਹੀਂ ਹੋ ਸਕਿਆ ਪਰ ਉਨ੍ਹਾਂ ਦੇ ਸਿੱਖੀ ਸਿਦਕ ਵਿੱਚ ਕੋਈ ਫਰਕ ਨਹੀਂ ਆਇਆ ਸੀ।'

ਇਤਿਹਾਸਕਾਰ ਹਰੀ ਰਾਮ ਗੁਪਤਾ ਨੇ ਆਪਣੀ ਕਿਤਾਬ ਹਿਸਟਰੀ ਆਫ਼ ਸਿੱਖਸ ਵਿੱਚ ਵੀ ਕਾਬੁਲ ਤੋਂ ਆਏ ਸਿੱਖਾਂ ਬਾਰੇ ਜ਼ਿਕਰ ਕੀਤਾ ਹੈ।ਉਨ੍ਹਾਂ ਨੇ ਲਿਖਿਆ ਹੈ ਕਿ ਕਾਬੁਲ ਤੋਂ ਆਏ ਇੱਕ ਸਿੱਖ ਦੁਨੀ ਚੰਦ ਨੇ ਗੁਰੂ ਗੋਬਿੰਦ ਸਿੰਘ (ਉਸ ਵੇਲੇ ਗੋਬਿੰਦ ਰਾਇ) ਨੂੰ ਇੱਕ ਬੇਸ਼ਕੀਮਤੀ ਤੰਬੂ ਦਿੱਤਾ ਸੀ ਜੋ ਰੇਸ਼ਮ ਨਾਲ ਬਣਿਆ ਸੀ ਤੇ ਉਸ ਉੱਤੇ ਸੋਨੇ ਤੇ ਮੋਤੀਆਂ ਦਾ ਕੰਮ ਹੋਇਆ ਸੀ। ਉਸ ਦੇ ਵਿੱਚ ਸ਼ਾਨਦਾਰ ਕਾਲੀਨ ਵੀ ਸਨ।

### ਅਫ਼ਗਾਨਿਸਤਾਨ ਦੇ ਇਤਿਹਾਸਕ ਗੁਰਦੁਆਰੇ

ਇੱਥੇ ਜਿਨ੍ਹਾਂ ਭਾਈ ਗੁਰਦਾਸ ਦੀ ਗੱਲ ਹੋ ਰਹੀ ਹੈ, ਉਹ ਸਿੱਖਾਂ ਦੇ ਪੰਜਵੇਂ ਗੁਰੂ ਅਰਜੁਨ ਦੇਵ ਵੇਲੇ ਹੋਏ ਸਨ ਜੋ ਅਫ਼ਗਾਨਿਸਤਾਨ ਧਰਮ ਪ੍ਰਚਾਰ ਲਈ ਗਏ ਸਨ।

ਇੰਦਰਜੀਤ ਸਿੰਘ ਨੇ ਅੱਗੇ ਕਿਹਾ, 'ਕੰਧਾਰ ਵਿੱਚ ਬਾਬਾ ਸ਼੍ਰੀ ਚੰਦ ਦਾ ਗੁਰਦੁਆਰਾ ਹੈ ਤੇ ਇਸ ਦੇ ਨਾਲ ਹੀ ਕਾਬੁਲ ਦੇ ਸ਼ੋਰ ਬਜ਼ਾਰ ਵਿੱਚ ਵੀ ਬਾਬਾ ਸ਼੍ਰੀਚੰਦ ਦਾ ਗੁਰਦੁਆਰਾ ਸਾਹਿਬ ਹੈ।'

ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ 'ਅਫ਼ਗਾਨਿਸਤਾਨ ਦਾ ਸਫ਼ਰ' ਵਿੱਚ ਕੁਝ ਹੋਰ ਗੁਰਧਾਮਾਂ ਦੇ ਨਾਂ ਵੀ ਲਿਖੇ ਹਨ। ਜਿਵੇਂ, ਬਾਬਾ ਗੰਜ ਬਖਸ਼, ਗੁਰਦੁਆਰਾ ਜੋਤੀ ਸਰੂਪ, ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ, ਕੰਧਾਰੀ ਕੂਚਾ, ਗੁਰਦੁਆਰਾ ਭਾਈ ਪਿਰਾਣਾ ਸਰਾਇ ਲਾਹੌਰੀਆਂ ਤੇ ਗੁਰਦੁਆਰਾ ਭਾਈ ਮਨਸਾ ਸਿੰਘ। ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ ਵਿੱਚ ਉਸੇ ਵੇਲੇ ਦੇ ਕਈ ਸਿੱਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਸਰੂਪ ਮੌਜੂਦ ਸਨ। .

***

## ਹਿਮਾਚਲ ਨੇ 44 ਸਾਲ ਤੱਕ ਬੀਬੀਐਮਬੀ

ਹਿਮਾਚਲ ਪ੍ਰਦੇਸ਼ ਨੂੰ ਮੁਫ਼ਤ ਵਿਚ ਪਾਣੀ ਦੇਣ ਦਾ ਫ਼ੈਸਲਾ ਹੋਇਆ ਤਾਂ ਕਦੇ ਵੀ ਪੰਜਾਬ ਸਰਕਾਰ ਨੇ ਇਸ ਦਾ ਵਿਰੋਧ ਨਹੀਂ ਕੀਤਾ। ਆਖ਼ਰੀ ਵਾਰ ਬੀਬੀਐੱਮਬੀ ਦੇ ਬੋਰਡ ਦੀ ਜੋ ਜੁਲਾਈ 2022 ਵਿਚ 242ਵੀਂ ਮੀਟਿੰਗ ਹੋਈ ਸੀ, ਉਸ ਵਿਚ ਹਿਮਾਚਲ ਪ੍ਰਦੇਸ਼ ਦਾ ਮੁੜ ਏਜੰਡਾ ਨੰਬਰ 242.09 ਆਇਆ ਜਿਸ ਤਹਿਤ ਹਿਮਾਚਲ ਪ੍ਰਦੇਸ਼ ਨੇ ਨਾਲਾਗੜ੍ਹ ਦੇ ਥੀਮ ਪਾਰਕ ਲਈ 10 ਐਮਐਲਡੀ ਪਾਣੀ ਨੰਗਲ ਹਾਈਡਲ ਚੈਨਲ ਤੋਂ ਮੰਗਿਆ। ਇਸ ਮੀਟਿੰਗ ਵਿਚ ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰ ਹਿਮਾਚਲ ਪ੍ਰਦੇਸ਼ ਨੂੰ ਪਾਣੀ ਦੇਣ ਦਾ ਵਿਰੋਧ ਦਰਜ ਕਰਾਇਆ ਗਿਆ ਸੀ ਜਿਸ ਕਰਕੇ ਏਜੰਡਾ ਮੁਲਤਵੀ ਕਰਨਾ ਪਿਆ। ਸਿੰਜਾਈ ਮਹਿਕਮੇ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਇਸ ਏਜੰਡਾ ਆਈਟਮ ਦੇ ਮੁਲਤਵੀ ਹੋਣ ਮਗਰੋਂ ਵੀ ਪੱਤਰ ਲਿਖ ਕੇ ਵਿਰੋਧ ਕੀਤਾ ਕਿ ਪੰਜਾਬ ਦਾ ਧਰਤੀ ਹੇਠਲਾ ਪਾਣੀ ਪਹਿਲਾਂ ਹੀ ਪਲੀਤ ਹੋ ਰਿਹਾ ਹੈ ਅਤੇ ਕਿਸੇ ਨੂੰ ਵੀ ਵਾਧੂ ਪਾਣੀ ਦੇਣ ਦੀ ਸਮਰੱਥਾ ਨਹੀਂ ਹੈ। ਹਿਮਾਚਲ ਪ੍ਰਦੇਸ਼ ਦੀ ਤਾਜ਼ਾ ਮੰਗ 'ਤੇ ਹਰਿਆਣਾ ਅਤੇ ਰਾਜਸਥਾਨ ਨੇ ਵੀ ਪੰਜਾਬ ਦੇ ਵਿਰੋਧ ਦਾ ਸਮਰਥਨ ਕੀਤਾ ਜਿਸ ਵਜੋਂ 44 ਸਾਲਾਂ ਮਗਰੋਂ ਹਿਮਾਚਲ ਪ੍ਰਦੇਸ਼ ਨੂੰ ਮੁਫ਼ਤ ਪਾਣੀ ਦੇਣ ਦੀ ਕੜੀ ਟੁੱਟ ਸਕੀ ਹੈ। ਬੀਬੀਐੱਮਬੀ ਦੇ ਚੇਅਰਮੈਨ ਦੇਵਿੰਦਰ ਕੁਮਾਰ ਹਿਮਾਚਲ ਪ੍ਰਦੇਸ਼ ਤੋਂ ਸਨ ਜਿਨ੍ਹਾਂ ਨੇ ਆਪਣੇ ਕਾਰਜਕਾਲ ਅਪ੍ਰੈਲ 2017 ਤੋਂ ਜੁਲਾਈ ੨੦੨੦ ਦੌਰਾਨ ਹਿਮਾਚਲ ਪ੍ਰਦੇਸ਼ ਨੂੰ ਬਿਨਾਂ ਹਿੱਸੇਦਾਰੀ ਤੋਂ ਮੁਫ਼ਤ ਵਿਚ ਕਰੀਬ 62 ਕਿਊਸਿਕ ਪਾਣੀ ਦਿੱਤਾ। ਮਾਹਿਰ ਆਖਦੇ ਹਨ ਕਿ ਇੱਕ ਪੂਰੀ ਨਹਿਰ ਜਿੰਨਾ ਪਾਣੀ ਸਾਢੇ ਚਾਰ ਦਹਾਕਿਆਂ ਵਿਚ ਹਿਮਾਚਲ ਪ੍ਰਦੇਸ਼ ਨੂੰ ਦੇ ਦਿੱਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਨੂੰ ਇਹ ਪਾਣੀ ਥੋੜ੍ਹਾ-ਥੋੜ੍ਹਾ ਕਰਕੇ ਦਿੱਤਾ ਗਿਆ ਹੈ।

ਅਕਾਲੀ-ਭਾਜਪਾ ਗੱਠਜੋੜ ਦੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਹਿਮਾਚਲ ਪ੍ਰਦੇਸ਼ ਨੂੰ 145 ਕਿਊਸਿਕ ਪਾਣੀ ਮੁਫ਼ਤ ਵਿਚ ਦਿੱਤਾ ਗਿਆ ਜਦੋਂ ਕਿ ਕਾਂਗਰਸ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ 115 ਕਿਊਸਿਕ ਪਾਣੀ ਮੁਫ਼ਤ ਵਿਚ ਹਿਮਾਚਲ ਪ੍ਰਦੇਸ਼ ਨੂੰ ਦਿੱਤਾ ਗਿਆ। ਜਦੋਂ ਤੋਂ ਬੀਬੀਐਮਬੀ ਵਿਚ ਪੰਜਾਬ ਦੀ ਸਥਾਈ ਪ੍ਰਤੀਨਿਧਤਾ ਖ਼ਤਮ ਹੋ ਜਾਵੇਗੀ ਤਾਂ ਕੇਂਦਰੀ ਕੰਟਰੋਲ ਅਧੀਨ ਬੀਬੀਐਮਬੀ ਲਈ ਹਿਮਾਚਲ ਪ੍ਰਦੇਸ਼ ਨੂੰ ਪਾਣੀ ਦੇਣ ਦਾ ਰਾਹ ਵੀ ਪੱਧਰਾ ਹੋ ਜਾਣਾ ਹੈ। ਬੀਬੀਐੱਮਬੀ ਵਿਚ ਪੰਜਾਬ ਵੱਲੋਂ ਮੈਂਬਰ (ਪਾਵਰ) ਹਰਮਿੰਦਰ ਸਿੰਘ ਚੁੱਘ ਤਾਇਨਾਤ ਸਨ ਜਿਨ੍ਹਾਂ ਦੀ ਮਿਆਦ ਖ਼ਤਮ ਹੋ ਗਈ ਹੈ। ਇਸੇ ਤਰ੍ਹਾਂ ਹਰਿਆਣਾ ਸਰਕਾਰ ਨੇ ਬੀਬੀਐਮਬੀ 'ਚੋਂ ਆਪਣਾ ਮੈਂਬਰ (ਸਿੰਜਾਈ) ਗੁਲਾਬ ਸਿੰਘ ਨਰਵਾਲ 9 ਸਤੰਬਰ 2020 ਨੂੰ ਵਾਪਸ ਬੁਲਾ ਲਿਆ ਸੀ। ਉਸ ਮਗਰੋਂ ਹਰਿਆਣਾ ਸਰਕਾਰ ਨੇ 23 ਅਕਤੂਬਰ 2020 ਨੂੰ ਹਰਿਆਣਾ 'ਚੋਂ ਤਿੰਨ ਮੈਂਬਰਾਂ ਦਾ ਪੈਨਲ ਕੇਂਦਰ ਸਰਕਾਰ ਨੂੰ ਭੇਜ ਦਿੱਤਾ ਸੀ ਪਰ ਕੇਂਦਰ ਨੇ ਇਸ ਮੈਂਬਰ ਦੀ ਨਿਯੁਕਤੀ ਹਾਲੇ ਤੱਕ ਨਹੀਂ ਕੀਤੀ ਹੈ। ਚੇਤੇ ਰਹੇ ਕਿ 23 ਫਰਵਰੀ ਨੂੰ ਕੇਂਦਰ ਸਰਕਾਰ ਨੇ ਨੋਟੀਫ਼ਿਕੇਸ਼ਨ ਜਾਰੀ ਕਰਕੇ ਬੀਬੀਐੱਮਬੀ 'ਚੋਂ ਪੰਜਾਬ ਅਤੇ ਹਰਿਆਣਾ ਦੀ ਸਥਾਈ ਪ੍ਰਤੀਨਿਧਤਾ ਖ਼ਤਮ ਕਰ ਦਿੱਤੀ ਸੀ। ਨਵੇਂ ਮੈਂਬਰਾਂ ਦੀ ਨਿਯੁਕਤੀ ਲਈ ਇਸ ਤਰ੍ਹਾਂ ਦੀ ਯੋਗਤਾ ਅਤੇ ਸ਼ਰਤਾਂ ਤੈਅ ਕੀਤੀਆਂ ਗਈਆਂ ਹਨ ਕਿ ਪੰਜਾਬ ਵਿਚੋਂ ਕਦੇ ਵੀ ਕੋਈ ਮੈਂਬਰ ਨਿਯੁਕਤ ਨਹੀਂ ਹੋ ਸਕੇਗਾ। ਹਾਲਾਂਕਿ ਬਿਜਲੀ ਸੋਧ ਬਿੱਲ ਸੰਸਦ ਦੇ ਲੰਘੇ ਸੈਸ਼ਨ ਵਿਚ ਸੰਸਦੀ ਕਮੇਟੀ ਹਵਾਲੇ ਕੀਤਾ ਗਿਆ ਹੈ ਪਰ ਉਸ ਤੋਂ ਪਹਿਲਾਂ ਹੀ ਰੂਲਜ਼ ਜ਼ਰੀਏ ਕੇਂਦਰ ਸਰਕਾਰ ਬਿਜਲੀ ਸੋਧ ਬਿੱਲ ਦੀਆਂ ਧਾਰਾਵਾਂ ਨੂੰ ਲਾਗੂ ਕਰ ਰਹੀ ਹੈ ਜਿਸ ਦਾ ਵਿਰੋਧ ਸੰਸਦ ਮੈਂਬਰ ਮਨੀਸ਼ ਤਿਵਾੜੀ ਸੰਸਦ ਵਿਚ ਕਰ ਚੁੱਕੇ ਹਨ। ਪੀਐੱਸਈਬੀ ਇੰਜੀਨੀਅਰਜ਼ ਐਸੋਸੀਏਸ਼ਨ ਦੇ ਪ੍ਰਧਾਨ ਜਸਵੀਰ ਸਿੰਘ ਧੀਮਾਨ ਦਾ ਕਹਿਣਾ ਹੈ ਕਿ ਬੀਬੀਐੱਮਬੀ 'ਚੋਂ ਪੰਜਾਬ ਦੀ ਗ਼ੈਰਹਾਜ਼ਰੀ ਨਾਲ ਸੂਬਾਈ ਹਿੱਤਾਂ ਨੂੰ ਢਾਹ ਲੱਗੇਗੀ। ਇਸ 'ਤੇ ਪੰਜਾਬ ਸਰਕਾਰ ਨੂੰ ਫ਼ੌਰੀ ਕਾਰਵਾਈ ਕਰਨੀ ਚਾਹੀਦੀ ਹੈ।

ਹਿਮਾਚਲ ਚੋਣਾਂ ਤੋਂ ਪਹਿਲਾਂ ਪਾਣੀ 'ਤੇ ਸਿਆਸੀ ਸਰਗਰਮੀ ਵਧੀ

ਕੇਂਦਰੀ ਬਿਜਲੀ ਮੰਤਰਾਲੇ ਨੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀਡੀਓ ਕਾਨਫ਼ਰੰਸ ਕਰਕੇ ਹਿਮਾਚਲ ਪ੍ਰਦੇਸ਼ ਨੂੰ 10 ਐਮਐਲਡੀ ਪਾਣੀ ਮੁਫ਼ਤ ਵਿਚ ਹੋਰ ਦੇਣ ਬਾਰੇ ਚਰਚਾ ਛੇੜ ਲਈ ਹੈ। ਸੂਤਰਾਂ ਅਨੁਸਾਰ ਇਸ ਕਾਨਫ਼ਰੰਸ ਵਿਚ ਬੀਬੀਐੱਮਬੀ ਦੇ ਚੇਅਰਮੈਨ ਸੰਜੇ ਸ਼੍ਰੀਵਾਸਤਵਾ ਅਤੇ ਸਿੰਜਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਸ਼ਮੂਲੀਅਤ ਕੀਤੀ ਸੀ। ਜਾਣਕਾਰੀ ਅਨੁਸਾਰ ਜਦੋਂ ਬਿਜਲੀ ਮੰਤਰਾਲੇ ਦੇ ਸਕੱਤਰ ਨੇ ਹਿਮਾਚਲ ਪ੍ਰਦੇਸ਼ ਨੂੰ ਪਾਣੀ ਦੀ ਗੱਲ ਤੋਰੀ ਤਾਂ ਪੰਜਾਬ ਸਰਕਾਰ ਨੇ ਸਖ਼ਤ ਵਿਰੋਧ ਕੀਤਾ। ਉਨ੍ਹਾਂ ਇੱਥੋਂ ਤੱਕ ਕਹਿ ਦਿੱਤਾ ਕਿ ਹਿਮਾਚਲ ਪ੍ਰਦੇਸ਼ ਨੂੰ ਮੁਫ਼ਤ ਪਾਣੀ ਦਿੱਤੇ ਜਾਣ ਨੂੰ ਭਵਿੱਖ ਵਿਚ ਕਦੇ ਵੀ ਬੀਬੀਐਮਬੀ ਦੇ ਬੋਰਡ ਦੀ ਮੀਟਿੰਗ ਦਾ ਏਜੰਡਾ ਨਾ ਬਣਾਇਆ ਜਾਵੇ।

## ਬਾਦਲ ਦਲ ਦੀਆਂ ਕਮਜ਼ੋਰੀਆਂ ਕਾਰਨ

ਬਾਦਲ ਦਲ ਦੀਆਂ ਕਮਜ਼ੋਰੀਆਂ ਕਾਰਨਇਸ ਵਿੱਚ ਭਾਜਪਾ ਸਰਕਾਰ ਵੀ ਪਿੱਛੇ ਨਹੀਂ ਰਹੀ। ਧਾਮੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਵੀ ਅਕਾਲੀ ਸਰਕਾਰ ਵੇਲੇ ਦਾ ਹਲਫ਼ਨਾਮਾ ਬਦਲ ਕੇ ਸਿੱਖ ਵਿਰੋਧੀ ਹੋਣ ਦਾ ਸਬੂਤ ਪੇਸ਼ ਕੀਤਾ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਸੁਪਰੀਮ ਕੋਰਟ ਅੰਦਰ ਹਰਿਆਣਾ ਦੀ ਤਰਜਮਾਨੀ ਕੀਤੀ।

ਉਨ੍ਹਾਂ ਕਿਹਾ ਕਿ ਹਰਿਆਣਾ ਕਮੇਟੀ ਨੂੰ ਮਿਲੀ ਮਾਨਤਾ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਕੰਗ, ਸਰਵਣ ਸਿੰਘ ਕੁਲਾਰ, ਜਰਨੈਲ ਸਿੰਘ ਡੋਗਰਾਂਵਾਲਾ ਤੇ ਹੋਰ ਮੌਜੂਦ ਸਨ।

**ਅਕਾਲੀ ਦਲ (ਸੰਯੁਕਤ) ਵਲੋਂ ਬਾਦਲ ਦਲ ਦੀ ਨਿੰਦਾ**

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨਾਲ ਸਬੰਧਤ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੈਂਬਰਾਂ ਨੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੱਖਰੀ ਮਾਨਤਾ ਮਿਲਣ ਲਈ ਬਾਦਲ ਪਰਿਵਾਰ ਦੀਆਂ ਪੰਥ ਵਿਰੋਧੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਨੇਕੇ, ਨਿਰਵੈਰ ਸਿੰਘ ਜੌਹਲਾਂ, ਜੈਪਾਲ ਸਿੰਘ ਮੰਡੀਆ, ਹਰਦੇਵ ਸਿੰਘ ਰੋਗਲਾ, ਭਾਈ ਮਲਕੀਤ ਸਿੰਘ ਚੰਗਾਲ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਬਾਦਲ ਪਰਿਵਾਰ ਦਾ ਮੋਹ ਛੱਡ ਕੇ ਪੰਥ ਦੇ ਭਲੇ ਲਈ ਸਿੱਖ ਪੰਥ ਦੀ ਸਹੀ ਅਗਵਾਈ ਕਰਨ ਤਾਂ ਜੋ ਪੰਥਕ ਏਕਤਾ ਸੰਭਵ ਹੋ ਸਕੇ। ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਬਾਦਲ ਪਰਿਵਾਰ ਦੀ ਅਗਵਾਈ ਹੇਠ ਚੱਲੀ ਆ ਰਹੀ ਸ਼੍ਰੋਮਣੀ ਕਮੇਟੀ ਨੇ ਆਪਣੇ ਮੈਂਬਰਾਂ ਦੀਆਂ ਭਾਵਨਾਵਾਂ ਤੇ ਸਮੱਸਿਆਵਾਂ ਵੱਲ ਉੱਕਾ ਧਿਆਨ ਨਹੀਂ ਦਿੱਤਾ, ਜਿਸ ਕਰਕੇ ਹਰਿਆਣਾ ਦੇ ਸਿੱਖ ਭਾਈਚਾਰੇ ਨੂੰ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਉਠਾਉਣੀ ਪਈ। ਇਸੇ ਤਰ੍ਹਾਂ ਬਾਦਲ ਪਰਿਵਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਨਿੱਜੀ ਸਿਆਸੀ ਹਿੱਤਾਂ ਲਈ ਵਰਤਣ ਕਾਰਨ ਦਿੱਲੀ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਕਾਹਨੇਕੇ ਨੇ ਕਿਹਾ ਕਿ ਜੇਕਰ ਹਰਿਆਣਾ ਦੇ ਸਿੱਖਾਂ ਤੇ ਸ਼੍ਰੋਮਣੀ ਕਮੇਟੀ ਮੈਬਰਾਂ ਦੀਆਂ ਸਮਸਿਆਵਾਂ ਵੱਲ ਧਿਆਨ ਦਿੱਤਾ ਜਾਂਦਾ ਤਾਂ ਕਦੇ ਵੱਖਰੀ ਕਮੇਟੀ ਨਾ ਬਣਦੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ ਅੰਦਰ ਚੱਲ ਰਹੇ ਕੇਸਾਂ ਦੀ ਸਹੀ ਪੈਰਵਾਈ ਨਹੀਂ ਕੀਤੀ, ਜਿਸ ਕਰਕੇ ਅੱਜ ਇਸ ਵੱਖਰੀ ਕਮੇਟੀ ਨੂੰ ਮਾਨਤਾ ਮਿਲੀ ਹੈ।

***

## ਸੂਬੇ ਦੇ ਸਿਆਸੀ ਤੇ ਧਾਰਮਿਕ

ਸਾਹਮਣਾ ਕਰਨ ਲਈ ਖੋਜ ਦੇ ਪ੍ਰਾਜੈਕਟਾਂ ਲਈ ਕਾਰਜ ਕਰਨਾ।ਸਿੱਖ ਧਾਰਮਿਕ ਸਾਹਿਤ, ਖਾਸ ਕਰਕੇ ਪਵਿੱਤਰ ਗ੍ਰੰਥਾਂ ਦੇ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਉਣਾ। ਸਿੱਖ ਸਾਹਿਤ ਨੂੰ ਘੱਟ ਕੀਮਤ 'ਤੇ ਪ੍ਰਕਾਸ਼ਿਤ ਕਰਾਉਣਾ , ਪਬਲੀਕੇਸ਼ਨ ਬਿਊਰੋ ਦੀ ਸਥਾਪਨਾ ਕਰਨਾ। ਸਿੱਖ ਸਾਹਿਤ ਦੀਆਂ ਲਾਇਬ੍ਰੇਰੀਆਂ ਦਾ ਜਾਲ ਫੈਲਾਉਣਾ। ਅੰਤਰਰਾਸ਼ਟਰੀ ਸਿੱਖ ਅਧਿਐਨ ਕੇਂਦਰ ਨੂੰ ਵਿਸ਼ਵ ਸਿੱਖ ਯੂਨੀਵਰਸਿਟੀ ਵਜੋਂ ਵਿਕਸਤ ਕਰਨ ਲਈ ਯਤਨ ਕਰਨਾ। ਸਿੱਖ ਅਜਾਇਬਘਰ ਅਤੇ ਲਾਇਬ੍ਰੇਰੀ ਨੂੰ ਨਵੀਂ ਸਮੱਗਰੀ ਅਤੇ ਰੂਪ ਦੇਣਾ।

ਸਾਲ 1979 ਦੇ ਸ਼੍ਰੋਮਣੀ ਕਮੇਟੀ ਦੇ ਪ੍ਰੋਗਰਾਮ ਤੋਂ ਇੱਕ ਸਾਲ ਪਹਿਲਾਂ, ਲੁਧਿਆਣਾ ਵਿੱਚ 1978 ਦੇ ਅਕਾਲੀ ਦਲ ਦੇ ਸੰਮੇਲਨ ਵਿੱਚ ਟੌਹੜਾ ਨੇ ਸੰਘਵਾਦ 'ਤੇ ਜੋ ਕਿਹਾ ਸੀ, ਉਹ ਸ਼ਾਇਦ ਘੱਟ-ਗਿਣਤੀ ਵਜੋਂ ਸਿੱਖਾਂ ਦੇ ਸੰਦਰਭ ਵਿੱਚ ਇਸ ਮੁੱਦੇ ਉੱਤੇ ਸਭ ਤੋਂ ਵਧੀਆ ਬਿਆਨ ਹੈ।ਇਹ ਟੌਹੜਾ ਹੀ ਸਨ, ਜਿਨ੍ਹਾਂ ਦਾ ਨਾਮ ਇਤਿਹਾਸ ਸਿਰਜਣ ਅਤੇ ਸਿੱਖ ਧਾਰਮਿਕ-ਸਿਆਸੀ ਬਿਰਤਾਂਤ ਨੂੰ ਫੈਸਲਾਕੁੰਨ ਮੋੜ ਦੇਣ ਨਾਲ ਜੁੜਿਆ ਹੋਇਆ ਹੈ।

***

## ਕੀ ਸੁਪਰੀਮ ਕੋਰਟ ਦਾ ਫ਼ੈਸਲਾ...

ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ ਅਤੇ ਰਾਜਨੀਤਕ ਸਿਆਣਪ ਤੇ ਵਿਵੇਕਬੁੱਧੀ ਤੋਂ ਕੰਮ ਲੈਂਦਿਆਂ ਜਿੱਥੇ ਸਰਕਾਰੀ ਕਮੇਟੀ ਨੂੰ ਰੱਦ ਕਰ ਦਿੱਤਾ ਉੱਥੇ ਆਪਣੀ ਇਕ 175 ਮੈਂਬਰੀ ਵਿਸ਼ਾਲ ਕਮੇਟੀ ਦੀ ਚੋਣ ਕਰਕੇ ਪੰਥਕ ਏਕਤਾ ਨੂੰ ਬਰਕਰਾਰ ਰੱਖਣ ਅਤੇ ਸਰਕਾਰੀ ਚਾਲਾਂ ਨੂੰ ਅਸਫਲ ਕਰਨ ਲਈ ਸਰਕਾਰ ਵਲੋਂ ਨਾਮਜ਼ਦ 36 ਮੈਂਬਰਾਂ ਨੂੰ ਵੀ ਇਸ ਵਿਚ ਸ਼ਾਮਲ ਕਰ ਲਿਆ, ਜਿਸ ਦਾ ਨਾਂਅ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ। ਸਰਕਾਰ ਨੂੰ ਇੰਜ ਜਾਪਣ ਲੱਗਾ ਕਿ ਸਿੱਖ ਗੁਰਦੁਆਰਿਆਂ ਦੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਧਾਰਮਿਕ ਲਹਿਰ ਦੀ ਆੜ ਹੇਠ ਸਿੱਖ ਰਾਜ ਨੂੰ ਪੁਨਰ ਸਥਾਪਿਤ ਕਰਨ ਲਈ ਲਾਮਬੰਦ ਹੋਣ ਲੱਗੇ ਹਨ ਤਾਂ 12 ਅਕਤੂਬਰ 1923 ਨੂੰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਜਥੇਬੰਦੀ ਐਲਾਨ ਦਿੱਤਾ। ਇਸ ਤੋਂ ਬਾਅਦ ਸਿੱਖਾਂ ਦਾ ਧਾਰਮਿਕ ਅਤੇ ਰਾਜਨੀਤਕ ਸੰਘਰਸ਼ ਹੋਰ ਤਿੱਖਾ ਹੋ ਗਿਆ ਤੇ ਅਖ਼ੀਰ ਸਰਕਾਰ ਨੂੰ ਸ਼੍ਰੋਮਣੀ ਕਮੇਟੀ 'ਤੇ ਲਾਈ ਪਾਬੰਦੀ ਨੂੰ ਖ਼ਤਮ ਕਰਕੇ ਸਿੱਖ ਗੁਰਦੁਆਰਾ ਐਕਟ-1925 ਬਣਾਉਣਾ ਪਿਆ।

7 ਮਈ 1925 ਨੂੰ ਸਰਦਾਰ ਤਾਰਾ ਸਿੰਘ ਮੋਗਾ ਨੇ ਪੰਜਾਬ ਵਿਧਾਨਿਕ ਕੌਂਸਲ ਵਿਚ ਬਿੱਲ ਪੇਸ਼ ਕੀਤਾ ਤੇ ਇਸ ਦਾ ਸਮਰਥਨ ਇਕ ਹੋਰ ਸਿੱਖ ਮੈਂਬਰ ਭਾਈ ਜੋਧ ਸਿੰਘ ਨੇ ਕੀਤਾ। ਮਿਤੀ 1 ਨਵੰਬਰ 1925 ਨੂੰ ਇਹ 'ਸਿੱਖ ਗੁਰਦੁਆਰਾ ਐਕਟ-1925' ਦੇ ਤੌਰ 'ਤੇ ਲਾਗੂ ਹੋ ਗਿਆ। ਸ਼ੁਰੂਆਤ ਵਿਚ ਇਸ ਐਕਟ ਦੇ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ 241 ਗੁਰਦੁਆਰੇ ਸ਼ਾਮਿਲ ਕੀਤੇ ਗਏ, ਜਿਨ੍ਹਾਂ ਵਿਚੋਂ 65 ਗੁਰਦੁਆਰੇ 1947 ਦੀ ਭਾਰਤ-ਪਾਕਿ ਵੰਡ ਦੌਰਾਨ ਪਾਕਿਸਤਾਨ ਵਿਚ ਰਹਿ ਗਏ।

1966 ਵਿਚ ਪੰਜਾਬੀ ਸੂਬੇ ਦੇ ਗਠਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਸਾਂਝੇ ਪੰਜਾਬ ਦੇ ਬਹੁਤ ਸਾਰੇ ਗੁਰਦੁਆਰੇ ਹਰਿਆਣਾ, ਹਿਮਾਚਲ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਖੇਤਰ ਵਿਚ ਆ ਜਾਣ ਕਾਰਨ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 72 ਤਹਿਤ ਸਿੱਖ ਗੁਰਦੁਆਰਾ ਐਕਟ-1925 ਨੂੰ ਅੰਤਰਰਾਜੀ ਐਕਟ ਕਰਾਰ ਦਿੱਤਾ ਗਿਆ ਤਾਂ ਜੋ ਸ਼੍ਰੋਮਣੀ ਕਮੇਟੀ ਉਨ੍ਹਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਪਹਿਲਾਂ ਵਾਂਗ ਹੀ ਕਰਦੀ ਰਹੇ। ਇਸ ਦੇ ਨਾਲ ਹੀ ਗੁਰਦੁਆਰਾ ਐਕਟ-1925 ਸਬੰਧੀ ਕਿਸੇ ਵੀ ਸੋਧ ਜਾਂ ਬਦਲਾਅ ਦਾ ਅਧਿਕਾਰ ਖੇਤਰ ਦੀ ਵਿਧਾਨ ਸਭਾ ਦੀ ਬਜਾਏ ਦੇਸ਼ ਦੀ ਪਾਰਲੀਮੈਂਟ ਕੋਲ ਚਲਾ ਗਿਆ। ਇਸੇ ਕਾਰਨ ਸਮੇਂ-ਸਮੇਂ ਸਿੱਖ ਗੁਰਦੁਆਰਾ ਐਕਟ ਵਿਚ ਸੋਧਾਂ ਅਤੇ ਸਾਲ 2016 ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਅਧਿਕਾਰ ਨਾ ਦੇਣ ਸਬੰਧੀ ਤਰਮੀਮੀ ਬਿੱਲ ਵੀ ਦੇਸ਼ ਦੀ ਪਾਰਲੀਮੈਂਟ ਵਲੋਂ ਹੀ ਪਾਸ ਕੀਤਾ ਗਿਆ ਸੀ। ਸਾਲ 2014 'ਚ ਹਰਿਆਣਾ ਦੀ ਭੁਪਿੰਦਰ ਸਿੰਘ ਹੁੱਡਾ ਦੀ ਕਾਂਗਰਸ ਸਰਕਾਰ ਨੇ ਸੂਬਾਈ ਵਿਧਾਨ ਸਭਾ ਵਿਚ ਹਰਿਆਣਾ ਸਿੱਖ ਗੁਰਦੁਆਰਾ (ਮੈਨੇਜਮੈਂਟ) ਐਕਟ ਪਾਸ ਕਰਕੇ ਸਿੱਖ ਗੁਰਦੁਆਰਾ ਐਕਟ-1925 ਦੇ ਹਰਿਆਣਾ ਵਿਚਲੇ ਅਧਿਕਾਰ ਖੇਤਰ ਨੂੰ ਮਨਸੂਖ ਕਰ ਦਿੱਤਾ ਸੀ। ਇਸ 'ਦਿ ਸਟੇਟ ਰੀਆਰਗੇਨਾਈਜ਼ੇਸ਼ਨ ਐਕਟ-1956', ਜਿਸ ਦੇ ਤਹਿਤ ਭਾਸ਼ਾਈ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਵੇਲੇ ਪੈਪਸੂ ਦੀਆਂ ਰਿਆਸਤਾਂ ਪੰਜਾਬ ਵਿਚ ਮਰਜ ਹੋਣ ਤੋਂ ਬਾਅਦ ਪੈਪਸੂ ਦੇ ਖੇਤਰ 'ਚ ਆਉਂਦੇ ਗੁਰਦੁਆਰਿਆਂ ਦੇ ਪ੍ਰਬੰਧ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਉਣ ਨਾਲ ਸਿੱਖ ਗੁਰਦੁਆਰਾ ਐਕਟ-1925 ਦਾ ਸੁਭਾਅ ਅੰਤਰਰਾਜੀ ਐਕਟ ਵਜੋਂ ਬਣ ਗਿਆ ਸੀ, ਅੰਤਰ ਸੂਬਾਈ ਸਹਿਯੋਗ ਐਕਟ-1957 ਅਤੇ ਪੰਜਾਬ ਪੁਨਰਗਠਨ ਐਕਟ-1966 ਦੀ ਉਲੰਘਣਾ ਕਰਾਰ ਦਿੰਦਿਆਂ ਇਕ ਸ਼੍ਰੋਮਣੀ ਕਮੇਟੀ ਮੈਂਬਰ ਵਲੋਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਨਿਰਸੰਦੇਹ ਪਿਛਲੇ ਲੰਬੇ ਅਰਸੇ ਤੋਂ ਇਹ ਪ੍ਰਭਾਵ ਬਣਿਆ ਹੋਇਆ ਹੈ ਕਿ ਰਵਾਇਤੀ ਸਿੱਖ ਲੀਡਰਸ਼ਿਪ ਵਲੋਂ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਸਿੱਖਾਂ ਨੂੰ ਆਪਣੇ ਸਥਾਨਕ ਹਿੱਤਾਂ ਨੂੰ ਲੈ ਕੇ ਸਿਆਸੀ ਫ਼ੈਸਲੇ ਲੈਣ ਦੀ ਖੁੱਲ੍ਹ ਨਾ ਦਿੱਤੇ ਜਾਣ ਅਤੇ ਉਨ੍ਹਾਂ ਦੀ ਸਥਾਨਕ ਲੀਡਰਸ਼ਿਪ ਨੂੰ ਬਣਦੀ ਥਾਂ ਨਾ ਦਿੱਤੇ ਜਾਣ ਕਾਰਨ ਹਰਿਆਣਾ ਦੇ ਸਿੱਖ ਲੰਬੇ ਸਮੇਂ ਤੋਂ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਕਰਦੇ ਆ ਰਹੇ ਸਨ ਪਰ ਇਸ ਨਾਲ ਸਿੱਖ ਗੁਰਦੁਆਰਾ ਐਕਟ-1925 ਦੇ ਭੂਗੋਲਿਕ ਅਧਿਕਾਰ ਖੇਤਰ 'ਚ ਹੋਈ ਵੱਡੀ ਕਟੌਤੀ ਕਾਰਨ ਸਿੱਖ ਸ਼ਕਤੀ ਨੂੰ ਖੋਰਾ ਲੱਗਣ ਦਾ ਖ਼ਦਸ਼ਾ ਵੀ ਅਕਾਰਨ ਨਹੀਂ ਹੈ। ਇਸ ਦੇ ਹੋਰ ਹੱਲ ਵੀ ਕੱਢੇ ਜਾ ਸਕਦੇ ਸਨ ਪਰ ਸਮੁੱਚੀ ਸਿੱਖ ਲੀਡਰਸ਼ਿਪ ਦੀ ਅਯੋਗਤਾ ਕਾਰਨ ਹੀ ਪੰਥ ਨੂੰ ਵੱਡੀ ਢਾਅ ਲੱਗ ਰਹੀ ਹੈ।

ਅੱਜ ਦੀ ਸਥਿਤੀ ਵਿਚ ਜਿਥੇ ਸ਼੍ਰੋਮਣੀ ਕਮੇਟੀ ਕੋਲ ਕਾਨੂੰਨੀ ਤੌਰ 'ਤੇ ਸਿਰਫ਼ ਇਕੋ-ਇਕ ਰਾਹ ਸੁਪਰੀਮ ਕੋਰਟ ਵਿਚ ਫ਼ੈਸਲੇ ਦੀ ਮੁੜ ਨਜ਼ਰਸਾਨੀ ਦੀ ਪਟੀਸ਼ਨ ਪਾਉਣਾ ਹੀ ਬਚਿਆ ਹੈ। ਸ਼੍ਰੋਮਣੀ ਕਮੇਟੀ ਇਸ ਮਾਮਲੇ ਦੇ ਹੱਲ ਲਈ ਕਾਨੂੰਨੀ ਆਧਾਰ 'ਤੇ ਲੜਾਈ ਲੜਨ ਦਾ ਯਤਨ ਕਰ ਸਕਦੀ ਹੈ। ਭਾਵੇਂ ਕਿ ਸੁਪਰੀਮ ਕੋਰਟ ਨੇ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਕ) ਐਕਟ-2014 ਨੂੰ ਮਾਨਤਾ ਦੇ ਦਿੱਤੀ ਹੈ ਪਰ ਸਿੱਖ ਗੁਰਦੁਆਰਾ ਐਕਟ-1925 ਦੇ ਅਧਿਕਾਰ ਖੇਤਰ ਵਿਚ ਨਾ ਤਾਂ ਪਾਰਲੀਮੈਂਟ ਨੇ ਕੋਈ ਤਰਮੀਮ ਕੀਤੀ ਹੈ ਤੇ ਨਾ ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ 1925 ਦੇ ਐਕਟ ਨੂੰ ਰੱਦ ਕੀਤਾ ਹੈ, ਤਾਂ ਫਿਰ ਸ਼੍ਰੋਮਣੀ ਕਮੇਟੀ ਸਾਹਮਣੇ ਇਹ ਦੁਬਿਧਾ ਵੀ ਹੈ ਕਿ ਉਹ ਸਿੱਖ ਗੁਰਦੁਆਰਾ ਐਕਟ-1925 ਦੇ ਕਾਇਮ ਰਹਿੰਦਿਆਂ ਹਰਿਆਣਾ ਦੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਿਵੇਂ ਛੱਡ ਸਕਦੀ ਹੈ ?

ਇਸ ਤੋਂ ਇਲਾਵਾ ਰਾਜਨੀਤਕ ਤੌਰ 'ਤੇ ਆਲ ਇੰਡੀਆ ਗੁਰਦੁਆਰਾ ਐਕਟ, ਜਿਸ ਦੀ ਮੰਗ ਦੇਸ਼ ਭਰ 'ਚ ਸਿੱਖਾਂ ਦੀ ਗੁਰਦੁਆਰਾ ਸੰਸਥਾ ਨੂੰ ਇਕ ਰੂਪ, ਇਕਸਾਰ ਅਤੇ ਇਕਮੁੱਠ ਕਰਨ ਲਈ ਉੱਠੀ ਸੀ, ਬਣਾਉਣ ਦੀ ਦਿਸ਼ਾ ਵੱਲ ਯਤਨਸ਼ੀਲ ਹੋਣਾ ਅਤੇ ਦੇਸ਼-ਵਿਦੇਸ਼ ਦੀਆਂ ਮਾਨਤਾ ਪ੍ਰਾਪਤ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਇਕ 'ਮਹਾਂ-ਸੰਘ' (ਕਨਫੈਡਰੇਸ਼ਨ) ਦੇ ਗਠਨ ਲਈ ਵਿਚਾਰ ਕਰਨ ਦਾ ਵੀ ਇਹ ਢੁਕਵਾਂ ਵੇਲਾ ਹੈ, ਤਾਂ ਜੋ ਸਿੱਖ ਪੰਥ ਅੰਦਰ 'ਅਨੇਕ ਹੈਂ, ਫਿਰ ਵੀ ਏਕ ਹੈਂ॥' ਦਾ ਧਾਰਮਿਕ ਤੇ ਰਾਜਨੀਤਕ ਸਿਧਾਂਤ ਸਥਾਪਿਤ ਹੋ ਸਕੇ।

***



## ਪੰਥਕ ਸਿਆਸਤ ’ਚ ਅੰਮ੍ਰਿਤਪਾਲ ਸਿੰਘ

ਉਹ ਕਹਿੰਦੇ ਹਨ, ‘ਜਿਹੜੇ ਬੰਦਿਆਂ ਦਾ ਕੌਮ ਵਿੱਚ ਵੱਕਾਰ ਗੁਆਚ ਜਾਵੇ, ਉਨ੍ਹਾਂ ਨੂੰ ਫਿਰ ਸੇਵਾ ਦੇ ਰਾਹ ਉੱਪਰ ਚੱਲਣਾ ਚਾਹੀਦਾ ਹੈ। ਘੱਟੋ-ਘੱਟ ਗੁਨਾਹ ਦੀ ਮੁਆਫ਼ੀ ਤਾਂ ਮੰਗ ਲੈਣੀ ਚਾਹੀਦੀ ਹੈ, ਸਿਆਸਤ ਛੱਡ ਦੇਣੀ ਚਾਹੀਦੀ ਹੈ। ਪਰ ਜੇ ਉਹ ਸੋਚਣ ਕਿ ਸਿਖ ਸੰਗਤ ਸ਼ਾਇਦ ਭੋਲੀ ਹੈ ਅਤੇ ਪੰਥ ਨੂੰ ਕੁਝ ਪਤਾ ਹੀ ਨਹੀਂ, ਇਸ ਗੱਲ ਤੋਂ ਸਾਨੂੰ ਇਤਰਾਜ਼ ਹੈ। ਅਕਾਲੀ ਦਲ ਪੰਥ ਦਾ ਹੈ ਨਾ ਕਿ ਕਿਸੇ ਇੱਕ ਪਰਿਵਾਰ ਦਾ। ਸਪੁਰਦ ਕਰ ਦੇਣ ਤਾਂ ਅਸੀਂ ਮੰਨ ਲਵਾਂਗੇ ਕਿ ਵਾਕਈ ਉਨ੍ਹਾਂ ਨੇ ਆਪਣੇ ਕੀਤੇ ਉੱਤੇ ਪਛਤਾਵਾ ਕੀਤਾ ਹੈ।’

ਉਹ ਕਹਿੰਦੇ ਹਨ, ‘ਭਾਵੇਂ ਕਿੰਨੀਆਂ ਵੀ ਜੱਥੇਬੰਦੀਆਂ ਹੋ ਜਾਣ ਪਰ ਪੰਥਕ ਏਕਤਾ ਖ਼ੁਦਮੁਖਤਿਆਰੀ ਦੇ ਮੁੱਦੇ ਉੱਪਰ ਹੀ ਹੋ ਸਕਦੀ ਹੈ। ਜਦੋਂ ਮਕਸਦ ਵੱਡਾ ਹੋ ਜਾਵੇ ਤਾਂ ਬੰਦੇ ਛੋਟੇ ਹੋ ਜਾਂਦੇ ਹਨ। ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਏਕਤਾ ਕਰਨੀ ਪੈਂਦੀ ਹੈ। ਇਹ ਵੀ ਮਜਬੂਰੀ ਵਿੱਚ ਹੀ ਹੁੰਦੀ ਹੈ। ਅੰਮ੍ਰਿਤਪਾਲ ਨੇ ਕਿਹਾ, ‘ਸਿੱਖ ਪ੍ਰਭੂਸੱਤਾ ਸੰਭਵ ਹੈ। ਅਸੀਂ ਇਸਦੀ ਹਮਾਇਤ ਕਰਦੇ ਹਾਂ। ਇਸ ਵਿੱਚ ਸਭ ਤੋਂ ਵੱਡੀ ਅੜਚਨ ਤਾਂ ਸਿੱਖ ਹੋਮਲੈਂਡ ਜਾਂ ਰਾਜ ਦੇ ਖਿਲਾਫ਼ ਖੜ੍ਹਾ ਕੀਤਾ ਗਿਆ ਟੈਬੂ ਹੈ। ਇੱਕ ਝੂਠਾ ਸੰਵਾਦ ਖੜ੍ਹਾ ਕੀਤਾ ਗਿਆ ਕਿ ਸਿੱਖ ਆਪਣੇ-ਆਪ ਬਚੇ ਨਹੀਂ ਰਹਿ ਸਕਣਗੇ ਜਾਂ ਆਪਣਾ ਰਾਜ ਨਹੀਂ ਚਲਾ ਸਕਣਗੇ।

‘ਵਾਰਸ ਪੰਜਾਬ’ ਦੇ ਦਾ ਸਿਆਸੀ ਭਵਿੱਖ

ਉਹ ਕਹਿੰਦੇ ਹਨ, ‘ਸੰਗਠਨ ਦੇ ਜ਼ਿਆਦਾਤਰ ਸਾਧਨ ਤਾਂ ਸਮਾਜਿਕ ਗਤੀਵਿਧੀਆਂ ਵਿੱਚ ਲੱਗਦੇ ਹਨ, ਸਿਆਸੀ ਗਤੀਵਿਧੀਆਂ ਲਈ ਤਾਂ ਬਹੁਤ ਸੀਮਤ ਵਰਤੋਂ ਹੁੰਦੀ ਹੈ। ਇਨ੍ਹਾਂ ਚੋਣਾਂ ਵਿੱਚ ਅਸੀਂ ਮਾਨ ਦਲ ਦੀ ਹਮਾਇਤ ਕੀਤੀ ਹੈ ਪਰ ਆਉਣ ਵਾਲੇ ਸਮੇਂ ਵਿੱਚ ਸਿੱਖ ਮੁੱਦਿਆਂ ਪ੍ਰਤੀ ਲੰਬੀ ਭਰੋਸੇਯੋਗਤਾ ਦਿਖਾਉਣ ਵਾਲਿਆਂ ਦੀ ਹਮਾਇਤ ਕਰਦੇ ਰਹਾਂਗੇ ਪਰ ਅਸੀਂ ਕਦੇ ਵੀ ਇਲੈਕਟੋਰਲ ਪੌਲੀਟਿਕਸ ਵਿੱਚ ਨਹੀਂ ਕੁੱਦਾਂਗੇ। ਮੈਂ ਜਥੇਬੰਦੀ ਦੀ ਸੇਵਾ ਕਰਨ ਦੌਰਾਨ ਦੀਪ ਸਿੱਧੂ ਦੇ ਸੁਫ਼ਨੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗਾ। ਸਿੱਖਿਆ, ਕਾਨੂੰਨੀ ਸਹਾਇਤਾ ਜਾਂ ਪਿੰਡਾਂ ਦੀ ਰਵਾਇਤੀ ਗਵਰਨੈਂਸ ਦੀ ਗੱਲ ਕਰਾਂਗੇ। ਉਨ੍ਹਾਂ ਨੇ ਕਿਹਾ ਕਿ ਸੰਗਠਨ ਹਰੇਕ ਪਿੰਡ ਤੱਕ ਪਹੁੰਚ ਬਣਾਏਗਾ। ਉਨ੍ਹਾਂ ਦਾ ਦਾਅਵਾ ਹੈ ਕਿ ਕੇਂਦਰ ਉੱਪਰ ਨਿਰਭਰਤਾ ਘਟਾਉਣ ਲਈ ਕੰਮ ਕੀਤਾ ਜਾਵੇਗਾ ਅਤੇ ਹਰ ਪਿੰਡ ਨੂੰ ਆਤਮ-ਨਿਰਭਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

***

## ਪੰਜਾਬ ਦਾ ਖਜ਼ਾਨਾ ਮਾਲੀ...

ਸੂਬੇ ਦੇ ਮਾਲੀ ਖ਼ਰਚ ਵਿਚ ਵਾਧਾ ਦਰ ਮਾਲੀ ਪ੍ਰਾਪਤੀਆਂ ਦੀ ਸਾਲ ਦਰ ਸਾਲ ਔਸਤਨ ਵਾਧਾ ਦਰ ਨਾਲੋਂ ਕੋਈ 3 ਫੀਸਦੀ ਵਧੇਰੇ ਰਹੀ, ਜਿਸ ਕਾਰਨ ਇਨ੍ਹਾਂ ਪੰਜ ਸਾਲਾਂ ਦੌਰਾਨ ਸੂਬੇ ਦਾ ਸਮੁੱਚਾ ਮਾਲੀ ਘਾਟਾ 25,032 ਕਰੋੜ ਰੁਪਏ ਰਿਹਾ। ਇਹ ਘਾਟਾ ਪਿਛਲੀ ਸਰਕਾਰ ਦੇ 18,287 ਕਰੋੜ ਰੁਪਏ ਦੇ ਮਾਲੀ ਘਾਟੇ ਨਾਲੋਂ 6,745 ਕਰੋੜ ਰੁਪਏ ਵੱਧ ਸੀ ਅਤੇ ਪੰਜ ਸਾਲਾਂ ਦੌਰਾਨ ਮਾਲੀ ਘਾਟੇ ਵਿਚ 37 ਫੀਸਦੀ ਦਾ ਵਾਧਾ ਹੋਇਆ। ਸਰਕਾਰ ਦੇ ਆਖਰੀ ਸਾਲ ਵਿਚ ਸਰਕਾਰ ਦੇ ਮਾਲੀਏ ਵਿਚ 1374 ਕਰੋੜ ਰੁਪਏ ਦੀ ਕਮੀ ਦਰਜ ਕੀਤੀ ਗਈ, ਜਦਕਿ ਪਿਛਲੇ 4 ਸਾਲਾਂ ਵਿਚ ਇਸ ਵਿਚ ਹਰ ਸਾਲ ਵਾਧਾ ਹੋਇਆ। ਦੂਸਰੇ ਪਾਸੇ ਸਰਕਾਰ ਵਲੋਂ ਜਿੰਨਾ ਮਾਲੀ ਖ਼ਰਚ ਪਹਿਲੇ ਤਿੰਨ ਸਾਲਾਂ ਵਿਚ ਕੀਤਾ ਲਗਭਗ ਓਨਾ ਹੀ ਆਖਰੀ ਦੋ ਸਾਲਾਂ ਦੇ ਵਕਫੇ ਵਿਚ ਕਰ ਦਿੱਤਾ, ਤਾਂ ਜੋ ਲੋਕਾਂ ਨੂੰ ਖ਼ੁਸ਼ ਕਰਕੇ ਮੁੜ ਸੱਤਾ ਹਾਸਲ ਕੀਤੀ ਜਾ ਸਕੇ।

**ਸਾਲ 2012 ਤੋਂ 2017 ਤੱਕ ਦੀ ਸਥਿਤੀ**

ਮਾਰਚ 2012 ਵਿਚ ਦੁਬਾਰਾ ਸੱਤਾ ਵਿਚ ਆਈ ਅਕਾਲੀ-ਭਾਜਪਾ ਸਰਕਾਰ ਦੇ 5 ਸਾਲਾਂ ਦੌਰਾਨ ਸੂਬੇ ਦੀਆਂ ਕੁਲ ਮਾਲੀ ਪ੍ਰਾਪਤੀਆਂ 1,95,686 ਕਰੋੜ ਰੁਪਏ ਰਹੀਆਂ, ਜੋ ਕਿ ਪਿਛਲੇ ਪੰਜ ਸਾਲ ਦੇ 1,15,948 ਕਰੋੜ ਰੁਪਏ ਦੇ ਮਾਲੀਏ ਨਾਲੋਂ 79,738 ਕਰੋੜ ਰੁਪਏ (69 ਫੀਸਦੀ) ਵੱਧ ਸਨ। ਇਥੇ ਇਹ ਦੱਸਣਾ ਬਹੁਤ ਹੀ ਜ਼ਰੂਰੀ ਹੈ ਕਿ ਇਨ੍ਹਾਂ ਮਾਲੀ ਪ੍ਰਾਪਤੀਆਂ ਦੇ ਵਾਧੇ ਵਿਚ ਕੇਂਦਰੀ ਕਰਾਂ ਤੋਂ ਮਿਲਣ ਵਾਲੇ ਟੈਕਸਾਂ ਅਤੇ ਗ੍ਰਾਂਟਾਂ ਦਾ ਵੱਡਾ ਯੋਗਦਾਨ ਸੀ ਅਤੇ ਇਸ ਸਮੇਂ ਦੌਰਾਨ ਸਰਕਾਰ ਦਾ ਆਪਣੇ ਸੋਮਿਆਂ ਤੋਂ ਮਾਲੀ ਵਾਧਾ ਕੋਈ ਬਹੁਤ ਜ਼ਿਆਦਾ ਨਹੀਂ ਸੀ। ਇਨ੍ਹਾਂ ਪੰਜ ਸਾਲਾਂ ਦੌਰਾਨ ਕੇਂਦਰੀ ਕਰਾਂ ਅਤੇ ਗ੍ਰਾਂਟ ਰਾਸ਼ੀ ਵਿਚ ਸਾਲ ਦਰ ਸਾਲ ਔਸਤ ਵਾਧਾ ਦਰ (317R) 19.1 ਫੀਸਦੀ ਸੀ, ਜਦਕਿ ਸਰਕਾਰ ਦੇ ਆਪਣੇ ਸੋਮਿਆਂ ਤੋਂ ਹਾਸਲ ਹੋਣ ਵਾਲੀ ਆਮਦਨ ਵਿਚ ਇਹ ਵਾਧਾ ਦਰ 10.6 ਫੀਸਦੀ ਸੀ। ਕੁਲ ਮਿਲਾ ਕੇ ਸੂਬੇ ਦਾ ਮਾਲੀਆ ਪੰਜ ਸਾਲਾਂ ਦੌਰਾਨ 12.8 ਦੀ ਸਾਲ ਦਰ ਸਾਲ ਔਸਤ ਦਰ ਨਾਲ ਵਧਿਆ। ਦੂਸਰੇ ਪਾਸੇ ਇਨ੍ਹਾਂ ਪੰਜ ਸਾਲਾਂ ਦੌਰਾਨ ਸੂਬੇ ਦਾ ਕੁਲ ਮਾਲੀ ਖ਼ਰਚ 2,33,080 ਕਰੋੜ ਰੁਪਏ ਸੀ, ਜੋ ਕਿ ਪਿਛਲੀ ਸਰਕਾਰ ਦੇ 1,40,980 ਕਰੋੜ ਰੁਪਏ ਦੇ ਖ਼ਰਚ ਨਾਲੋਂ 92,098 ਕਰੋੜ ਰੁਪਏ (65 ਫੀਸਦੀ) ਵੱਧ ਸੀ ਅਤੇ 5 ਸਾਲਾਂ ਦੌਰਾਨ ਇਸ ਵਿਚ 10.8 ਫੀਸਦੀ ਦੀ ਸਾਲ ਦਰ ਸਾਲ ਔਸਤ ਦਰ ਨਾਲ ਵਾਧਾ ਹੋਇਆ। ਭਾਵੇਂ ਕਿ ਇਨ੍ਹਾਂ ਪੰਜ ਸਾਲਾਂ ਦੌਰਾਨ ਮਾਲੀਏ ਵਿਚਲੀ ਵਾਧਾ ਦਰ ਮਾਲੀ ਖ਼ਰਚ ਦੀ ਵਾਧਾ ਦਰ ਨਾਲੋਂ ਵਧੇਰੇ ਸੀ ਪਰ ਫਿਰ ਵੀ ਪੰਜ ਸਾਲਾਂ ਦੌਰਾਨ 37,394 ਕਰੋੜ ਰੁਪਏ ਦਾ ਮਾਲੀ ਘਾਟਾ ਖੜ੍ਹੇ ਕਰਜ਼ ਵਿਚ ਹੋਰ ਜਮ੍ਹਾਂ ਹੋ ਗਿਆ, ਜੋ ਕਿ ਪਿਛਲੇ ਪੰਜ ਸਾਲਾਂ ਦੇ 25,032 ਕਰੋੜ ਰੁਪਏ ਨਾਲੋਂ 12,362 ਕਰੋੜ ਰੁਪਏ (49 ਫੀਸਦੀ) ਵੱਧ ਸੀ।

**ਸਾਲ 2017 ਤੋਂ 2022 ਤੱਕ ਦੀ ਸਥਿਤੀ**

ਸਾਢੇ ਚਾਰ ਸਾਲ ਕੈਪਟਨ ਅਮਰਿੰਦਰ ਸਿੰਘ ਅਤੇ ਅਖੀਰਲੇ 6 ਮਹੀਨੇ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸਰਕਾਰ ਦੇ ਪੰਜ ਸਾਲਾਂ ਦੌਰਾਨ ਸੂਬੇ ਦੀਆਂ ਮਾਲੀ ਪ੍ਰਾਪਤੀਆਂ 3,24,039 ਕਰੋੜ ਰੁਪਏ ਰਹੀਆਂ ਅਤੇ ਪਿਛਲੇ ਪੰਜ ਸਾਲਾਂ ਦੀ 1,95,686ਕਰੋੜ ਰੁਪਏ ਦੀ ਰਾਸ਼ੀ ਮੁਕਾਬਲੇ ਇਨ੍ਹਾਂ ਵਿਚ 1,28,353 ਕਰੋੜ ਰੁਪਏ (66 ਫੀਸਦੀ) ਦਾ ਵਾਧਾ ਹੋਇਆ, ਜਿਸ ਦੀ ਸੀ.ਏ.ਜੀ.ਆਰ. 10.2 ਫੀਸਦੀ ਬਣਦੀ ਹੈ। ਇਨ੍ਹਾਂ ਪੰਜ ਸਾਲਾਂ ਵਿਚ ਵੀ ਸਰਕਾਰ ਦੇ ਮਾਲੀ ਵਾਧੇ ਵਿਚ ਵੱਡਾ ਯੋਗਦਾਨ ਕੇਂਦਰੀ ਕਰਾਂ ਅਤੇ ਗ੍ਰਾਂਟਾਂ ਵਿਚਲੇ ਵਾਧੇ ਦਾ ਰਿਹਾ, ਜੋ ਕਿ 20.1 ਫੀਸਦੀ ਦੀ ਸਾਲ ਦਰ ਸਾਲ ਔਸਤ (317R) ਨਾਲ ਵਧੀਆਂ, ਜਦਕਿ ਸਰਕਾਰ ਦੇ ਆਪਣੇ ਸੋਮਿਆਂ ਤੋਂ ਮਾਲੀਏ ਵਿਚਲੀ ਇਹ ਵਾਧਾ ਦਰ ਪੰਜ ਸਾਲਾਂ ਦੌਰਾਨ ਮਹਿਜ਼ 4.2 ਫੀਸਦੀ ਹੀ ਰਹੀ, ਜਿਸ ਤੋਂ ਇਹ ਸਪੱਸ਼ਟ ਹੈ ਕਿ ਸਰਕਾਰੀ ਖਜ਼ਾਨੇ ਦਾ ਮਾਲੀਆ ਜਾਂ ਤਾਂ ਨਿੱਜੀ ਜੇਬਾਂ ਵਿਚ ਜਾਂਦਾ ਰਿਹਾ ਜਾਂ ਫਿਰ ਕਿਸੇ ਹੋਰ ਕਾਰਨ ਉਗਰਾਹਿਆ ਹੀ ਨਹੀਂ ਗਿਆ। ਦੂਸਰੇ ਪਾਸੇ ਇਨ੍ਹਾਂ ਪੰਜ ਸਾਲਾਂ ਵਿਚ ਕੁਲ ਮਾਲੀ ਖ਼ਰਚ 3,94,509 ਕਰੋੜ ਰੁਪਏ ਰਿਹਾ, ਜੋ ਕਿ ਪਿਛਲੇ ਪੰਜ ਸਾਲਾਂ ਦੇ 2,33,080 ਕਰੋੜ ਰੁਪਏ ਨਾਲੋਂ 1,61,429 ਕਰੋੜ ਰੁਪਏ (69 ਫੀਸਦੀ) ਵਧ ਸੀ ਅਤੇ ਇਸ ਦੀ ਸਾਲ ਦਰ ਸਾਲ ਔਸਤ ਵਾਧਾ ਦਰ 11.3 ਫੀਸਦੀ ਰਹੀ, ਜੋ ਕਿ ਮਾਲੀ ਪ੍ਰਾਪਤੀਆਂ ਦੀ ਵਾਧਾ ਦਰ ਨਾਲੋਂ 1 ਫੀਸਦੀ ਵਧੇਰੇ ਸੀ। ਇਨ੍ਹਾਂ ਪੰਜ ਸਾਲਾਂ ਦੌਰਾਨ ਸੂਬੇ ਦੀਆਂ ਮਾਲੀ ਪ੍ਰਾਪਤੀਆਂ ਅਤੇ ਖ਼ਰਚ ਵਿਚਲਾ ਪਾੜਾ 70,470 ਕਰੋੜ ਰੁਪਏ ਰਿਹਾ, ਜੋ ਕਿ ਪਿਛਲੀ ਸਰਕਾਰ ਦੇ ਪੰਜ ਸਾਲਾਂ ਦੇ 37,394 ਕਰੋੜ ਰੁਪਏ ਦੇ ਮਾਲੀ ਘਾਟੇ ਨਾਲੋਂ 33,076 ਕਰੋੜ ਰੁਪਏ ਵਧਿਆ ਅਤੇ ਪੰਜ ਸਾਲਾਂ ਦੌਰਾਨ ਇਹ ਵਾਧਾ 88 ਫੀਸਦੀ ਬਣਦਾ ਹੈ। ਮਾਲੀ ਘਾਟੇ ਵਿਚਲਾ ਇਹ ਵਾਧਾ ਹੁਣ ਤਕ ਦੀਆਂ ਸਾਰੀਆਂ ਸਰਕਾਰਾਂ ਦੇ ਕਾਰਜਕਾਲਾਂ ਵਿਚ ਸਭ ਤੋਂ ਵਧੇਰੇ ਸੀ।ਇੰਜ ਇਨ੍ਹਾਂ ਪੱਚੀ ਸਾਲਾਂ ਦੌਰਾਨ ਪੰਜ ਸਰਕਾਰਾਂ ਦੀਆਂ ਮਾਲੀ ਪ੍ਰਾਪਤੀਆਂ ਅਤੇ ਮਾਲੀ ਖ਼ਰਚ ਦੇ ਵਿਸ਼ਲੇਸ਼ਣ ਤੋਂ ਇਹ ਗੱਲ ਸਾਫ਼ ਹੁੰਦੀ ਹੈ ਕਿ ਸਿਰਫ਼ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ (2002 ਤੋਂ 2007) ਤੋਂ ਇਲਾਵਾ ਕਿਸੇ ਵੀ ਸਰਕਾਰ ਦੁਆਰਾ ਨਾ ਤਾਂ ਮਾਲੀ ਪ੍ਰਾਪਤੀਆਂ ਵਿਚ ਵਾਧਾ ਕਰਨ ਲਈ ਸਾਰਥਿਕ ਯਤਨ ਕੀਤੇ ਗਏ ਅਤੇ ਨਾ ਹੀ ਮਾਲੀ ਖ਼ਰਚ ਨੂੰ ਕੰਟਰੋਲ ਕਰਨ ਲਈ। ਇਸ ਦੇ ਉਲਟ ਮਾਲੀ ਖ਼ਰਚ ਵਿਚ ਮੁਫ਼ਤ ਸਹੂਲਤਾਂ ਦੇਣ ਦੀ ਹੋੜ ਵਿਚ ਹਰ ਸਰਕਾਰ ਵਲੋਂ ਮਾਲੀ ਖ਼ਰਚ ਵਿਚ ਬੇਹਿਸਾਬ ਵਾਧਾ ਕੀਤਾ ਜਾਂਦਾ ਰਿਹਾ, ਜਿਸ ਦਾ ਖਮਿਆਜ਼ਾ ਹੁਣ ਸੂਬੇ ਨੂੰ ਭੁਗਤਣਾ ਪੈ ਰਿਹਾ ਹੈ। ਇਸ ਮਾਲੀ ਘਾਟੇ ਤੋਂ ਇਲਾਵਾ ਪੂੰਜੀਗਤ ਖ਼ਰਚ ਲਈ ਲਏ ਗਏ ਕਰਜ਼ ਅਤੇ ਸਰਕਾਰ ਵਲੋਂ ਮੁਫਤ ਸਹੂਲਤਾਂ ’ਤੇ ਕੀਤੇ ਗਏ ਖ਼ਰਚ ਕਾਰਨ ਕਰਜ਼ੇ ਵਿਚ ਹੋਏ ਵਾਧੇ ਦਾ ਜ਼ਿਕਰ ਅਗਲੇ ਲੇਖਾਂ ਵਿਚ ਕੀਤਾ ਜਾਵੇਗਾ।

***

## ਵਹਿਮ-ਭਰਮਾਂ ਅਤੇ ਤਾਂਤਰਿਕਾਂ ਦੇ ਜੰਜਾਲ

ਕਮਜ਼ੋਰ ਲੋਕ ਅਜਿਹੇ ਟੂਣਿਆਂ ਤੋਂ ਡਰ ਜਾਂਦੇ ਹਨ ਤੇ ਉਹ ਵੀ ਟੂਣੇ ਦੇ ਕਹਿਰ ਤੋਂ ਬਚਣ ਲਈ ਕਿਸੇ ਬਾਬੇ ਦੀ ਸ਼ਰਨ ਵਿਚ ਚਲੇ ਜਾਂਦੇ ਹਨ। ਪੜ੍ਹੇ ਲਿਖੇ ਲੋਕਾਂ ਨੇ ਵੀ ਅਨੇਕਾਂ ਵਹਿਮ-ਭਰਮ ਪਾਲੇ ਹੋਏ ਹਨ। ਕਿਸੇ ਅਨਪੜ੍ਹ ਦਾ ਵਰਗਲਾਇਆ ਜਾਣਾ ਤਾਂ ਮੰਨਿਆ ਜਾ ਸਕਦਾ ਹੈ ਪਰ ਕਿਸੇ ਪੜ੍ਹੇ ਲਿਖੇ ਵਿਅਕਤੀ ਦਾ ਅੰਧਵਿਸ਼ਵਾਸੀ ਹੋ ਜਾਣਾ ਬਹੁਤ ਹੀ ਚਿੰਤਾਜਨਕ ਵਰਤਾਰਾ ਹੈ।

ਮੌਜੂਦਾ ਕੇਂਦਰੀ ਸਰਕਾਰ ਤਾਂ ਜੋਤਿਸ਼ ਤੇ ਹੋਰ ਤਰਕਹੀਣ ਗੱਲਾਂ ਨੂੰ ਵਿਗਿਆਨ ਸਿੱਧ ਕਰਨ ’ਤੇ ਤੁਲੀ ਹੋਈ ਹੈ ਅਤੇ ਵਿਗਿਆਨਕ ਖੋਜਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ।ਬਦਲ ਰਹੇ ਸਮਿਆਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਸਾਡੀ ਸੋਚ ਦਾ ਦਾਇਰਾ ਵਿਸ਼ਾਲ ਤੇ ਵਿਗਿਆਨਕ ਹੋਣਾ ਜ਼ਰੂਰੀ ਹੈ। ਜਦੋਂ ਤੱਕ ਲੋਕਾਂ ਦੀ ਚੇਤਨਾ ਵਿਚ ਪਰਿਵਰਤਨ ਨਹੀਂ ਆਉਂਦਾ ਉਦੋਂ ਤੱਕ ਉਹ ਵਹਿਮਾਂ ਭਰਮਾਂ ਤੇ ਗੈਰ-ਵਿਗਿਆਨਕ ਸੋਚਾਂ ਦਾ ਸ਼ਿਕਾਰ ਹੁੰਦੇ ਰਹਿਣਗੇ। ਜੀਵਨ ਦੇ ਹਰ ਵਰਤਾਰੇ ਬਾਰੇ ਵਿਗਿਆਨਕ ਨਜ਼ਰੀਆ ਅਪਣਾਉਣਾ ਸਮੇਂ ਦੀ ਲੋੜ ਹੈ।

## ਗਹਿਲੋਤ ਸਮਰਥਕ ਵਿਧਾਇਕਾਂ

ਯਤਨ ਕੀਤਾ ਕਿ ਉਹ ਪਾਰਟੀ ਦੀ ਅਗਵਾਈ ਕਿਸੇ ਸੀਨੀਅਰ ਆਗੂ ਨੂੰ ਸੌਂਪਣ ਲਈ ਤਿਆਰ ਹਨ ਪਰ ਨਾਲ ਹੀ ਕਈ ਕਾਰਵਾਈਆਂ ਦੁਆਰਾ ਇਹ ਪ੍ਰਭਾਵ ਵੀ ਗਿਆ ਕਿ ਸਭ ਕੁਝ ਨਹਿਰੂ-ਗਾਂਧੀ ਪਰਿਵਾਰ ਦੇ ਕਹਿਣ ਅਨੁਸਾਰ ਹੀ ਹੋਵੇਗਾ। ਉਦਾਹਰਨ ਵਜੋਂ ਗਹਿਲੋਤ ਨੂੰ ਪਾਰਟੀ ਪ੍ਰਧਾਨ ਲਈ ਉਮੀਦਵਾਰ ਬਣਨ ’ਤੇ ਰਾਜਸਥਾਨ ਦੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਲਈ ਕਿਹਾ ਗਿਆ, ਇਹ ਸੰਕੇਤ ਵੀ ਦਿੱਤੇ ਗਏ ਕਿ ਨਹਿਰੂ-ਗਾਂਧੀ ਪਰਿਵਾਰ ਦੀ ਚੋਣ ਅਨੁਸਾਰ ਸਚਿਨ ਪਾਇਲਟ ਨਵਾਂ ਮੁੱਖ ਮੰਤਰੀ ਹੋਵੇਗਾ, ਗਹਿਲੋਤ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਪਰ ਨਾਲ ਹੀ ਦਿਗਵਿਜੈ ਸਿੰਘ ਤੋਂ ‘ਇਕ ਵਿਅਕਤੀ ਇਕ ਅਹੁਦੇ’ ਦਾ ਬਿਆਨ ਦਿਵਾਇਆ ਗਿਆ। ਰਾਹੁਲ ਗਾਂਧੀ ਨੇ ਵੀ ਅਜਿਹਾ ਬਿਆਨ ਦਿੱਤਾ। ਇਨ੍ਹਾਂ ਕਾਰਵਾਈਆਂ ਕਾਰਨ ਅਸ਼ੋਕ ਗਹਿਲੋਤ ਨੇ ਹੱਤਕ ਮਹਿਸੂਸ ਕੀਤੀ ਅਤੇ ਉਸ ਦੇ 90 ਤੋਂ ਜ਼ਿਆਦਾ ਹਮਾਇਤੀ ਵਿਧਾਇਕਾਂ ਨੇ ਉਸ ਦਾ ਸਾਥ ਦਿੰਦਿਆਂ ਸਪੀਕਰ ਨੂੰ ਅਸਤੀਫ਼ੇ ਸੌਂਪ ਦਿੱਤੇ। ਉਨ੍ਹਾਂ ਨੇ ਕਾਂਗਰਸ ਹਾਈ ਕਮਾਨ ਦੁਆਰਾ ਭੇਜੇ ਗਏ ਵਫ਼ਦ ਨੂੰ ਮਿਲਣ ਤੋਂ ਵੀ ਇਨਕਾਰ ਕਰ ਦਿੱਤਾ। ਅਜਿਹਾ ਕਾਂਗਰਸ ਵਿਚ ਪਹਿਲੀ ਵਾਰ ਹੋਇਆ ਹੈ। ਇਸ ਘਟਨਾਕ੍ਰਮ ਨੇ ਮੁੱਖ ਮੰਤਰੀ ਤੇ ਸਚਿਨ ਪਾਇਲਟ ਦਰਮਿਆਨ ਵਿਗੜਦੇ ਸੱਤਾ ਸੰਘਰਸ਼ ਦਾ ਸੰਕੇਤ ਦਿੱਤਾ ਹੈ। 200 ਮੈਂਬਰਾਂ ਵਾਲੀ ਵਿਧਾਨ ਸਭਾ ਵਿਚ ਕਾਂਗਰਸ ਦੇ 108 ਮੈਂਬਰ ਹਨ। ਪਾਰਟੀ ਕੋਲ 13 ਸੁਤੰਤਰ ਵਿਧਾਇਕਾਂ ਦਾ ਸਮਰਥਨ ਵੀ ਹੈ।

ਅੰਦਰੂਨੀ ਖਾਨਾਜੰਗੀ ਜਨਤਕ ਹੋਣ ‘ਤੇ ਪਾਰਟੀ ਹਾਈਕਮਾਨ ਕਾਫ਼ੀ ਖ਼ਫ਼ਾ ਹੈ ਅਤੇ ਹਾਈਕਮਾਨ ਨੇ ਨਿਯੁਕਤ ਕੀਤੇ ਦੋਵਾਂ ਕੇਂਦਰੀ ਨਿਗਰਾਨ ਮਲਿਕਾਰਜੁਨ ਖੜਗੇ ਅਤੇ ਅਜੈ ਮਾਕਨ ਤੋਂ ਇਸ ਸੰਬੰਧ ਵਿਚ ਤਫ਼ਸੀਲੀ ਲਿਖਤੀ ਰਿਪੋਰਟ ਮੰਗੀ ਹੈ। ਹਲਕਿਆਂ ਮੁਤਾਬਿਕ ਬੀਤੇ ਐਤਵਾਰ ਰਾਤ ਨੂੰ ਤਕਰੀਬਨ 90 ਵਿਧਾਇਕਾਂ ਵਲੋਂ ਕੀਤੀ ਬਗ਼ਾਵਤ ਤਹਿਤ ਪਾਰਟੀ ਵਲੋਂ ਸੱਦੀ ਵਿਧਾਇਕ ਦਲ ਦੀ ਮੀਟਿੰਗ ਦਾ ਬਾਈਕਾਟ ਕਰਨ ਅਤੇ ਉਸੇ ਵੇਲੇ ਹੀ ਦੂਜੀ ਬੈਠਕ ਕਰ ਕੇ, ਅਸਿੱਧੇ ਢੰਗ ਨਾਲ ਮੁੱਖ ਮੰਤਰੀ ਅਸ਼ੋਕ ਗਹਿਲੋਤ ਵਲੋਂ ਕੀਤੇ ਸ਼ਕਤੀ ਪ੍ਰਦਰਸ਼ਨ ਦਾ ਹਾਈਕਮਾਨ ਵਲੋਂ ਸਖ਼ਤ ਨੋਟਿਸ ਵੀ ਲਿਆ ਗਿਆ। ਹਾਲਾਂਕਿ ਗਹਿਲੋਤ ਸਮਰਥਕਾਂ ਨੇ ਸੋਮਵਾਰ ਦਿਨ ਭਰ ਨਾ ਸਿਰਫ਼ ਉਨ੍ਹਾਂ (ਗਹਿਲੋਤ) ਦੇ ਹੱਕ ਵਿਚ ਬਿਆਨਬਾਜ਼ੀ ਕੀਤੀ, ਸਗੋਂ ਕਾਂਗਰਸ ਦੇ ਸੂਬਾ ਇੰਚਾਰਜ ਅਜੈ ਮਾਕਨ ’ਤੇ ਵੀ ਤਿੱਖੇ ਹਮਲੇ ਕੀਤੇ ਸਨ। ਦੂਜੇ ਪਾਸੇ ਅਸ਼ੋਕ ਗਹਿਲੋਤ ਨੇ ਕੇਂਦਰੀ ਨਿਗਰਾਨ ਮਲਿਕਾਰਜੁਨ ਖੜਗੇ ਤੋਂ ਬਣ ਆਏ ਹਾਲਾਤਾਂ ’ਤੇ ਮੁਆਫ਼ੀ ਵੀ ਮੰਗੀ। ਹਲਕਿਆਂ ਮੁਤਾਬਿਕ ਗਹਿਲੋਤ ਨੇ ਵਿਧਾਇਕ ਦਲ ਦੀ ਮੀਟਿੰਗ ਦੇ ਬਰਾਬਰ ਵਿਧਾਇਕਾਂ ਵਲੋਂ ਇਕ ਹੋਰ ਮੀਟਿੰਗ ਸੱਦਣਾ ਅਤੇ ਅਸਤੀਫ਼ੇ ਦੇਣ ਵਜੋਂ ਕੀਤੀ ਬਗ਼ਾਵਤ ਨੂੰ ਵੀ ਗਲਤੀ ਦੱਸਦਿਆਂ ਕਿਹਾ ਕਿ ਅਜਿਹਾ ਨਹੀਂ ਹੋਣਾ ਚਾਹੀਦਾ ਸੀ। ਗਹਿਲੋਤ ਨੇ ਆਪਣੇ ਤੌਰ ’ਤੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਇਸ ਸਾਰੀ ਬਗ਼ਾਵਤ ਵਿਚ ਕੋਈ ਹੱਥ ਨਹੀਂ ਹੈ। ਕਾਂਗਰਸ ਪ੍ਰਧਾਨ ਦੀ ਚੋਣ ਤੋਂ ਪਹਿਲਾਂ ਰਾਜਸਥਾਨ ਦਾ ਮੁੱਖ ਮੰਤਰੀ ‘ਕੌਣ’ ਦੇ ਖੜ੍ਹੇ ਹੋਏ ਸੰਕਟ ’ਤੇ ਕਾਂਗਰਸੀ ਆਗੂ ਅਤੇ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇੜਿਉਂ ਨਜ਼ਰ ਰੱਖ ਰਹੇ ਹਨ। ਹਲਕਿਆਂ ਮੁਤਾਬਿਕ ਰਾਹੁਲ ਗਾਂਧੀ ਨੇ ਹੀ ਕੇ. ਸੀ. ਵੇਣੂਗੋਪਾਲ ਨੂੰ ਦਿੱਲੀ ਜਾ ਕੇ ਹਾਲਾਤ ਨੂੰ ਕਾਬੂ ਕਰਨ ਦੇ ਨਿਰਦੇਸ਼ ਦਿੱਤੇ ਹਨ।

ਮਾਕਨ ਨੇ ਇਸ ਸਾਰੇ ਘਟਨਾਕ੍ਰਮ ’ਤੇ ਵਿਧਾਇਕਾਂ ’ਤੇ ਕਾਰਵਾਈ ਕਰਨ ਦੇ ਸੰਕੇਤ ਦਿੰਦਿਆਂ ਕਿਹਾ ਕਿ ਦੇਖਦੇ ਹਾਂ ਉਨ੍ਹਾਂ ’ਤੇ ਕੀ ਕਾਰਵਾਈ ਕੀਤੀ ਜਾਏਗੀ। ਖੜਗੇ ਨੇ ਕਿਹਾ ਕਿ ਐਤਵਾਰ ਨੂੰ ਜੋ ਵੀ ਕੁਝ ਹੋਇਆ, ਅਸੀਂ ਉਸ ਬਾਰੇ ਕਾਂਗਰਸ ਪ੍ਰਧਾਨ ਨੂੰ ਜਾਣੂ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੋ ਵੀ ਫ਼ੈਸਲਾ ਲਿਆ ਜਾਂਦਾ ਹੈ, ਉਸ ਦਾ ਸਭ ਨੂੰ ਪਾਲਣ ਕਰਨਾ ਹੋਏਗਾ। ਪਾਰਟੀ ਵਿਚ ਅਨੁਸ਼ਾਸਨ ਹੋਣਾ ਚਾਹੀਦਾ ਹੈ।

ਰਾਜਸਥਾਨ ’ਚ ਹੋਏ ਸਿਆਸੀ ਡਰਾਮੇ ਤੋਂ ਬਾਅਦ ਰਾਜਸਥਾਨ ਦੇ ਕੇਂਦਰੀ ਨਿਗਰਾਨ ਮਲਿਕਾਰਜੁਨ ਖੜਗੇ ਅਤੇ ਸੂਬਾ ਇੰਚਾਰਜ ਅਜੈ ਮਾਕਨ ਨੇ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ। ਰਾਜਸਥਾਨ ਸੰਕਟ ਨੂੰ ਹੱਲ ਕਰਨ ਲਈ ਸੋਨੀਆ ਗਾਂਧੀ ਨੇ ਖੜਗੇ ਅਤੇ ਮਾਕਨ ਤੋਂ ਇਲਾਵਾ ਪਾਰਟੀ ਦੇ ਜਨਰਲ ਸਕੱਤਰ ਕੇ. ਸੀ. ਵੇਣੂਗੋਪਾਲ ਅਤੇ ਪਾਰਟੀ ਦੇ ਸੀਨੀਅਰ ਆਗੂ ਕਮਲਨਾਥ ਨੂੰ ਵੀ ਦਿੱਲੀ ਤਲਬ ਕੀਤਾ। ਹਲਕਿਆਂ ਮੁਤਾਬਿਕ ਕਮਲਨਾਥ ਇਸ ਸਾਰੇ ਮਾਮਲੇ ਵਿਚ ਸਾਲਸੀ ਦੀ ਭੂਮਿਕਾ ਨਿਭਾਅ ਸਕਦੇ ਹਨ।

## ਹਾਈਕਮਾਂਡ ਗਹਿਲੋਤ ਖ਼ਿਲਾਫ਼ ਨਰਮ ਹੋਈ

ਗਹਿਲੋਤ ਤੋਂ ਖ਼ਫ਼ਾ ਹੋਣ ਦੇ ਬਾਵਜੂਦ ਪਾਰਟੀ ਹਾਈਕਮਾਨ ਰਾਜਸਥਾਨ, ਜੋ ਕਿ ਕਾਂਗਰਸ ਸ਼ਾਸਿਤ ਦੋ ਰਾਜਾਂ ਵਿਚੋਂ ਇਕ ਹੈ, ਵਿਚ ਪੰਜਾਬ ਐਪੀਸੋਡ ਨਹੀਂ ਦੁਹਰਾਉਣਾ ਚਾਹੁੰਦੀ। ਗਹਿਲੋਤ ਦੇ ਸੋਨੀਆ ਗਾਂਧੀ ਤੋਂ ਇਲਾਵਾ ਰਾਹੁਲ ਗਾਂਧੀ ਨਾਲ ਵੀ ਚੰਗੇ ਸੰਬੰਧ ਹਨ ਜਿਸ ਕਾਰਨ ਉਹ ਗਾਂਧੀ ਪਰਿਵਾਰ ਦੀ ਪ੍ਰਧਾਨ ਵਜੋਂ ਪਹਿਲੀ ਪਸੰਦ ਸਨ।

## 1-2 ਅਕਤੂਬਰ ਨੂੰ ਖ਼ਾਲਸਾ ਦੀਵਾਨ

ਇਨ੍ਹਾਂ ਲਿਖਾਰੀਆਂ ਦਾ ਉਦੇਸ਼ ਪਰਵਾਸੀ ਭਾਰਤੀਆਂ ਵਿਚ ਰਾਜਨੀਤਕ ਚੇਤਨਾ ਪੈਦਾ ਕਰਕੇ ਅਜ਼ਾਦੀ ਦੀ ਲੜਾਈ ਲਈ ਮਾਹੌਲ ਪੈਦਾ ਕਰਨਾ ਸੀ।

ਪੰਜਾਬੀ ਹਫ਼ਤਵਾਰੀ ‘ਗ਼ਦਰ’ ਦੇ ਪਰਚੇ ਪੱਤਰਕਾਰੀ ਵਿਚ ਅਜਿਹੇ ਮਹੱਤਵ ਦੇ ਲਖਾਇਕ ਹਨ, ਜੋ ਅਗਲੀਆਂ ਪੀੜ੍ਹੀਆਂ ਅੰਦਰ ਚੇਤਨਾ ਪੈਦਾ ਕਰਨ ਲਈ ਮੀਲ ਪੱਥਰ ਸਾਬਤ ਹੋਏ। ‘ਗ਼ਦਰ’ ਸਮਾਚਾਰ ਪੱਤਰ ਦਾ ਇਕੋ-ਇਕ ਨਿਸ਼ਾਨਾ ਆਜ਼ਾਦੀ ਸੀ ਅਤੇ ਇਸ ਦੀ ਪ੍ਰਾਪਤੀ ਲਈ ਗ਼ਦਰ ਨੇ ਦੁਨੀਆਂ ਭਰ ਦੇ ਅਜ਼ਾਦੀ ਪਸੰਦ ਭਾਰਤੀਆਂ ਨੂੰ ਜਥੇਬੰਦ ਕੀਤਾ। ‘ਗ਼ਦਰ’ ਸਮਾਚਾਰ ਪੱਤਰ ਰਾਹੀਂ ਲਹਿਰ ਕੇਵਲ ਅਮਰੀਕਾ ਜਾਂ ਕੈਨੇਡਾ ਤੱਕ ਸੀਮਤ ਨਾ ਰਹਿ ਕੇ ਦੁਨੀਆਂ ਦੇ ਕੋਨੇ-ਕੋਨੇ ਤੱਕ ਫੈਲ ਗਈ। ਜਿਉਂ ਹੀ ਗ਼ਦਰ ਲਹਿਰ ਵਧੀ ਤੇ ਜਨਤਾ ਵਿਚ ਇਨਕਲਾਬ ਆਇਆ, ਸਮਾਚਾਰ ਪੱਤਰ ਦੀ ਖਪਤ ਵਧਦੀ ਗਈ, ਸਮਾਚਾਰ ਪੱਤਰ ਦੇ ਉਰਦੂ ਤੇ ਪੰਜਾਬੀ ਤੋਂ ਇਲਾਵਾ ਹਿੰਦੀ, ਗੁਜਰਾਤੀ, ਬੰਗਾਲੀ, ਪਸ਼ਤੋ, ਨੇਪਾਲੀ ਵਿਚ ਵੀ ਸਪੈਸ਼ਲ ਨੰਬਰ ਨਿਕਲਣ ਲੱਗੇ ਪਏ, ਸਮਾਚਾਰ ਪੱਤਰ ਕਈ ਹਜ਼ਾਰਾਂ ਦੀ ਗਿਣਤੀ ਵਿਚ ਛਾਪਿਆ ਤੇ ਵੰਡਿਆ ਜਾਣ ਲੱਗਾ, ਕਿਹਾ ਜਾਂਦਾ ਹੈ ਕਿ 1916 ਵਿਚ ਇਹ ਹਫ਼ਤੇ ਦਾ ਦਸ ਲੱਖ ਛਪਣ ਲੱਗ ਪਿਆ ਸੀ।

ਅੰਤਰਰਾਸ਼ਟਰੀ ਪੱਧਰ ’ਤੇ ਬਰਾਬਰੀ ਤੇ ਮਾਨਵੀ ਹੱਕਾਂ ਦੀ ਪਹਿਰੇਦਾਰ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਸੈਮੀਨਾਰ ਅਤੇ ਸਮਾਗਮ ਕਰਨੇ ਸ਼ਲਾਘਾਯੋਗ ਉਪਰਾਲੇ ਹਨ। 2013 ਵਿਚ ਗ਼ਦਰ ਅਖ਼ਬਾਰ ਅਤੇ ਗ਼ਦਰ ਲਹਿਰ ਦੀ ਸ਼ਤਾਬਦੀ ਦੇ ਮੌਕੇ ’ਤੇ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਦੇ ਸੁਭਾਗ ਤੋਂ ਬਾਅਦ, ਹੁਣ ਇੱਕ ਵਾਰ ਫੇਰ ਪਹਿਲੀ ਅਤੇ ਦੂਜੀ ਅਕਤੂਬਰ ਨੂੰ ਗ਼ਦਰੀ ਬਾਬਿਆਂ ਦੀ ਯਾਦ ਵਿਚ ਦੋ ਦਿਨਾ ਸਮਾਗਮ ਵਿਚ ਸ਼ਮੂਲੀਅਤ ਦਾ ਮੌਕਾ ਮਿਲਿਆ ਹੈ। ‘ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨ’ ਦੇ ਮਹਾਂਵਾਕ ਅਨੁਸਾਰ ਵੱਡਿਆਂ ਦੇ ਦਿਨ ਮਨਾਉਣੇ ਅਤੇ ਉਨ੍ਹਾਂ ਦੀ ਮਹਾਨ ਦੇਣ ਦੀ ਗੱਲ ਕਰਨੀ ਜਿਥੇ ਵੱਡਾ ਮਹੱਤਵ ਰੱਖਦੀ ਹੈ, ਉਥੇ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਗ਼ਦਰੀ ਬਾਬਿਆਂ ਨੇ ਜਿਸ ਮੰਤਵ ਲਈ ਕੁਰਬਾਨੀਆਂ ਦਿੱਤੀਆਂ ਸਨ, ਉਹ ਅਜੇ ਵੀ ਸੰਪੂਰਨ ਨਹੀਂ ਹੋਇਆ। ਇਸ ਦੀ ਪ੍ਰਤੱਖ ਮਿਸਾਲ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ‘ਆਜ਼ਾਦ ਭਾਰਤ’ ਵਿਚ ਕਹੇ ਇਨ੍ਹਾਂ ਸ਼ਬਦਾਂ ਤੋਂ ਹੋ ਜਾਂਦੀ ਹੈ ਕਿ ਮੇਰੀ ਪਿੱਠ ’ਚ ਅੰਗਰੇਜ਼ ਕੁੱਬ ਨਹੀਂ ਪਾ ਸਕੇ, ਪਰ ਆਪਣਿਆਂ ਨੇ ਜ਼ਰੂਰ ਪਾ ਦਿੱਤਾ।

ਸਾਮਰਾਜੀ ਤਾਕਤਾਂ, ਫ਼ਿਰਕਾਪ੍ਰਸਤੀ, ਪਰਿਵਾਰਵਾਦ, ਭ੍ਰਿਸ਼ਟਾਚਾਰ, ਡੰਡਾ-ਤੰਤਰ ਅਤੇ ਬੁਰਜੂਆ ਢਾਂਚਾ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਹੈ। ਪੰਚਾਇਤੀ ਰਾਜ ਦੀ ਥਾਂ ਭਾਈ-ਭਤੀਜਾਵਾਦ ਨੇ ਮੱਲੀ ਹੋਈ ਹੈ। ਅਜੇ ਵੀ ਗ਼ਦਰੀ ਬਾਬਿਆਂ ਦੇ ਪਰਿਵਾਰਾਂ ਨੂੰ ਉਹ ਜੱਦੀ ਸੰਪਤੀਆਂ ਮੋੜੀਆਂ ਨਹੀਂ ਗਈਆਂ, ਜੋ ਅੰਗਰੇਜ਼ਾਂ ਵੇਲੇ ਸਰਕਾਰਾਂ ਵੱਲੋਂ ਕੁਰਕ ਕੀਤੀਆਂ ਗਈਆਂ ਸਨ। ਗ਼ਦਰੀ ਯੋਧਿਆਂ ਦੇ ਪਿੰਡ ਪੱਧਰ ’ਤੇ ਅਜਿਹੇ ਯਾਦਗਾਰੀ ਸਥਾਨ ਨਜ਼ਰ ਨਹੀਂ ਆਉਂਦੇ, ਜੋ ਉਨ੍ਹਾਂ ਦੀ ਘਾਲਣਾ ਬਾਰੇ ਅਗਲੀਆਂ ਪੀੜ੍ਹੀਆਂ ਨੂੰ ਉਤਸ਼ਾਹਿਤ ਕਰ ਸਕਣ। ਵਿਦੇਸ਼ਾਂ ਜਾਂ ਦੇਸ਼ ਅੰਦਰ ਸਰਕਾਰੀ ਇਮਾਰਤਾਂ ਅੰਦਰ ਢੁਕਵੇਂ ਰੂਪ ’ਚ ਗ਼ਦਰੀ ਯੋਧਿਆਂ ਦੀਆਂ ਤਸਵੀਰਾਂ ਨਜ਼ਰ ਨਹੀਂ ਆਉਂਦੀਆਂ। ਗ਼ਦਰੀ ਬਾਬਿਆਂ ’ਚੋਂ 90 ਫ਼ੀਸਦੀ ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਸਿੱਖ ਵਿਰਸੇ, ਇਤਿਹਾਸ, ਸਿੱਖ ਸੱਭਿਆਚਾਰ ਅਤੇ ਗੁਰਬਾਣੀ ਤੋਂ ਵੱਖ ਕਰਕੇ ਨਿਰੇ ਖੱਬੀ ਪੱਖੀ ਅਤੇ ਮਾਰਕਸੀ ਧਾਰਨਾ ਦੇ ਪਾਂਧੀ ਬਣਾ ਕੇ ਪੇਸ਼ ਕਰਨਾ ਇਤਿਹਾਸ ਨਾਲ ਖਿਲਵਾੜ ਵੀ ਹੈ ਅਤੇ ਆਪਣੀ ਵਿਰਾਸਤ ਨਾਲ ਧ੍ਰੋਹ ਕਮਾਉਣਾ ਵੀ। ਇਸ ਤੋਂ ਵੀ ਖ਼ਤਰਨਾਕ ਗੱਲ ਇਹ ਹੈ ਕਿ ਅੱਜ ਭਾਰਤ ਫਾਸ਼ੀਵਾਦ ਦੀ ਜਿਸ ਮੋੜ ’ਤੇ ਪਹੁੰਚ ਚੁੱਕਿਆ ਹੈ, ਉਹ ਅੰਗਰੇਜ਼ ਸਾਮਰਾਜ ਤੋਂ ਵੀ ਖ਼ਤਰਨਾਕ ਹੈ। ਅੰਗਰੇਜ਼ਾਂ ਅੱਗੇ ਮੁਆਫ਼ੀਆਂ ਮੰਗਣ ਵਾਲੇ ਸਾਵਰਕਰ ਨੂੰ ਅੱਜ ਦੇਸ਼ ਭਗਤ ਕਰਾਰ ਦਿੱਤਾ ਜਾ ਰਿਹਾ ਹੈ, ਜਦਕਿ ਮਨੁੱਖੀ ਹੱਕਾਂ ਲਈ ਲੜਨ ਵਾਲੇ ਯੋਧਿਆਂ ਦੇ ਵਾਰਿਸ ਜੇਲ੍ਹਾਂ ’ਚ ਬੰਦ ਹਨ।

ਗ਼ਦਰੀ ਬਾਬਿਆਂ ਨੇ ਭਾਰਤ ਨੂੰ ਧਰਮ-ਨਿਰਪੱਖ ਦੇਸ਼ ਬਣਾਉਣ ਦਾ ਸੁਪਨਾ ਲਿਆ ਸੀ, ਪਰ ਅੱਜ ਸਾਵਰਕਰੀ ਸੋਚ ਦੇ ਪਾਂਧੀ ਭਾਰਤ ਨੂੰ ‘ਹਿੰਦੂ ਰਾਸ਼ਟਰ’ ਬਣਾਉਣ ਲਈ ਬਜ਼ਿੱਦ ਹਨ। ਅਜਿਹੀ ਫ਼ਿਰਕੂ ਸੋਚ ਦਾ ਹੀ ਨਤੀਜਾ ਸੀ ਕਿ ਪੰਜਾਬ ਸੰਤਾਲੀ ਵੇਲੇ ਉਜਾੜਿਆ ਗਿਆ ਅਤੇ ਦੋ ਟੋਟਿਆਂ ਵਿੱਚ ਵੰਡ ਦਿੱਤਾ ਗਿਆ। ਦੱਸ ਲੱਖ ਤੋਂ ਵੱਧ ਲੋਕਾਂ ਦੀਆਂ ਜਾਨਾਂ ਗਈਆਂ, ਜਿਨ੍ਹਾਂ ਵਿਚ ਸਮੂਹ ਪੰਜਾਬੀ ਸਨ ਜ਼ਿਆਦਾਤਰ ਸਿੱਖ, ਮੁਸਲਮਾਨ ਅਤੇ ਹਿੰਦੂ ਭਾਈਚਾਰੇ ਨਾਲ ਵੀ ਸਬੰਧਿਤ ਸਨ। ਇਕ ਪਾਸੇ ਮੁਸਲਮਾਨਾਂ ਨੂੰ ਉਨ੍ਹਾਂ ਦਾ ਰਾਸ਼ਟਰ ਅਤੇ ਦੂਜੇ ਪਾਸੇ ਵੱਡੀ ਗਿਣਤੀ ’ਚ ਹਿੰਦੂਆਂ ਨੂੰ ਅਸਿੱਧੇ ਤੌਰ ’ਤੇ ‘ਹਿੰਦੂ ਰਾਸ਼ਟਰ’ ਸੌਂਪਿਆ ਗਿਆ, ਜੋ ਕਿ ਅੱਜ ਪ੍ਰਤੱਖ ਰੂਪ ਵਿਚ ਨਜ਼ਰ ਆ ਰਿਹਾ ਹੈ। ਸਭ ਤੋਂ ਵੱਡੇ ਧੱਕੇ ਦਾ ਸ਼ਿਕਾਰ ਹੋਏ ਸਭ ਤੋਂ ਵੱਧ ਸ਼ਹੀਦੀਆਂ ਦੇਣ ਵਾਲੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟਣ ਵਾਲੀ ਜੇਲ੍ਹਾਂ ’ਚ ਬੰਦ ਰਹਿਣ ਵਾਲੇ ਸਿੱਖ। ਗ਼ਦਰੀ ਬਾਬਿਆਂ ਦੀ ਗੱਲ ਕਰਦਿਆਂ ਇਹ ਦਰਦ ਮਹਿਸੂਸ ਹੋ ਰਿਹਾ ਹੈ ਕਿ ਅੱਜ ਕਹਿਣ ਨੂੰ ਤਾਂ ਭਾਰਤ ਆਜ਼ਾਦ ਹੈ, ਪਰ ਹਿੰਦ ਰਾਸ਼ਟਰ ਵਿੱਚ ਘੱਟਗਿਣਤੀਆਂ ਗੁਲਾਮ ਹਨ। ਉਨ੍ਹਾਂ ਵਿੱਚੋਂ ਸਿੱਖਾਂ ਦੀ ਤ੍ਰਾਸਦੀ ਇਹ ਹੈ ਕਿ ਵੱਡੀਆਂ ਕੌਮਾਂ ਨੇ ਤਾਂ ਆਪਣੇ ਦੇਸ਼ ਬਣਾ ਲਏ, ਪਰ ਸਿੱਖ ਬੇਘਰੇ ਰੁਲ ਰਹੇ ਹਨ। ਗਾਇਕ ਅਤੇ ਗੀਤਕਾਰ ਰਾਜ ਕਾਕੜਾ ਦੇ ਸੀਨੇ ਨੂੰ ਧੂਹ ਪਾਉਣ ਵਾਲੇ ਇਨ੍ਹਾਂ ਬੋਲਾਂ ਨਾਲ ਹੀ ਵਿਚਾਰ ਸਮੇਟਦੇ ਹਾਂ :

‘ਜਦੋਂ ਭਰਾਵਾਂ ਵੰਡੀਆਂ ਪਾਈਆਂ,
ਸਾਡੇ ਹਿੱਸੇ ਫਾਂਸੀਆਂ ਆਈਆਂ।
ਹਰ ਕੋਈ ਆਪਣਾ ਹਿੱਸਾ ਲੈ ਗਿਆ,
ਸਾਡਾ ਹਿੱਸਾ ਕਿੱਥੇ ਰਹਿ ਗਿਆ ?
ਉਨ੍ਹਾਂ ਲੈ ਲਏ ਤਖ਼ਤ ਹਜ਼ਾਰੇ,
ਬਲਖ ਬੁਖਾਰੇ, ਮਹਿਲ ਮੁਨਾਰੇ।
ਸਾਡੇ ਹਿੱਸੇ ਘੱਲੂਘਾਰੇ
ਕਾਲੇ ਤਾਰੇ, ਨੀਲੇ ਤਾਰੇ।
ਲੜ ਲੜ ਮਰ ਗਏ ਪਰ ਨੀ ਬਣਿਆ,
ਮੇਰੀ ਕੌਮ ਦਾ ਘਰ ਨੀ ਬਣਿਆ
ਮੇਰੀ ਕੌਮ ਦਾ ਘਰ ਨਹੀਂ ਬਣਿਆ।’

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com